# ਚਿਰਾਗ

ਅਕਤੂਬਰ-ਦਸੰਬਰ 2015

**October -December 2015**

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

# ਚਿਰਾਗ਼

ISSN 2349-3658



ਮੁੱਲ : 25/-   94   ਅਕਤੂਬਰ - ਦਸੰਬਰ 2015

ਸਾਹਿਤ, ਭਾਸ਼ਾ ਅਤੇ ਸਭਿਆਚਾਰ ਦਾ ਅੰਤਰਰਾਸ਼ਟਰੀ ਤ੍ਰੈਮਾਸਿਕ

CHIRAG is an International Quarterly of Literature, Language and Culture.

**ਚਿਰਾ.ਗ** (ਤਿਮਾਹੀ) **ISSN 2349-3658**

**ਸੰਪਾਦਕ ਹਰਭਜਨ ਸਿੰਘ ਹੁੰਦਲ**

ਸੰਪਾਦਕੀ ਮੰਡਲ- ਡਾ. ਕਰਮਜੀਤ ਸਿੰਘ,
ਲਾਲ ਸਿੰਘ, ਸੁਲੱਖਣ ਸਰਹੱਦੀ, ਜਰਨੈਲ ਸਿੰਘ ਟਰਾਂਟੋ,
ਪ੍ਰਤੀਨਿਧ- ਗਿਆਨ ਸਿੰਘ ਬਿਲਗਾ (ਯੂ.ਐਸ.ਏ.), ਨਵਤੇਜ ਸਿੰਘ (ਕੈਨੇਡਾ)

## ਤਤਕਰਾ

ਅਸਹਿਣਸ਼ੀਲ ਮਾਹੌਲ ਖ਼ਿਲਾ.ਫ਼ ਲੇਖਕਾਂ ਦੀ ਭੂਮਿਕਾ
ਡਾ.ਕਰਮਜੀਤ ਸਿੰਘ 1-4
ਤਲਾਸ਼ ਇੱਕ ਰਿਸ਼ੀ ਦੀ—ਹਰਭਜਨ ਸਿੰਘ ਹੁੰਦਲ 5-8
ਦੋ ਗ਼ਜ਼ਲਾਂ—ਕੁਲਦੀਪ ਸਲਿਲ 8
ਦੋ ਗ਼ਜ਼ਲਾਂ—ਸੁਰਿੰਦਰਪ੍ਰੀਤ ਘਣੀਆਂ 9-10
ਦੋ ਕਵਿਤਾਵਾਂ—ਅਰਤਿੰਦਰ ਸੰਧੂ 10-12
ਕਵਿਤਾ—ਯੋਧ ਸਿੰਘ 13-14
ਕਰਵਾਚੌਥ ਤੇ ਮੌਨ ਵਰਤ—ਹਰਦੀਪ ਬਿਰਦੀ 14
ਤਿੰਨ ਗ਼ਜ਼ਲਾਂ—ਹਾਂਸ 15-16
ਦੋ ਗ਼ਜ਼ਲਾਂ—ਮਨਜਿੰਦਰ ਸਿੰਘ ਧਨੋਆ 17-18
ਜਿਉਂਦਾ ਹੈ ਮੇਰਾ ਪੁੱਤ—ਅਤਰਜੀਤ 18-37
ਸਫ਼ਰਨਾਮਾ-ਮਿੱਤਰਾਂ ਦੀ ਜਿੱਤ—ਜਿੰਦਰ 38-46
ਵਾਹਗਿਓਂ ਪਾਰ ਦੀ ਪੰਜਾਬੀ ਕਹਾਣੀ
ਜੀ.ਸੀ.ਓ.ਜੀ.ਸੀ.(ਗੌਰਮਿੰਟ ਕਾਲਜ ਲਾਹੌਰ ਦੇ ਨਾਂ)
—ਅਫ਼ਜ਼ਲ ਤੌਸੀਫ਼, ਲਿੱਪੀਅੰਤਰ : ਹਰਭਜਨ ਸਿੰਘ ਹੁੰਦਲ 46-59
ਥੈਂਕ ਯੂ ਮੌਮ—ਪੰਮੀ ਦਿਵੇਦੀ 60-64
ਜਾਰਜ ਲੁਕਾਚ ਨੂੰ ਪੜ੍ਹਦਿਆਂ
—ਹਰਭਜਨ ਸਿੰਘ ਹੁੰਦਲ 65-70
ਗੀਤਾਂ ਵਿਚ ਢਲੇ ਸਦਮੇਂ : (ਮੇਰੇ ਗੀਤ, ਤੇਰੇ ਗੀਤ)
—ਡਾ. ਕੁਲਦੀਪ ਸਿੰਘ ਧੀਰ 71-76
ਸੁਖ਼ਮ ਅਹਿਸਾਸਾਂ ਦੀ ਸ਼ਾਇਰੀ :(ਭਰਿਆ ਹੈ ਮੇਰਾ ਅਸਮਾਨ) — ਡਾ. ਰਵਿੰਦਰ 76-77
ਇੱਕ ਟਿੱਪਣੀ ਸੁਹਿਰਦ ਤੇ ਅਲੋਕਾਰ ਕਵੀ ਗੁਰਦਿਆਲ
ਪੱਲ੍ਹਾ—ਹਰਭਜਨ ਸਿੰਘ ਹੁੰਦਲ 78-80

Postal Address:
Harbhajan Singh Hundal,
V.Fattu Chak,
P.O. Dhilwan
Distt. Kapurthala -144804
(Pb.) India
(M) **99150-42242**

ਚੰਦਿਆਂ ਦਾ ਵੇਰਵਾ

| | |
|---|---|
| ਦੇਸ਼ ਵਾਰਸ਼ਿਕ | : 100 ਰੁ. |
| ਇਕ ਪਰਚਾ | : 25 ਰੁ. |
| ਸੰਸਥਾਵਾਂ (ਵਾਰਸ਼ਿਕ) | : 120 ਰੁ. |
| ਯੂਰਪ | : 12 ਪੌਂਡ |
| ਅਮਰੀਕਾ | : 14 ਡਾਲਰ |
| ਕੈਨੇਡਾ | : 16 ਡਾਲਰ |

**Website : www.lokdharapanjabi.com, e-mail : kjskurukshetra@yahoo.com**

**ਚੰਦਾ ਸਿਰ.ਫ ਮਨੀ ਆਰਡਰ ਰਾਹੀਂ ਭੇਜਿਆ ਜਾਵੇ।**

ਚਿਰਾ.ਗ ਡਾਇਰੈਕਟਰ ਸਿੱਖਿਆ ਵਿਭਾਗ (ਸ) ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ. 4/1-96
ਐਡੀਟਰ (ਪੰ) ਮਿਤੀ 3-9-1096 ਦੇ ਅਨੁਸਾਰ ਹਾਈ /ਹਾਇਰ ਸੈਕੰਡਰੀ ਸਕੂਲਾਂ ਲਈ ਪ੍ਰਵਾਨ ਹੈ।

ਰਚਨਾ 'ਚ ਦਰਜ ਵਿਚਾਰਾਂ ਲਈ ਲੇਖਕ ਖੁਦ ਜ਼ਿੰਮੇਵਾਰ ਹੈ। ਕਿਸੇ ਕਿਸਮ ਦੀ ਅਦਾਲਤੀ ਕਾਰਵਾਈ ਸਿਰ.ਫ ਜਲੰਧਰ 'ਚ ਹੋ ਸਕਦੀ ਹੈ।

ਡਾ. ਅਨੂਪ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਛਾਬੜਾ ਕੰਪਿਊਟਰ ਅਤੇ ਪ੍ਰਿੰਟਰਜ਼
282-ਢੰਨ ਰੋਡ, ਜਲੰਧਰ (ਫੋਨ- 98142-73311) ਤੋਂ ਛਪਵਾ ਕੇ ਸ਼ਹੀਦ ਸਰਵਣ ਸਿੰਘ ਚੀਮਾ ਭਵਨ
352 /1 ਗੜ੍ਹਾ (ਜਲੰਧਰ) ਫੋਨ-0181-2483033 ਤੋਂ ਪ੍ਰਕਾਸ਼ਿਤ ਕੀਤਾ।

ਪ੍ਰਕਾਸ਼ਨ - 15 ਦਸੰਬਰ 2015

*ਸੰਪਾਦਕੀ*

# ਅਸਹਿਣਸ਼ੀਲ ਮਾਹੌਲ ਖ਼ਿਲਾ.ਫ਼ ਲੇਖਕਾਂ ਦੀ ਭੂਮਿਕਾ

*ਡਾ.ਕਰਮਜੀਤ ਸਿੰਘ*

ਆਰ ਐਸ ਐਸ ਦੇ ਰਾਜਨੀਤਕ ਵਿੰਗ ਬੀਜੇਪੀ ਦੀ ਸਰਕਾਰ ਬਣਦਿਆਂ ਹੀ ਉਹ ਕੁਝ ਵਾਪਰਨਾ ਸ਼ੁਰੂ ਹੋ ਗਿਆ ਜਿਸਦਾ ਸਿਆਣਿਆਂ ਨੂੰ ਅੰਦੇਸ਼ਾ ਸੀ। ਇਹ ਅੰਦੇਸ਼ਾ ਨਿਰਮੂਲ ਨਹੀਂ ਸੀ। ਆਰਥ ਐਸ਼ ਐਸ਼ ਦੀ ਵਿਚਾਰਧਾਰਾ ਹਿਦੂ ਹਿੰਦੀ ਹਿੰਦੁਸਤਾਨ ਵਿਚ ਹੀ ਉਸਦੇ ਫਾਸ਼ੀਵਾਦੀ ਹੋਣ ਦੇ, ਘੱਟ ਗਿਣਤੀਆਂ ਨੂੰ ਮਲੀਆਮੇਟ ਕਰਨ ਦੇ ਅਤੇ ਬਹੁ ਸਭਿਆਚਾਰਕ-ਬਹੁ ਭਾਸ਼ਾਈ ਸਮਾਜ ਨੂੰ ਤਬਾਹ ਕਰਨ ਦੇ ਮਨਸੂਬੇ ਛੁਪੇ ਹੋਏ ਹਨ। ਇਸ ਵਿਚਾਰਧਾਰਾ ਨੇ ਭਾਰਤੀ ਸਮਾਜ ਨੂੰ ਸੰਪ੍ਰਦਾਇਕ ਲੀਹਾਂ ਤੇ ਵੰਡਣ ਦਾ ਕੰਮ ਵੱਡੀ ਪੱਧਰ ਤੇ ਕੀਤਾ ਹੈ। ਵਾਜਪਾਈ ਸਰਕਾਰ ਦੇ ਪਹਿਲਾਂ ਰਹਿ ਚੁੱਕੇ 6 ਸਾਲ ਦੇ ਸ਼ਾਸਨ ਕਾਲ ਵਿਚ ਗੁਜਰਾਤ ਦੇ ਦੰਗੇ, ਨਿੱਤ ਦਿਨ ਸੰਵਿਧਾਨ ਸੋਧਣ ਦੀਆਂ ਟਾਹਰਾਂ, ਧਾਰਾ 370 ਖ਼ਤਮ ਕਰਨ ਦੇ ਨਾਹਰੇ, ਰਾਮ ਮੰਦਿਰ ਬਣਾਉਣ ਦੇ ਵਾਅਦੇ ਤੇ ਹਰ ਰੋਜ਼ ਦਿੱਤੇ ਵਿਵਾਦਤ ਬਿਆਨਾਂ ਨੇ ਪੂਰੇ ਦੇਸ਼ ਨੂੰ ਸੂਥਲ਼ੀ ਤੇ ਟੰਗੀ ਰੱਖਿਆ। ਲੇਖਕਾਂ ਤੇ ਬੁੱਧੀਜੀਵੀਆਂ ਨੂੰ ਇਹ ਸਭ ਕੁਝ ਕਲ੍ਹ ਵਾਂਗ ਯਾਦ ਸੀ। ਇਹ ਉਦੋਂ ਸੀ ਜਦੋਂ ਕਈ ਪਾਰਟੀਆਂ ਸਰਕਾਰ ਵਿਚ ਸ਼ਾਮਿਲ ਸਨ।

ਹੁਣ ਤਾਂ ਬਹੁਮਤ ਆਉਣ ਤੋਂ ਬਾਦ ਇਨ੍ਹਾਂ ਦੀ ਮਨਸ਼ਾ ਜ਼ਹਿਰ ਹੋਣੀ ਹੀ ਹੋਣੀ ਸੀ। ਭਾਵੇਂ ਅਜੇ ਵੀ ਇਕ ਅੜਿਕਾ ਬਰਕਰਾਰ ਹੈ-ਰਾਜ ਸਭਾ ਵਿਚ ਪੂਰਨ ਬਹੁਮਤ ਦਾ ਨਾ ਹੋਣਾ। ਫਿਰ ਵੀ ਲੀਡਰ ਤੇ ਕਾਰਜ ਕਰਤਾ ਆਪਣੀਆਂ ਮਨ ਮਾਨੀਆਂ ਤੇ ਉੱਤਰ ਆਏ। ਤਰਕਸ਼ੀਲ ਨਰਿੰਦਰ ਢਾਬੋਲਕਰ ਦਾ ਕਤਲ ਕੀਤਾ ਗਿਆ, ਗੋਵਿੰਦ ਪਾਂਸਾਰੇ ਅਤੇ ਉਸਦੀ ਪਤਨੀ ਨੂੰ ਸਰੀਰਕ ਤੌਰ ਤੇ ਖ਼ਤਮ ਕੀਤਾ ਗਿਆ। ਦਾਦਰੀ ਕਾਂਡ ਵਿਚ ਅਖ਼ਲਾਕ ਨੂੰ ਇਸ ਅਫ਼ਵਾਹ ਦੇ ਆਧਾਰ ਤੇ ਕੋਹ ਕੋਹ ਕੇ ਮਾਰਿਆ ਗਿਆ ਕਿ ਉਸਦੇ ਘਰ ਵਿਚ ਗਾਂ ਦਾ ਮਾਸ ਖਾਧਾ ਜਾ ਰਿਹਾ ਸੀ ਜਦ ਕਿ ਬਾਦ ਵਿਚ ਇਹ ਸਾਬਤ ਹੋ ਗਿਆ ਕਿ ਉਹ ਮਾਸ ਗਾਂ ਦਾ ਨਹੀਂ ਸੀ। ਕਿਹਾ ਗਿਆ ਕਿ ਇਹ ਘਟਨਾ ਯੂ ਪੀ ਵਿਚ ਹੋਈ ਹੈ, ਐਮਥ ਐਮਥ ਕਲਬੁਰਗੀ ਦਾ ਕਤਲ ਕਰਨਾਟਕ ਵਿਚ ਹੋਇਆ ਤੇ ਗੋਵਿੰਦ ਪਾਂਸਾਰੇ ਤੇ ਨਰਿੰਦਰ ਢਾਬੋਲਕਰ ਨਾਲ਼ ਸੰਬੰਧਿਤ ਦੁਖਾਂਤ ਮਹਾਂਰਾਸ਼ਟਰ ਵਿਚ ਕਿਸੇ ਹੋਰ ਪਾਰਟੀ ਦੀ ਸਰਕਾਰ ਅਧੀਨ ਹੋਇਆ। ਪਰ ਇਨ੍ਹਾਂ ਘਟਨਾਵਾਂ ਪਿੱਛੇ ਹਿੰਦੂ ਸੰਗਠਨਾਂ ਦਾ ਨਾਂ ਬੋਲਦਾ ਸੀ ਅਤੇ ਬੀਜੇਪੀ ਦੀਆਂ ਅੱਗ ਦੀਆਂ ਨਾਲ਼ਾਂ ਕਹੇ ਜਾਂਦੇ ਐਮਪੀਆਂ ਅਤੇ ਐਮਐਲਏਆਂ ਨੇ ਇਨ੍ਹਾਂ ਘਟਨਾਵਾਂ ਨੂੰ ਜਾਇਜ਼ ਠਹਿਰਾਇਆ। ਜਿਵੇਂ ਇਨ੍ਹਾਂ ਘਟਨਾਵਾਂ ਤੋਂ ਬਾਦ ਹੋਰ ਵਿਰੋਧ ਕਰ ਰਹੇ ਬੁੱਧੀਜੀਵੀਆਂ ਨੂੰ ਮਾਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ ਉਸਨੇ ਸਾਰੇ ਦੇਸ਼ ਦੇ ਬੁੱਧੀਜੀਵੀ ਵਰਗ ਨੂੰ ਵਿਸ਼ੇਸ਼ ਤੌਰ ਤੇ ਲੇਖਕਾਂ ਨੂੰ ਚਿੰਤਾ ਵਿਚ ਪਾ ਦਿੱਤਾ।

ਸਿੱਧਾ ਸਿੱਧਾ ਇਹ ਬੋਲਣ ਦੀ ਆਜ਼ਾਦੀ ਉਪਰ ਸੰਪ੍ਰਦਾਇਕ ਫਾਸ਼ੀਵਾਦੀ ਹਮਲਾ ਸੀ ਜਿਸਨੇ ਲੇਖਕਾਂ ਨੂੰ ਕੁਝ ਕਰਨ ਲਈ ਹਲੂਣਿਆਂ। ਉਦੈ ਪ੍ਰਕਾਸ਼, ਨੈਨਤਾਰਾ ਸਹਿਗਲ, ਸਾਰਾ ਜੋਸਫ਼ ਅਸ਼ੋਕ ਵਾਜਪਾਈ ਅਤੇ ਰਹਿਮਾਨ ਅਬੱਾਸ ਆਦਿ ਲੇਖਕਾਂ ਨੇ ਆਪਣੇ ਸਾਹਿਤ ਅਕੈਡਮੀ ਦੇ ਸਨਮਾਨ ਵਾਪਿਸ ਕਰਨ ਦਾ ਐਲਾਨ ਕਰ ਦਿੱਤਾ। ਕੁਝ ਸੱਤਾ ਪੱਖੀ ਲੇਖਕਾਂ ਨੇ ਇਸ ਦਾ ਵਿਰੋਧ ਵੀ ਕੀਤਾ ਪਰ ਤਦ ਨੂੰ 10 ਫਿਲਮਕਾਰਾਂ ਨੇ ਵੀ ਆਪਣੇ ਸਨਮਾਨ ਵਾਪਿਸ ਕਰ ਦਿੱਤੇ। ਇਨ੍ਹਾਂ ਸਾਹਿਤਕਾਰਾਂ ਅਤੇ ਫਿਲਮਕਾਰਾਂ ਦੇ ਵਿਰੋਧ ਵਿਚ ਸਰਕਾਰ ਦੇ ਕੇਂਦਰੀ ਮੰਤਰੀਆਂ ਅਰੁਣ

ਜੇਟਲੀ, ਰਾਜਨਾਥ ਸਿੰਘ, ਅਦਿੱਤਯ ਨਾਥ ਯੋਗੀ, ਸਾਕਸ਼ੀ ਮਹਾਰਾਜ, ਪ੍ਰਾਚੀ ਆਦਿ ਸਾਧਵੀਆਂ ਅਤੇ ਆਰਥ ਐਸ਼ ਐਸ਼ ਅਤੇ ਬੀਜੇਪੀ ਦੇ ਪ੍ਰਵਕਤਾਵਾਂ ਨੇ ਰਾਸ਼ਟਰੀ ਚੈਨਲਾਂ ਤੇ ਵਿਰੋਧ ਦੀ ਹਨੇਰੀ ਲਿਆ ਦਿੱਤੀ। ਲੇਖਕਾਂ ਦੇ ਵਿਰੋਧ ਨੂੰ ਮਸਨੂਈ, ਪੂਰਵ ਨਿਰਧਾਰਿਤ, ਸਟਰਕਚਰਡ ਅਤੇ ਹਰਾਸ ਵਿਚੋਂ ਪੈਦਾ ਹੋਏ ਵਿਰੋਧ ਦਾ ਨਾਂ ਦਿੱਤਾ ਗਿਆ। ਇਹ ਸਿੱਧ ਕਰਨ ਦਾ ਯਤਨ ਕੀਤਾ ਗਿਆ ਕਿ ਇਸ ਵਿਰੋਧ ਪਿੱਛੇ ਮਾਰਕਸਵਾਦੀ ਤੇ ਕਾਂਗਰਸੀ ਲੇਖਕ ਹਨ ਜਦ ਕਿ ਇਹ ਸਾਰੀ ਗੱਲ ਸੱਚ ਨਹੀਂ ਸੀ। ਪੰਜਾਬ ਦੇ ਲੇਖਕਾਂ ਦੇ ਸੰਧਰਭ ਵਿਚ ਤਾਂ ਬਿਲਕੁਲ ਹੀ ਨਹੀਂ। ਕਮਿਊਨਿਸਟ ਪਾਰਟੀਆਂ, ਕਾਂਗਰਸ ਅਤੇ ਸਾਰੀ ਵਿਰੋਧੀ ਧਿਰ ਲੇਖਕਾਂ, ਕਲਾਕਾਰਾਂ, ਵਿਗਿਆਨੀਆਂ, ਬੁੱਧੀਜੀਵੀਆ ਅਤੇ ਇਤਿਹਾਸਕਾਰਾਂ ਦੇ ਪੱਖ ਵਿਚ ਆ ਖਲੋਤੀ। ਰਾਜਨੀਤਕ ਪਾਰਟੀਆਂ ਦੇ ਆਪਣੇ ਹਿੱਤ ਹੁੰਦੇ ਹਨ ਪਰ ਲੇਖਕਾਂ ਦਾ ਪੱਖ ਇਸ ਨਾਲ਼ ਮਜ਼ਬੂਤ ਹੋਇਆ।

ਜਦੋਂ ਸ਼ਾਹਰੁਖ ਖ਼ਾਨ ਅਤੇ ਆਮਿਰ ਖ਼ਾਨ ਨੇ ਲੇਖਕਾਂ ਵਲੋਂ ਅਸਿਹਣਸ਼ੀਲਤਾ ਦੇ ਲਾਏ ਦੋਸ਼ਾਂ ਨਾਲ਼ ਸਹਿਮਤੀ ਪ੍ਰਗਟਾਈ ਤਾਂ ਇਕ ਬਾਰ ਤਾਂ ਸਾਰੀ ਆਰਥ ਐਸ਼ ਐਸ਼ ਅਤੇ ਬੀਜੇਪੀ ਉਨ੍ਹਾਂ ਨੂੰ ਟੁੱਟ ਕੇ ਪੈ ਗਈ। ਘੱਟ ਗਿਣਤੀਆਂ ਉਪਰ ਪੂਰੀ ਭੜਾਸ ਕੱਢੀ ਗਈ। ਕਿਹਾ ਗਿਆ ਕਿ ਇਹ ਖਾਂਦੇ ਭਾਰਤ ਦਾ ਹਨ ਤੇ ਗੁਣ ਪਾਕਿਸਤਾਨ ਦਾ ਗਾਉਂਦੇ ਹਨ। ਇਨ੍ਹਾਂ ਨੂੰ ਪਾਕਿਸਤਾਨ ਭੇਜ ਦੇਣਾ ਚਾਹੀਦਾ ਹੈ ਆਦਿ ਆਦਿ। ਆਮਿਰ ਖ਼ਾਨ ਨੇ ਕਿਹਾ ਇੰਨਾ ਹੀ ਸੀ ਕਿ ਬੀਜੇਪੀ ਵਲੋਂ ਸਿਰਜੇ ਜਾ ਰਹੇ ਅਸਹਿਣਸ਼ੀਲ ਮਾਹੌਲ ਵਿਚ ਲੋਕ ਘਰਾਂ ਵਿਚ ਇਹ ਸੋਚਣ ਲਈ ਮਜਬੂਰ ਹੋ ਰਹੇ ਹਨ ਕਿ ਇਹ ਦੇਸ਼ ਹੁਣ ਘੱਟ ਗਿਣਤੀਆਂ ਦੇ ਰਹਿਣ ਲਾਇਕ ਬਚੇਗਾ ਵੀ ਕਿ ਨਹੀਂ। ਆਮਿਰ ਦੀ ਪਤਨੀ ਉਪਰ ਚਿੱਕੜ ਉਛਾਲ਼ਿਆ ਗਿਆ ਪਰ ਅਜਿਹੇ ਘਟੀਆ ਹਮਲਿਆਂ ਦੇ ਬਾਵਜੂਦ ਆਮਿਰ ਨੇ ਸੰਪ੍ਰਦਾਇਕ ਤੱਤਾਂ ਸਾਹਮਣੇ ਹਥਿਆਰ ਨਹੀਂ ਸੁੱਟੇ ਤੇ ਨਾ ਹੀ ਉਨ੍ਹਾਂ ਦੇ ਕਹਿਣ ਤੇ ਮੁਆਫ਼ੀ ਹੀ ਮੰਗੀ। ਅਜਿਹੇ ਘਟੀਆ ਕਿਸਮ ਦੇ ਹਮਲਿਆਂ ਨੇ ਲੇਖਕਾਂ ਨੂੰ ਚੁੱਪ ਨਹੀਂ ਹੋਣ ਦਿੱਤਾ ਸਗੋਂ ਇਸ ਕੂੜ ਪ੍ਰਚਾਰ ਤੋਂ ਅਗਲੇ ਹੀ ਦਿਨ ਕੁੰਦਨ ਸ਼ਾਹ, ਅਰੁੰਧਤੀ ਰਾਇ, ਦਿਵਾਕਰ ਬੈਨਰਜੀ, ਆਨੰਦ ਪਟਵਰਧਨ, ਹਰੀ ਨਾਇਰ, ਕਿਰਤੀ ਨਕਵਾ ਅਤੇ ਹਰਸ਼ ਕੁਲਕਰਣੀ ਜਿਹੇ ਸਥਾਪਿਤ ਫਿਲਮਕਾਰਾਂ ਸਮੇਤ ਚੌਵੀ ਫਿਲਮਕਾਰਾਂ ਨੇ ਸਨਮਾਨ ਸਰਕਾਰ ਸਾਹਵੇਂ ਜਾ ਰੱਖੇ। ਕੁੱਲ 75 ਦੇ ਕਰੀਬ ਸਾਹਿਤਕਾਰਾਂ, ਫਿਲਮਕਾਰਾਂ, ਵਿਗਿਆਨੀਆਂ ਅਤੇ ਇਤਿਹਾਸਕਾਰਾਂ ਨੇ ਸਾਹਿਤ ਅਕਾਡਮੀ ਤੇ ਸਰਕਾਰ ਨੂੰ ਆਇਨਾ ਦਿਖਾਇਆ। ਸਾਹਿਤ ਅਕੈਡਮੀ ਦੀ ਜਨਰਲ ਕੌਂਸਲ ਤੋਂ ਕਈ ਸਾਹਿਤਕਾਰਾਂ ਨੇ ਅਸਤੀਫ਼ੇ ਦੇ ਦਿੱਤੇ। ਕੁਝ ਨੇ ਪਦਮ ਭੂਸ਼ਣ ਤੇ ਪਦਮ ਸ਼੍ਰੀ ਵੀ ਰਾਸ਼ਟਰਪਤੀ ਨੂੰ ਭੇਜ ਦਿੱਤੇ।

ਪੰਜਾਬੀ ਲੇਖਕਾਂ ਵਿਚੋਂ ਗੁਰਬਚਨ ਭੁੱਲਰ ਨੇ ਸਨਮਾਨ ਵਾਪਿਸ ਕਰਨ ਦੀ ਪਹਿਲ ਕੀਤੀ। ਉਸਤੋਂ ਬਾਦ ਸੁਰਜੀਤ ਪਾਤਰ, ਦਰਸ਼ਨ ਬੁੱਟਰ, ਬਲਦੇਵ ਸੜਕਨਾਮਾ, ਜਸਵਿੰਦਰ ਗਲਜ਼ਗੋ, ਵਰਿਆਮ ਸੰਧੂ, ਮੋਹਨ ਭੰਡਾਰੀ, ਅਜਮੇਰ ਔਲਖ, ਤੇ ਆਤਮਜੀਤ ਨੇ ਸਾਹਿਤ ਅਕੈਡਮੀ ਦੇ ਸਨਮਾਨ ਵਾਪਿਸ ਕੀਤੇ ਅਤੇ ਦਲੀਪ ਕੌਰ ਟਿਵਾਣਾ ਨੇ ਪਦਮ ਸ਼੍ਰੀ ਸਨਮਾਨ ਵਾਪਿਸ ਕਰ ਦਿੱਤਾ। ਕਿਸੇ ਵੀ ਹੋਰ ਭਾਰਤੀ ਸੂਬੇ ਤੋਂ ਵਧੇਰੇ ਪੰਜਾਬ ਦੇ ਲੇਖਕਾਂ ਨੇ ਸਨਮਾਨ ਵਾਪਸੀ ਵਿਚ ਆਪਣਾ ਹਿੱਸਾ ਪਾਇਆ। ਇਸ ਸੰਦਰਭ ਵਿਚ ਇਕ ਸੁਆਲ ਉਠਾਇਆ ਗਿਆ ਕਿ ਸਾਹਿਤ ਅਕੈਡਮੀ ਸੁਤੰਤਰ ਅਦਾਰਾ ਹੈ ਇਸ ਲਈ ਇਸਦਾ ਰਾਜਨੀਤੀਕਰਣ ਨਹੀਂ ਹੋਣਾ ਚਾਹੀਦਾ ਪਰ ਇਸ ਸੁਤੰਤਰ ਅਦਾਰੇ ਨੇ ਆਪਣੀ ਵਲੋਂ ਸਨਮਾਨਿਤ, ਕੌਂਸਲ ਦੇ ਮੈਂਬਰ ਅਤੇ ਪੂਰਵ ਕੁਲਪਤੀ ਐਮਥ ਐਮਥ ਕੁਲਬਰਗੀ ਦੇ ਕਤਲ ਤੇ ਸੋਗ ਦਾ ਮਤਾ ਵੀ ਪਾਸ ਨਾ ਕੀਤਾ। ਜਦੋਂ ਜ਼ੋਰਦਾਰ ਮੰਗ



ਉੱਠੀ ਤਾਂ ਡਾਇਰੈਕਟਰ ਨੇ ਸਾਹਿਤ ਅਕੈਡਮੀ ਦੀ ਕੌਂਸਲ ਦੀ ਮੀਟਿੰਗ ਬੁਲਾ ਕੇ ਸ਼ੋਕ ਮਤਾ ਪਾਸ ਕਰਵਾਇਆ ਅਤੇ ਅਸਿਹਣਸ਼ੀਲਤਾ ਦੀ ਨਿੰਦਿਆ ਵੀ ਕੀਤੀ ਗਈ। ਮੀਟਿੰਗ ਵਾਲੇ ਦਿਨ ਲੇਖਕਾਂ ਨੇ ਸਾਮੂਹਿਕ ਰੂਪ ਵਿਚ ਸਨਮਾਨ ਵਾਪਸ ਕਰਨ ਲਈ ਪ੍ਰਦਰਸ਼ਨ ਕੀਤਾ। ਵਿਰੋਧ ਵਿਚ ਕੁਝ ਸੱਤਾ ਦੇ ਸਮਰਥੱਕ ਲੇਖਕਾਂ ਨੇ ਸਨਮਾਨ ਮੋੜਨ ਵਾਲਿਆਂ ਵਿਰੁੱਧ ਨਾਅਰੇਬਾਜ਼ੀ ਵੀ ਕੀਤੀ। ਆਰਥ ਐਸ ਐਸ ਦੇ ਇਕ ਬੁਲਾਰੇ ਨੇ ਸਨਮਾਨ ਵਾਪਿਸ ਕਰਨ ਵਾਲ਼ੇ ਲੇਖਕਾਂ ਨੂੰ ਗੈਂਗ ਤਕ ਕਹਿ ਦਿੱਤਾ। ਗੈਂਗ ਅਪਰਾਧੀਆਂ ਦੇ ਹੁੰਦੇ ਹਨ, ਲੇਖਕਾਂ ਦੀਆ ਜੱਥੇਬੰਦੀਆ ਹੁੰਦੀਆ ਹਨ।

ਲੇਖਕਾਂ ਨੂੰ ਗੁੱਠੇ ਲਾਉਣ ਲਈ ਇਹ ਕਿਹਾ ਗਿਆ ਕਿ ਇਨ੍ਹਾਂ ਨੇ ਐਮਰਜੈਂਸੀ ਵੇਲੇ ਜਾਂ 1984 ਵਿਚ ਸਨਮਾਨ ਵਾਪਿਸ ਕਿਉਂ ਨਾ ਕੀਤੇ ? ਪਹਿਲੀ ਗੱਲ ਯਾਦ ਰੱਖਣ ਵਾਲ਼ੀ ਇਹਾ ਹੈ ਕਿ ਹਰ ਸਮੇਂ ਵਿਰੋਧ ਦਾ ਢੰਗ ਇਕੋ ਜਿਹਾ ਨਹੀਂ ਹੁੰਦਾ। ਜੇ ਅੱਜ ਸਨਮਾਨ ਮੋੜੇ ਗਏ ਹਨ ਤਾਂ ਕਲ੍ਹ ਨੂੰ ਮਰਨ ਵਰਤ ਵੀ ਰੱਖੇ ਜਾ ਸਕਦੇ ਹਨ। ਐਮਰਜੈਂਸੀ ਵੇਲੇ ਕਾਂਗਰਸ ਅਤੇ ਇਕ ਖੱਬੀ ਧਿਰ ਨੂੰ ਛੱਡ ਕੇ ਸਾਰੀ ਵਿਰੋਧੀ ਧਿਰ ਜੇਲ੍ਹਾਂ ਵਿਚ ਬੰਦ ਕੀਤੀ ਗਈ। ਇਨ੍ਹਾਂ ਧਿਰਾਂ ਨਾਲ਼ ਜੁੜੇ ਅਤੇ ਐਮਰਜੈਂਸੀ ਦਾ ਵਿਰੋਧ ਕਰਨ ਵਾਲ਼ੇ ਲੇਖਕਾਂ ਨੂੰ ਵੀ ਜੇਲ੍ਹਾਂ ਵਿਚ ਜਾਣਾ ਪਿਆ। ਇੱਥੇ ਉਦਾਹਰਣ ਹਿੰਦੀ ਲੇਖਕ ਨਾਗਾਰਜੁਨ ਅਤੇ ਫਣੀਸ਼ਵਰ ਨਾਥ ਰੈਣੂ ਅਤੇ ਪੰਜਾਬੀ ਦੇ ਲੇਖਕਾਂ ਹਰਭਜਨ ਸਿੰਘ ਹੁੰਦਲ਼ ਅਤੇ ਗੁਰਸ਼ਰਨ ਸਿੰਘ ਦੀ ਦਿੱਤੀ ਜਾ ਸਕਦੀ ਹੈ ਜਿਨ੍ਹਾਂ ਦੀਆ ਰਚਨਾਵਾਂ ਦੇ ਅਰਥ ਸਿਪਾਹੀ ਕਰਦੇ ਰਹੇ ਹਨ।

ਹੁਣ ਗੱਲ ਅਤਿਵਾਦ ਦੇ ਦੌਰ ਦੀ। ਦਰਬਾਰ ਸਾਹਿਬ ਉਪਰ ਬਲਿਊ ਸਟਾਰ ਦੇ ਆਰ ਪਾਰ ਪੰਜਾਬ ਦਾ ਕਾਲ਼ਾ ਦੌਰ ਫੈਲਿਆ ਹੋਇਆ ਹੈ। ਸਰਕਾਰੀ ਤੰਤਰ ਅਤੇ ਅਤਿਵਾਦ ਵਿਚ ਪਿਸਦੇ ਪੰਜਾਬ ਦੌਰਾਨ ਪੰਜਾਬੀ ਲੇਖਕ ਦੋਨਾਂ ਤਰ੍ਹਾਂ ਦੇ ਨਰ ਸੰਘਾਰ ਨੂੰ ਨਿੰਦਦਾ ਹੈ। ਲੇਖਕ ਦੋਨਾਂ ਦੇ ਨਿਸ਼ਾਨੇ ਉਪਰ ਹੈ। ਡਾਥ ਰਵਿੰਦਰ ਰਵੀ, ਵਿਸ਼ਵਨਾਥ ਤਿਵਾੜੀ, ਪਾਸ਼, ਪੱਡਾ ਅਤੇ ਸੁਮੀਤ ਵਰਗੇ ਉੱਚ ਕੱਦ ਦੇ ਲੇਖਕਾਂ ਨੂੰ ਅਤਿਵਾਦੀਆਂ ਦੀਆਂ ਗੋਲ਼ੀਆ ਦਾ ਸ਼ਿਕਾਰ ਹੋਣਾ ਪਿਆ। ਇਸ ਦੌਰ ਵਿਚ ਲੇਖਕਾਂ ਨੇ ਜਾਨਾਂ ਵਾਰੀਆਂ, ਮਾਣ ਸਨਮਾਨ ਤਾਂ ਬਹੁਤ ਉਰੇ ਦੀ ਚੀਜ਼ ਹੈ। ਇਕ ਪਾਸੜੀ ਸੋਚ ਵਾਲ਼ੇ ਇਸ ਦੌਰ ਨੂੰ ਓਪਰੇਸ਼ਨ ਬਲੀਊ ਸਟਾਰ ਜਾਂ ਦਿੱਲੀ ਦੇ ਕਤਲਿਆਮ ਤੱਕ ਘਟਾ ਕੇ ਰੱਖ ਦਿੰਦੇ ਹਨ। ਲੇਖਕਾਂ ਨੇ ਖ਼ਾਸ ਤੌਰ ਤੇ ਜਿਨ੍ਹਾਂ ਨੇ ਦਿੱਲੀ ਦਾ ਸਭ ਕੁਝ ਦੇਖਿਆ ਉਸਨੂੰ ਨਿੰਦਿਆ। ਰਾਜੀਵ ਗਾਂਧੀ ਦੀ ਇਸ ਟਿੱਪਣੀ ਨੂੰ ਪੰਜਾਬੀ ਲੇਖਕਾਂ ਨੇ ਜਿਨਾਂ ਨਿੰਦਿਆ ਅਤੇ ਵਿਅੰਗ ਦਾ ਸ਼ਿਕਾਰ ਬਣਾਇਆ ਓਨਾ ਸ਼ਾ+ਦਿ ਹੋਰ ਕਿਸੇ ਟਿੱਪਣੀ ਨੂੰ ਨਹੀਂ ਕਿ ਜਦੋਂ ਇਕ ਵੱਡਾ ਦਰਖ਼ਤ ਗਿਰਦਾ ਹੈ ਤਾਂ ਧਰਤੀ ਹਿੱਲਦੀ ਹੈ। ਅੱਜ ਵੀ ਉਨ੍ਹਾਂ ਦਿਨਾਂ ਦਾ ਕਾਲ਼ਾ ਸਾਇਆ ਪੰਜਾਬੀ ਸਾਹਿਤ ਉਪਰ ਪੈ ਰਿਹਾ ਹੈ। ਜਿੰਨੀ ਬੋਲਣਥ ਖਾਣਥ ਪਹਿਨਣ ਦੀ ਆਜ਼ਾਦੀ ਅੱਜ ਖ਼ਤਰੇ ਵਿਚ ਹੈ ਓਨੀ ਹੀ ਕਾਲ਼ੇ ਦੌਰ ਵਿਚ ਸੀ। ਖਾਲਿਸਤਾਨੀ ਕੋਡ-ਕੁੜੀਆਂ ਨੇ ਕੀ ਪਾਉਣਾ ਹੈ, ਦਾੜ੍ਹੀ ਬੰਨਣੀ ਹੈ ਕਿ ਖੁਲ੍ਹੀ ਛੱਡਣੀ ਹੈ, ਕੀ ਲਿਖਣਾ ਹੈ ਆਏ ਰੋਜ਼ ਜਾਰੀ ਕੀਤੇ ਜਾਂਦੇ ਸਨ। ਅਜਿਹੇ ਗਰੁੱਪ ਬਣਾਏ ਗਏ ਜੋ ਲਿਖਾਰੀਆਂ ਦੀਆਂ ਲਿਖਤਾਂ ਉਪਰ ਨਜ਼ਰ ਰੱਖਦੇ ਸਨ ਕਿ ਸਮਾਂ ਆਉਣ ਤੇ ਉਨ੍ਹਾਂ ਨੂੰ ਸੋਧਿਆ ਜਾ ਸਕੇ। ਉਨ੍ਹਾਂ ਵਲੋਂ ਇਨ੍ਹਾਂ ਆਦੇਸ਼ਾਂ ਕਾਰਣ ਹੀ ਕਈ ਪੰਜਾਬੀ ਲੇਖਕ ਹਿੱਟ ਲਿਸਟ ਤੇ ਸਨ। ਫਿਰ ਵੀ ਸਿੱਧੇ ਜਾਂ ਲੁਕਵੇਂ ਢੰਗ ਨਾਲ਼ ਲੇਖਕ ਲਿਖਦਾ ਰਿਹਾ ਬੋਲਦਾ ਰਿਹਾ।

ਪੰਜਾਬ ਦੇ ਅਤਿਵਾਦੀਆ ਵਾਂਗ ਬੀਜੇਪੀ ਤੇ ਆਰਥ ਐਸ਼ ਐਸ਼ ਦੇ ਬੁਲਾਰਿਆਂ ਨੇ ਵੀ

ਹਮਲਾਵਰ ਰੁਖ਼ ਅਪਣਾ ਕੇ ਤਰਕ ਨੂੰ ਚੁੱਪ ਕਰਵਾਉਣ ਦੀ ਪੂਰੀ ਵਾਹ ਲਾਈ। ਪਰ ਲੇਖਕਾਂ ਨੇ ਸਨਮਾਨ ਵਾਪਿਸ ਕਰਦਿਆਂ ਖਾਣ-ਪੀਣ, ਪਹਿਨਣ, ਬੋਲਣ ਅਤੇ ਨਿੱਜੀ ਪਿਆਰ ਕਰਨ ਦੀ ਆਜ਼ਾਦੀ ਉਪਰ ਪਹਿਰਾ ਦਿੱਤਾ। ਵਿਰੋਧੀਆ ਵਿਚੋਂ ਅਨੂਪਮ ਖੇਰ ਲੇਖਕਾਂ ਨੂੰ ਲਤਾੜਣ ਲਈ ਸਭ ਤੋਂ ਅੱਗੇ ਰਿਹਾ। ਜਦੋਂ ਉਸਨੇ ਚਾਰ ਪੰਜ ਲੇਖਕਾਂ ਅਤੇ ਆਰਥ ਐਸ਼ ਐਸ਼ ਦੀ ਸੈਨਾ ਨਾਲ਼ ਪ੍ਰਧਾਨ ਮੰਤਰੀ ਵਲ ਕੂਚ ਕੀਤਾ ਤਾਂ ਉਸਦੇ ਕਾਫ਼ਲੇ ਵਿਚ ਭਾਰਤ ਮਾਤਾ ਦੇ ਜੈ ਦੇ ਨਾਅਰੇ ਲੱਗ ਰਹੇ ਸਨ। ਹੁੱਲੜਬਾਜ਼ਾਂ ਨੇ ਪੱਤਰਕਾਰਾਂ ਨਾਲ਼ ਬਦਤਮੀਜ਼ੀ ਕੀਤੀ ਜਿਸ ਤੇ ਖੇਰ ਨੂੰ ਮੁਆਫ਼ੀ ਮੰਗਣੀ ਪਈ। ਪ੍ਰਧਾਨ ਮੰਤਰੀ ਨੂੰ ਮਿਲ਼ ਕੇ ਉਸਨੇ ਕੀ ਗੱਲ ਬਾਤ ਕੀਤੀ ਇਹ ਅਤੇ ਤਕ ਰਹੱਸ ਹੀ ਹੈ।

ਲੇਖਕਾਂ ਦੇ ਹੱਕ ਵਿਚ ਤਿੰਨ ਬਾਰ ਅਸਿੱਧੇ ਢੰਗ ਨਾਲ਼ ਰਾਸ਼ਟਰਪਤੀ ਪ੍ਰਣਵ ਮੁਕਰਜੀ ਨੂੰ ਬੋਲਣਾ ਪਿਆ। 150 ਦੇਸ਼ਾਂ ਦੇ ਲੇਖਕਾਂ ਦੀ ਸੰਸਥਾ ਪੈੱਨ (ਫਓਂ) ਇਨ੍ਹਾਂ ਲੇਖਕਾਂ ਦੇ ਹੱਕ ਵਿਚ ਆਈ। ਗੁਲਜ਼ਾਰ, ਕੁਲਦੀਪ ਨਈਅਰ ਨੇ ਸਖ਼ਤ ਵਿਰੋਧ ਦੇ ਬਾਵਜੂਦ ਆਪਣਾ ਪੱਖ ਰੱਖਣਾ ਜਾਰੀ ਰੱਖਿਆ। ਪ੍ਰਿੰਟ ਮੀਡੀਆ ਅਤੇ ਕੁਝ ਚੈਨਲਾਂ ਨੇ ਵੀ ਲੇਖਕਾਂ ਨੂੰ ਬਣਦੀ ਆਵਾਜ਼ ਦਿੱਤੀ। ਭਾਵੇਂ ਨਿਰਪੱਖਤਾ ਦੇ ਨਾਂ ਤੇ ਵਿਰੋਧੀ ਹਮਲਿਆ ਨੂੰ ਵੀ ਉਤਸ਼ਾਹਿਤ ਕੀਤਾ। ਆਰਥ ਬੀਥ ਆਈਥ ਦੇ ਗਵਰਨਰ ਅਤੇ ਅੰਤਰਰਾਸ਼ਟਰੀ ਸੰਸਥਾ ਮੂਡੀ ਨੇ ਵੀ ਸਰਕਾਰ ਨੂੰ ਅਸਹਿਣਸ਼ੀਲ ਮਾਹੌਲ ਦੇ ਭੈੜੇ ਨਤੀਜਿਆਂ ਪ੍ਰਤਿ ਸੁਚੇਤ ਕੀਤਾ। ਇਨਾਮ ਸਨਮਾਨ ਵਾਪਸੀ ਤੋਂ ਬਾਦ ਵੀ ਲੇਖਕ ਚੁੱਪ ਨਹੀਂ ਬੈਠੇ। ਉਨ੍ਹਾਂ ਨੇ ਆਪਣੇ ਅਖ਼ਬਾਰੀ ਲੇਖਾਂ ਰਾਹੀਂ, ਸਾਹਿਤ ਸਭਾਵਾਂ ਦੇ ਸੈਮੀਨਾਰਾਂ ਵਿਚ ਆਪਣਾ ਪੱਖ ਰੱਖ ਕੇ ਹੋਰਨਾਂ ਨੂੰ ਚੇਤੰਨ ਕਰਨ ਦਾ ਕੰਮ ਜਾਰੀ ਰੱਖਿਆ ਹੈ। ਕੇਂਦਰੀ ਸਭਾਵਾਂ ਤੇ ਅਕੈਡਮੀਆਂ ਲਗਾਤਾਰ ਆਪਣਾ ਪੱਖ ਰੱਖ ਰਹੀਆ ਹਨ। ਜਲੰਧਰ (ਦੋ ਸੈਮੀਨਾਰ), ਨੂਰ ਮਹਿਲ, ਗੁਰਦਾਸਪੁਰ, ਬਠਿੰਡਾ, ਜੰਮੂ ਤੇ ਹੋਰ ਥਾਵਾਂ ਦੀਆਂ ਸਾਹਿਤ ਸਭਾਵਾਂ ਨੇ ਕੇਂਦਰੀ ਸਭਾ ਨਾਲ਼ ਮਿਲ਼ ਕੇ ਸਨਮਾਨ ਵਾਪਿਸ ਕਰਨ ਵਾਲ਼ੇ ਲੇਖਕਾਂ ਦਾ ਭਰਪੂਰ ਸਮਰਥੱਨ ਕੀਤਾ। ਦੇਸ਼ ਪੱਧਰ ਤੇ ਬਣੀ ਅਸਿਹਿਣਸ਼ੀਲਤਾ ਪੰਜਾਬ ਵਿਚ ਵੀ ਕਿਵੇਂ ਪੈਰ ਪਸਾਰ ਰਹੀ ਹੈ ਇਸ ਨੂੰ ਸਮਝਣ ਦਾ ਵੀ ਯਤਨ ਹੋ ਰਿਹਾ ਹੈ। ਗੱਲ ਕੀ ਸਮੁੱਚਾ ਪੰਜਾਬੀ ਲੇਖਕ ਭਾਈਚਾਰਾ ਇਕ ਮੁੱਠ ਦਿਖਾਈ ਦਿੱਤਾ। ਛੋਟੇ ਛੋਟੇ ਕਿੰਤੂ ਪ੍ਰੰਤੂ ਵੀ ਹੋਏ ਪਰ ਉਨਹਾਂ ਵਲ ਵਧਰੇ ਧਿਆਨ ਨਹੀਂ ਦਿੱਤਾ ਗਿਆ। ਲੇਖਕਾਂ ਦੇ ਦਬਾਅ ਅਤੇ ਤਿੱਖੇ ਰਾਜਨੀਤਕ ਵਿਰੋਧ ਦੇ ਚਲਦੇ ਇਹ ਮੁੱਦਾ ਪਾਰਲੀਮੈਂਟ ਤਕ ਪਹੁੰਚਾ ਗਿਆ। ਵਿਰੋਧੀ ਪੱਖ ਨੇ ਸੱਤਾ ਪੱਖ ਨੂੰ ਪੂਰੀ ਤਰ੍ਹਾਂ ਬੇਪਰਦ ਕੀਤਾ। ਪਰ ਹਾਲੇ ਵੀ ਸੱਤਾ ਪੱਖ ਉਪਰੋਂ ਉਪਰੋਂ ਇਸ ਮੁੱਦੇ ਨੂੰ ਬਨਾਵਟੀ ਹੀ ਮੰਨਦਾ ਹੈ। ਲੇਕਿਨ ਇਸ ਬਹਿਸ ਤੋਂ ਬਾਦ ਉਨ੍ਹਾਂ ਸਾਰੇ ਫਾਇਰ ਬਰਾਂਡ ਨੇਤਾਵਾਂ ਅਤੇ ਸਾਧਵੀਆਂ ਨੂੰ ਨੱਥ ਪਾਈ ਗਈ ਜੋ ਹਰ ਦਿਨ ਇਸ ਮਾਹੌਲ ਨੂੰ ਡਰਾਉਣੇ ਤੋਂ ਡਰਾਉਣਾ ਬਣਾ ਰਹੇ ਸਨ। ਪਰ ਹੁਣ ਆਰਥ ਐਸ਼ ਐਸ਼ ਅਤੇ ਉਸਦੇ ਰਹਿ ਚੁੱਕੇ ਪ੍ਰਚਾਰਕ ਗਵਰਨਰ ਪੁੱਠੇ ਬਿਆਨ ਦੇਣ ਲੱਗੇ ਹਨ ਜਿਵੇਂ ਤ੍ਰਿਪੁਰਾ ਦਾ ਗਵਰਨਰ ਕਹਿੰਦਾ ਹੈ ਕਿ ਮੁਲਮਾਨਾਂ ਨੂੰ ਸੂਰ ਦਾ ਮਾਸ ਖਾਣਾ ਚਾਹੀਦਾ ਹੈ। ਆਰ ਐਸ ਨੇ ਹੁਣ ਬਾਰ ਬਾਰ ਰਾਮ ਮੰਦਿਰ ਦਾ ਮੁੱਦਾ ਉਭਾਰਨਾ ਸ਼ੁਰੂ ਕਰ ਦਿੱਤਾ ਹੈ। ਸਪੱਸ਼ਟ ਹੈ ਕਿ ਆਰਥ ਐਸ਼ ਐਸ਼ ਆਪਣਾ ਏਜੰਡਾ ਕਦੇ ਵੀ ਛੱਡੇਗਾ ਨਹੀਂ। ਲੇਖਕਾਂ ਨੂੰ ਇਨ੍ਹਾਂ ਸਾਰੇ ਹਾਲਾਤ ਤੇ ਬਾਜ਼ ਅੱਖ ਰੱਖਣੀ ਪਵੇਗੀ। ਨਾਲ਼ ਹੀ ਖ਼ੁੰਦਕੀਆਂ ਵਲੋਂ ਛੋਟੇ ਮੋਟੇ ਨਿੱਜੀ ਕਿਸਮ ਦੇ ਸਵਾਲਾਂ ਨਾਲ਼ ਵੀ ਨਜਿੱਠਣਾ ਹੋਵੇਗਾ।

* * *



# ਤਲਾਸ਼ ਇੱਕ ਰਿਸ਼ੀ ਦੀ

*—ਹਰਭਜਨ ਸਿੰਘ ਹੁੰਦਲ*

(1)
ਮੈਂ ਹੀ ਭੋਲਾ ਸੀ
ਅਸਲੋਂ ਅਣਜਾਣ
ਬੱਚੇ ਜੇਹਾ ਨਿਰਛਲ!

ਕੀ ਪਤਾ ਸੀ
ਕੌਣ ਹੁੰਦੇ ਨੇ ਧਨੰਤਰ ਵਿਦਵਾਨ
ਤੇ ਕੌਣ ਹੁੰਦੇ ਨੇ ਅਕਲ ਦੇ ਕੋਟ?

ਕਿ ਜਿਨ੍ਹਾਂ ਦੇ ਸਿਰਾਂ ਉੱਤੇ
ਸਰਸਵਤੀ ਦਾ ਮਿਹਰ-ਭਰਿਆ
ਹੱਥ ਹੁੰਦਾ ਹੈ,
ਤੇ ਸਿਰਜਣ-ਦੇਵਤੇ ਦਾ ਵਰਦਾਨ!
ਨਿਰਸੰਦੇਹ ਅਜੇਹੇ ਪੁਰਸ਼ਾਂ ਦੇ
ਰਾਹਾਂ ਵਿਚ
ਕੰਡੇ ਵੀ ਬਹੁਤ ਹੁੰਦੇ ਨੇ।
ਪਰ ਪਲਕਾਂ ਨਾਲ
ਕੰਡਿਆਂ ਨੂੰ ਚੁਗਣ ਵਾਲਿਆਂ
ਦੀ ਕੋਈ ਘਾਟ ਨਹੀਂ ਹੁੰਦੀ।
(2)
ਬੜਾ ਸੋਚਿਆ,
ਵਿਚਾਰਿਆ,
ਪਰ ਮੇਰਾ ਸਾਥ ਦੇਣ ਜੋਗੀ
ਨਹੀਂ ਸੀ ਮੇਰੀ ਅਕਲ
ਅਧੂਰਾ, ਅੱਧ-ਵਰਿਤਾ
ਮੈਂ ਕਦੇ ਕੁਝ ਲਿਖਣ ਨੂੰ ਮੂੰਹ ਮਾਰਦਾ
ਪਰ ਅਫਸੋਸ
ਅੱਖਰ ਡੋਲਦੇ, ਝਿੜਕਦੇ
ਕੰਬਦੇ
ਤੇ ਅਲੋਪ ਹੋ ਜਾਂਦੇ।
ਬਹੁਤ ਵਾਰ
ਤੁਰਿਆ ਜਾਂਦਾ ਮੈਂ
ਰਾਹ ਭੁੱਲ ਜਾਂਦਾ,
ਤੇ ਖ਼ਵਾਰ ਹੋ ਕੇ

ਵਾਪਸ ਘਰ ਪਰਤਦਾ।
ਮੈਨੂੰ ਲੱਭਦੇ ਲੱਭਦੇ ਘਰਵਾਲੇ
ਵੱਖ ਪ੍ਰੇਸ਼ਾਨ ਹੁੰਦੇ
ਕਲਪਦੇ, ਝਿੜਕਦੇ।
ਪਛਤਾਉਂਦੇ, ਕੁਰਲਾਉਂਦੇ।

(3)
ਕਈ ਵਾਰ ਸੋਚਿਆ ਮੈਂ
ਕਿਸੇ ਸਿਆਣੇ ਨੂੰ ਹੱਥ ਵਿਖਾਵਾਂ
ਜੋਤਸ਼ੀ ਨੂੰ ਮਿਲਾਂ
ਪਰ ਦੁਬਿਧਾ ਦਾ ਮਾਰਿਆ ਮੈਂ
ਕਿਸੇ ਤਣ-ਪੱਤਣ ਨਾ ਲੱਗਦਾ।
ਬੜੀ ਖੱਜਲ-ਖ਼ੁਆਰੀ
ਤੋਂ ਬਾਅਦ
ਕਿਸੇ ਭਲੇ ਨੇ ਮੇਰਾ ਹੱਥ ਫੜਿਆ
ਤੇ ਇੱਕ ਰਿਸ਼ੀ ਦੀ ਦੱਸ ਪਾਈ।

ਆਖਿਆ
"ਕਾਰਖਾਨਿਆਂ ਦੇ ਇੱਕ ਸ਼ਹਿਰ ਵਿਚ
ਜਲਾਵਤਨ ਹੋਇਆ
ਇੱਕ ਰਿਸ਼ੀ ਰਹਿੰਦਾ ਹੈ।
ਬਣਬਾਸ ਕੱਟਦਾ, ਜਫਰ ਜਾਲਦਾ,
ਆਪਣੇ ਲਹੂ ਨੂੰ ਤੇਲ ਦੀ ਥਾਂ ਬਾਲਦਾ,
ਰਾਤ ਦਿਨ ਸੱਚ ਦੀਆਂ ਪੈੜਾਂ ਭਾਲਦਾ।"

ਪੁੱਛ ਪੁੱਛਾ ਕੇ
ਮੈਂ ਜਾ ਉਸ ਦਾ ਬੂਹਾ ਖੜਕਾਇਆ
ਉਹ ਬਾਹਰ ਆਇਆ
ਤੇ ਆਖਣ ਲੱਗਾ,
"ਮੇਰੇ ਲਾਇਕ ਕੋਈ ਸੇਵਾ?"

ਮੈਨੂੰ ਲੱਗਾ
ਇਹ ਤਾਂ ਕੋਈ ਘਰ ਦਾ ਜੀਅ
ਹੀ ਪ੍ਰਤੀਤ ਹੁੰਦਾ ਹੈ!!

ਗੱਲਾਂ ਤੁਰੀਆਂ
ਤਾਂ ਆਖਣ ਲੱਗਾ,
"ਤੇਰੇ ਇਹ ਦੁੱਖ, ਇਹ ਕਲੇਸ਼



ਕੇਵਲ ਤੇਰੇ ਹੀ ਨਹੀਂ
ਏਥੇ ਤਾਂ ਆਵਾ ਹੀ ਊਤਿਆ ਹੋਇਆ ਹੈ।
ਸਾਰੇ ਸ਼ਹਿਰਾਂ ਨੂੰ ਇੱਕੋ ਹੀ ਰੋਗ
ਖੋਰੀ ਜਾਂਦਾ ਹੈ ਰਾਤ-ਦਿਨ
ਲੁੱਟ-ਖਸੁੱਟ ਦਾ ਮਾਰੂ ਰੋਗ।"

"ਤੇ ਇਸ ਦਾ ਇਲਾਜ ਹੈ?"
ਮੈਂ ਪੁੱਛਿਆ
ਆਖਣ ਲੱਗਾ,
"ਇਹ ਕੰਮ ਕਿਸੇ ਇਕੱਲੇ-ਕਾਰੇ ਦਾ ਨਹੀਂ
ਏਥੇ ਤਾਂ ਰਲ ਮਿਲ ਕੇ, ਸਿਰ ਜੋੜ ਕੇ,
ਹੀ ਪੂਰੀ ਪੈਂਦੀ ਹੈ।"

ਸੁਣ ਕੇ ਮੈਂ ਸੋਚੀਂ ਪੈ ਗਿਆ,
ਤੇ ਪੁੱਛਿਆ,
"ਕੋਈ ਸਿੱਧਾ ਤੇ ਸੌਖਾ ਰਸਤਾ?"

ਆਖਣ ਲੱਗਾ,
"ਇਸ ਰੋਗ ਦਾ ਕੇਵਲ ਇਕੋ ਹੀ
ਦਾਰੂ ਹੈ।
ਸੰਘਰਸ਼ ਬਿਨਾਂ ਤਾਂ ਪੱਤਾ ਨਹੀਂ ਹਿੱਲਦਾ
ਤਖਤ ਕਿਵੇਂ ਡੋਲਣਗੇ?
ਤੇ ਸੁੱਖ ਦਾ ਸਾਹ ਕਿਵੇਂ ਆਵੇਗਾ?"

ਸੁਣ ਕੇ ਮੈਂ ਸੋਚੀਂ ਪੈ ਗਿਆ
ਤੇ ਸੋਚਦਾ ਸੋਚਦਾ,
ਘਰ ਪਰਤ ਆਇਆ।

(4)
ਘਰ ਆ ਕੇ ਮੈਂ ਸੋਚਿਆ,
"ਮੂਰਖ਼ ਮਨਾ!
ਬਗਾਨਿਆਂ ਧਨਾ!
ਉੱਠ ਤੇ ਬਲ ਧਾਰ!
ਸੋਚਾਂ ਉੱਤੋਂ ਧੁੰਦ ਦੇ ਪਰਦੇ ਉਤਾਰ
ਫੋਲ ਆਪਣਾ ਅੰਦਰ
ਤੇ ਆਪਣਾ ਬਾਹਰ
ਕਿੱਥੇ ਨੇ ਤੇਰੇ ਮਿੱਤਰ-ਯਾਰ?

ਬਹਿ ਕੇ ਸਾਰੀ ਗੱਲ ਵਿਚਾਰ!"
ਸੱਚ ਤੇ ਕੁਫ਼ਰ ਨੂੰ ਨਿਤਾਰ!!

*(ਕਾਰਲ ਮਾਰਕਸ ਦੇ ਨਾਂ)*
*(1-10-2014)*

* * *

*ਹਿੰਦੀ ਗ਼ਜ਼ਲ*

## (1) ਗ਼ਜ਼ਲ

*—ਕੁਲਦੀਪ ਸਲਿਲ*

ਕਭੀ ਦੀਵਾਰ ਗਿਰੀ ਹੈ, ਕਭੀ ਦਰ ਹੋਤਾ ਹੈ
ਹਰ ਬਰਸ ਯੇ ਮਕਾਂ, ਬਾਰਿਸ਼ ਕੀ ਨਜ਼ਰ ਹੋਤਾ ਹੈ।
ਰੋਜ਼ ਉਜੜਾ ਹੂਆ ਹੋਤਾ ਹੈ ਸਹਰ ਹੋਨੇ ਪਰ
ਰੋਜ਼ ਆਬਾਦ ਸਿਤਾਰੋਂ ਕਾ ਨਗਰ ਹੋਤਾ ਹੈ।
ਚੀਰ ਜਾਤੀ ਹੈ ਜਿਗਰ ਕੋ ਕਿਸੀ ਬੇਬਸ ਕੀ ਸਦਾਅ
ਦਿਲ ਸੇ ਨਿਕਲੇ ਜੋ ਦੁਆ ਉਸਕਾ ਅਸਰ ਹੋਤਾ ਹੈ।
ਦੋਸਤ ਹੋਤਾ ਹੈ ਵੋ ਮਿਲ ਕਰ ਜਿਸੇ ਹਮ ਖੁਲ ਕੇ ਹੰਸੇ
ਬਾਂਟ ਲੇਤਾ ਹੈ ਜੋ ਦੁੱਖ-ਦਰਦ ਵੋਹ ਘਰ ਹੋਤਾ ਹੈ।
ਕਿਸ ਨੇ ਦੇਖੀ ਹੈ ਤੇਰੀ ਜ਼ਿੰਦਗੀ ਭਰ ਕੀ ਯੇ ਤਲਾਸ਼
ਯਹਾਂ ਦੁਨੀਆਂ ਜਿਸੇ ਦੇਖੇ ਵੋਹ ਹੁਨਰ ਹੋਤਾ ਹੈ।
ਕਟੀ ਜੈਸੀ ਭੀ ਬਹੁਤ ਖ਼ੂਬ ਕਟੀ ਆਪਨੀ 'ਸਲਿਲ'
ਚਲੋ ਐਸਾ ਭੀ ਥਾ ਅਬ ਖਤਮ ਸਫਰ ਹੋਤਾ ਹੈ।

## (2) ਗ਼ਜ਼ਲ

ਫਿਰ ਉਸ ਕੇ ਬਾਅਦ ਖ਼ੁਦ ਕੋ ਖ਼ਵਾਰ ਮੱਤ ਕਰਨਾ
ਸਿਤਮਗਰੋਂ ਕਾ ਅਬ ਔਰ ਇੰਤਜ਼ਾਰ ਮੱਤ ਕਰਨਾ।
ਹੰਸੀ ਉੜਾਏਂਗੇ ਦਿਖਲਾ ਨਾ ਦਿਲ ਕੇ ਦਾਗ਼ ਉਨੇ
ਸਿਤਮ ਕੇ ਸ਼ਹਿਰ ਮੇਂ ਆਹੋ-ਪੁਕਾਰ ਮੱਤ ਕਰਨਾ।
ਮਹਾਨ ਹੋਨੇ ਹੀ ਵਾਲਾ ਹੂੰ, ਦੋਸਤੋ ਅਬ ਮੈਂ
ਅਬ ਆਪ ਲੋਗ ਮੇਰਾ ਏਤਬਾਰ ਮੱਤ ਕਰਨਾ।
ਹੈ ਆਪਨੀ ਜਗ੍ਹਾ ਯੇ ਕਿੱਸਾ-ਏ-ਹੁਸਨੋ ਇਸ਼ਕ ਮਗਰ
ਤਮਾਮ ਉਮਰ ਯਹੀ ਕਾਰੋਬਾਰ ਮੱਤ ਕਰਨਾ।
ਸਫ਼ਰ ਤੋਂ ਕਾਟ ਹੀ ਲੇਨਾ 'ਸਲਿਲ' ਤੂੰ ਮਿਲ ਜੁਲ ਕਰ
ਮੁਸਾਫਰੋਂ ਸੇ, ਮੇਰੇ ਯਾਰ ਪਿਆਰ ਮੱਤ ਕਰਨਾ।

1770 ਔਤਰਮ ਲਾਈਨ
ਕਿੰਗਜ਼ ਵੇ,
ਦਿੱਲੀ-110009



# ਦੋ ਗ਼ਜ਼ਲਾਂ

## (1)

*—ਸੁਰਿੰਦਰਪ੍ਰੀਤ ਘਣੀਆਂ*

* ਹਨੇਰੀ ਤੇ ਝੱਖੜ ਜੇ ਝੁਲਣੇ ਹਮੇਸ਼ਾ।
ਉਮੀਦਾਂ ਦੇ ਦੀਵੇ ਵੀ ਜਗਣੇ ਹਮੇਸ਼ਾ।

* ਕਦੇ ਸਾਡੇ ਮੁੜਕੇ ਦਾ ਮੁੱਲ ਵੀ ਪਵੇਗਾ,
ਇਹ ਡਾਲਰ ਹੀ ਤੇਰੇ ਨੀਂ ਚੱਲਣੇ ਹਮੇਸ਼ਾ।

* ਕਦੇ ਏਨ੍ਹਾਂ ਚੁੱਲਿਆਂ 'ਚੋਂ ਉਠਣੇ ਨੇ ਭਾਂਬੜ,
ਜੋ ਠੰਡੇ ਨੇ, ਠੰਡੇ ਨਈਂ ਰਹਿਣੇ ਹਮੇਸ਼ਾ।

* ਐ ਜ਼ਾਲਿਮ! ਨਈਂ ਲੋਹੇ ਦੇ ਬੰਨ੍ਹ ਤੇਰੇ ਰਹਿਣੇ,
ਇਹ ਸਤਲੁਜ ਦੇ ਪਾਣੀ ਤਾਂ ਵਗਣੇ ਹਮੇਸ਼ਾ।

* ਕਿਤਾਬਾਂ ਨੂੰ ਸਾੜੋ ਜਾਂ ਕਲਮਾਂ ਨੂੰ ਤੋੜੋ,
ਅਸੀਂ ਗੀਤ ਲੋਕਾਂ ਦੇ ਲਿਖਣੇ ਹਮੇਸ਼ਾ।

* ਹਨੇਰੀ ਜੇ ਵਿਸ਼ਵਾਂ ਦੀ ਆਪਾਂ ਨਾ ਰੋਕੀ,
ਭਰਾਵੋ! ਇਹ ਪਿੰਡ ਫਿਰ ਨਾ ਰਹਿਣੇ ਹਮੇਸ਼ਾ।

* ਇਹ ਹੱਥ ਸਾਡੇ ਇੱਕ ਦਿਨ ਤਾਂ ਮੁਕਣੇ 'ਚ ਵਟਣੇ,
ਇਹ ਹੱਥ ਸਾਡੇ ਏਦਾਂ ਨਈਂ ਜੁੜਣੇ ਹਮੇਸ਼ਾ।

* ਐ ਘਣੀਆਂ! ਕਬੂਤਰ ਹੀ ਆ ਪਾਲ਼ ਲਈਏ,
ਵਫ਼ਾਦਾਰ ਸੱਜਣ ਨਾ ਰਹਿਣੇ ਹਮੇਸ਼ਾ।

## (2)

* ਸ਼ੋਹਰਤਾਂ ਨੂੰ, ਤਗ਼ਮਿਆਂ ਨੂੰ, ਪਦਵੀਆਂ ਨੂੰ ਕਰਾਂ?
ਚਾਕ ਹੈ ਦਾਮਨ ਹੀ ਰੂਹ ਦਾ ਵਰਦੀਆਂ ਨੂੰ ਕਰਾਂ?

* ਕੀਤੀਆਂ ਹਾਸਿਲ ਸੀ ਜੋ ਮੈਂ ਬੋਝ ਲਾਵਣ ਵਾਸਤੇ,
ਜ਼ਿੰਦਗੀ ਲਈ ਬੋਝ ਬਣੀਆਂ ਡਿਗਰੀਆਂ ਨੂੰ ਕੀ ਕਰਾਂ?

* ਹੋਸ਼ ਅੰਦਰ ਫ਼ਿਕਰਾਂ ਦੇ ਸੌ ਸੱਪ ਨੇ ਫੁੰਕਾਰਦੇ,

ਮਾਣੀਆਂ ਮਹਿਫ਼ਲ 'ਚ ਪੀ ਕੇ, ਮਸਤੀਆਂ ਨੂੰ ਕੀ ਕਰਾਂ?

* ਝੌਂਪੜੀ ਵਿੱਚ ਰੋਜ਼ ਬੁਝਦੀ ਤੇਲ ਬਿਨ ਇਕ ਲਾਲਟੈਨ,
ਰਾਮ ਦੇ ਮੰਦਿਰ 'ਚ ਜੋਤਾਂ ਜਗਦੀਆਂ ਨੂੰ ਕੀ ਕਰਾਂ?

* ਧੁੱਪ ਦੇ ਵਿੱਚ ਕੰਮ ਆਈ ਸਾਵਿਆਂ ਬਿਰਖ਼ਾਂ ਦੀ ਛਾਂ,
ਧੁੱਪ ਢਲੀ ਤੋਂ ਪੇਸ਼ ਆਈਆਂ ਛਤਰੀਆਂ ਨੂੰ ਕੀ ਕਰਾਂ?

* ਆਉਣਾ-ਜਾਣਾ, ਬੋਲਣਾ, ਸਭ ਸਿਲਸਿਲੇ ਹੀ ਬੰਦ, ਪਰ
ਦਿਲ-ਸਮੁੰਦਰ ਵਿੱਚ ਇਹ ਯਾਦਾਂ-ਮਛਲੀਆਂ ਨੂੰ ਕੀ ਕਰਾਂ?

*ਮੋਬ.-98140-86961*

* * *

# ਦੋ ਕਵਿਤਾਵਾਂ

## (1) ਘਰ ਦਾ ਸਦਾ

*—ਅਰਤਿੰਦਰ ਸਿੰਧੂ*

ਬੜੀ ਗੁੰਮ ਸੁੰਮ ਫਿਰ ਰਹੀ ਸੀ ਹਵਾ
ਸ਼ਾਇਦ ਘਰ ਨੂੰ ਲੱਗ ਗਈ ਸੀ
ਆਉਣ ਵਾਲੀਆਂ ਘਟਨਾਵਾਂ ਦੀ ਸੋਅ

ਉਦਾਸੀ ਦੇ ਟਿੱਲੇ ਹੇਠ ਦੱਬਿਆ
ਇਕੱਲ ਦੀ ਹੁੰਮਸ ਕੋਠੜੀ ਵਿੱਚ
ਉਹ ਤਾਂ ਪਹਿਲਾਂ ਹੀ ਭੁਰ ਰਿਹਾ ਸੀ....

ਏਧਰ ਵੀ ਮੁਸ਼ਕਿਲ ਸੀ ਸਭ ਲਈ
ਸ਼ਹਿਰ ਦੀ ਜਾਲੀਦਾਰ ਜ਼ਿੰਦਗੀ ਚੋਂ
ਪਿੰਡ ਦੀ ਧੂੜ ਧੂੰਏਂ ਦੀ ਖੁਲ੍ਹ ਵਿੱਚ ਜਾਣਾ
.....ਘਰ ਦਾ ਸੌਦਾ ਹੋ ਗਿਆ.....

ਵੱਡੇ ਨਵਾਰੀ ਪਲੰਘ ਚੁੱਕ ਲਏ ਗਏ
ਜਿਨ੍ਹਾਂ ਦੀ ਗੋਦੀ ਵਿੱਚ
ਤਿੰਨਾਂ ਪੀੜੀਆਂ ਦੀਆਂ ਰਾਤਾਂ ਨੇ
ਆਪਣੇ ਸੁਪਨੀਦੇ ਸਾਂਵਲੇਪਨ ਨੂੰ ਮਾਣਿਆ

ਪਿੱਤਲ ਦੇ ਕੋਕਿਆਂ ਵਾਲਾ ਸੰਦੂਕ
ਜਿਸ ਨੂੰ ਘਰ ਦੀ ਵਡੇਰੀ



ਮੋਹ, ਮਾਣ ਤੇ ਜਿੰਦ ਜਾਨ ਨਾਲ ਸਾਂਭਦੀ
ਤੇ ਜਿਸਦਾ ਜਿੰਦਰਾ ਕੁੰਜੀ
ਸਾਰਿਆਂ ਲਈ ਭੇਦ ਬਣਿਆ ਰਹਿੰਦਾ
ਉਹ ਕਿਸੇ ਹੋਰ ਘਰ ਵਿੱਚ
ਉਹੋ ਕੁੱਝ ਕਰਨ ਕਰਾਉਣ ਲੱਗਾ

ਪਿੱਤਲ ਦੀਆਂ ਗਾਗਰਾਂ, ਦੇਗਬਰ
ਵਲਟੋਹੀਆਂ, ਗੜਵੇ, ਛੰਨੇ
ਤੇ ਥਾਲੀਆਂ ਵੰਡ ਲਏ ਗਏ

ਮਿੱਟੀ ਦਾ ਉਚਾਂਵਾ ਚੁੱਲਾ ਤੇ ਭੜੋਲੀ
ਜੋ ਘਰ ਵਾਲਿਆਂ ਦੀ ਰੋਟੀ ਟੁੱਕ ਖਾਤਰ
ਗੋਹਿਆਂ ਦੇ ਅੰਗਿਆਰਾਂ ਨਾਲ ਤਪਦੇ ਰਹੇ
.....ਹੋਰ ਨਿੱਕ ਸੁੱਕ ਦੇ ਨਾਲ
ਕਿਸੇ ਨਾ ਕਿਸੇ ਨੂੰ ਦੇ ਦਿੱਤੇ ਗਏ

ਪਰ....ਇਵੇਂ ਦੀਆਂ ਕੁੱਝ ਹੋਰ ਚੀਜ਼ਾਂ
ਕਿਸੇ ਦੇ ਵੀ ਕੰਮ ਦੀਆਂ ਨਹੀਂ ਸਨ
...ਜਿਵੇਂ ਲੱਸੀ ਵਾਲੀ ਚਾਟੀ
ਮਿੱਟੀ ਦੀ ਹੀ ਦੁੱਧ ਦੀ ਕਾੜ੍ਹਨੀ ਤੇ ਤੌੜੀ

...ਉਹ ਸਾਰੀਆਂ ਇੱਕ ਨੁੱਕਰੇ
ਕੰਧ ਨਾਲ ਢੋਅ ਲਈ ਖੜੀਆਂ
ਧੁਆਂਖੇ ਚਿਹਰਿਆਂ 'ਚੋਂ
ਉਦਾਸ...ਤੱਕਦੀਆਂ ਰਹੀਆਂ .
ਘਰ ਦੀ ਸਲਤਨਤ ਬਦਲਦਿਆਂ
ਤੰਦ ਤੰਦ ਵਿਛੜਦੇ ਅਸੀਂ...ਅੰਤ
ਇੱਕ ਝਟਕੇ ਨਾਲ ਘਰ ਨਾਲੋਂ ਟੁੱਟ ਆਏ

ਦਹਾਕਿਆਂ ਪਿੱਛੋਂ
ਉਸ ਝਟਕੇ ਪਿੱਛੋਂ ਨਿਕਲ ਕੇ
ਪੂਰੇ ਦਾ ਪੂਰਾ ਘਰ
ਉਤਰ ਆਇਆ ਮਨ ਵਿਚ

...ਹੁਣ ਕਦੇ ਚੌਂਕੇ ਵਿੱਚ ਭਾਂਡਾ ਡਿਗਦਾ ਸੁਣਦਾ
...ਕਦੇ ਨਲਕੇ ਦੀ ਹੱਥੀ ਖੜਕਦੀ

ਤੇ ਕਦੇ ਭੜੋਲੀ 'ਚੋਂ ਰਿੱਝਦੀ ਦਾਲ ਦੀ
ਮਹਿਕ ਰਲਿਆ ਧੂੰਆ
ਸਾਰੇ ਮਨ ਵਿਚ ਭਰ ਕੇ ਕਹਿੰਦਾ
...ਹੁਣ ਸੌਦਾ ਕਰ ਕੇ ਵਿਖਾਓ।

(2)

ਮੈਂ ਗ਼ਜ਼ਲ ਨਹੀਂ ਹਾਂ ਦੋਸਤੋ! ਨਾਂ ਮਿਲੀ ਬਹਿਰ ਦੀ ਮੁਥਾਜ ਹਾਂ
ਮੈਂ ਤਾਂ ਨਜ਼ਮ ਹਾਂ ਅਜ਼ਾਦ ਜਿਹੀ ਕੁਦਰਤ ਦਾ ਇੱਕ ਅੰਦਾਜ਼ ਹਾਂ

ਹੁਣ ਚੌਖਟੇ, ਨਾ ਹੀ ਰੂਪ ਲਈ ਅਕਾਰ ਦੇ ਪਰਕਾਰ ਦੱਸ
ਇਹਨਾਂ ਦੇ ਹੁੰਮਸ ਵਿੱਚ ਫਸੀ ਮੈਂ ਆਪਣੀ ਗੁੰਮ ਅਵਾਜ਼ ਹਾਂ

ਪਗਡੰਡੀਆਂ, ਨਾਂ ਸੋਚ ਨੂੰ, ਰੇਖਾਵਾਂ ਦੀ ਅਗਵਾਈ ਦੇਹ
ਮਹਿਸੂਸ ਮੈਨੂੰ ਕਰਨ ਦੇਹ, ਮੈਂ ਆਪਣਾ ਖੁਦ ਅਗਾਜ਼ ਹਾਂ

ਮੇਰੀ ਸ਼ਾਖ ਚੋਂ ਹੀ ਫੁੱਟ ਕੇ, ਪੱਲਰ ਕੇ ਮੇਰੇ ਸਾਹਾਂ 'ਚੋਂ
ਮੈਨੂੰ ਕਲਮਿਆਂ ਵਿੱਚ ਬੰਨ੍ਹ ਕੇ, ਨਾਂ ਕਹਿ ਕਿ ਮੈਂ ਮੁਥਾਜ਼ ਹਾਂ

ਸਿਰਜਕ ਹਾਂ ਕੁਦਰਤ ਦੀ ਤਰਾਂ, ਰੰਗਾਂ ਦੀ ਰਚਣ ਹਾਰ ਵੀ
ਮੈਂ ਹੀ ਸੂਰਜਾਂ ਦੀ ਕੁੱਖ ਹਾਂ, ਖੁਦ ਜ਼ਿੰਦਗੀ ਦਾ ਮਿਜਾਜ਼ ਹਾਂ

ਮੇਰੇ ਖਾਬ ਖਿਆਲ ਨੂੰ ਵਹਿਣ ਦੇ, ਮੈਨੂੰ ਆਪਣੀ ਭਾਸ਼ਾ ਕਹਿਣ ਦੇ
ਨਾਂ ਤੋਲ ਮੋਲ ਕੇ ਪਰ ਕਤਰ, ਫਿਰ ਦੇਹ ਭਰਮ ਕਿ ਮੈਂ ਰਾਜ਼ ਹਾਂ

ਮੈਂ ਫੁੱਲ ਹਾਂ, ਨਾਂ ਵੇਲ ਹਾਂ ਮੈਂ ਬਿਰਖ ਹਾਂ ਸੰਘਣਾ ਸਜੱਗ
ਮੇਰੀ ਛਾਂਵੇਂ ਜ਼ਿੰਦਗੀ ਸਾਹ ਲਵੇ, ਮੈਂ ਸ਼ਕਤੀਆਂ ਦਾ ਸਾਜ਼ ਹਾਂ

ਮੈਨੂੰ ਮੇਰੇ ਰੂਪ 'ਚ ਜੀਣ ਦੇਹ, ਮੈਨੂੰ ਬਿਰਖਾਂ ਵਾਂਗਰ ਥੀਣ ਦੇਹ
ਨਾਂ ਸਿਮਲੀਆਂ, ਤਸ਼ਬੀਹਾਂ ਦੇਹ, ਨਾਂ ਮੈਂ ਗਹਿਣਿਆਂ ਦੀ ਮੁਥਾਜ਼ ਹਾਂ

ਮੇਰੀ ਹੋਂਦ ਨੂੰ ਇਵੇਂ ਸਹਿਜ ਮੰਨ, ਜਿਵੇਂ ਧੁੱਪ, ਪਾਣੀ ਜਾਂ ਹਵਾ
ਉਸ ਸਹਿਜ ਚੋਂ ਜੋ ਫੁੱਟਣੀ, ਮੈਂ ਉਸ ਸੋਚ ਦੀ ਪਰਵਾਜ਼ ਹਾਂ

ਮੈਂ ਗ਼ਜ਼ਲ ਨਹੀਂ ਹਾਂ ਦੋਸਤੋ! ਨਾਂ ਮਿਲੀ ਬਹਿਰ ਦੀ ਮੁਥਾਜ ਹਾਂ
ਮੈਂ ਤਾਂ ਨਜ਼ਮ ਹਾਂ ਅਜ਼ਾਦ ਜਿਹੀ, ਕੁਦਰਤ ਦਾ ਇੱਕ ਅੰਦਾਜ਼ ਹਾਂ।

*ਫੋਨ-98153-02081*



# ਕਵਿਤਾ

*—ਯੋਧ ਸਿੰਘ*

ਦੁਨੀਆਂ ਭਰ ਦੀ ਕਵਿਤਾ
ਦਾ ਇਕੋ ਹੀ ਸੰਸਾਰ,
ਕਵਿਤਾ ਅੰਦਰੋਂ ਕਵਿਤਾ
ਹੀ ਫੁੱਟਦੀ ਇਕਸਾਰ।

ਦੁਨੀਆਂ ਦੀ ਸਾਰੀ ਕਵਿਤਾ
ਦੀ ਜੜ ਇੱਕੋ ਹੀ ਥਾਂ,
ਅਨੇਕਾਂ ਰੰਗਾਂ ਵਿੱਚ
ਫੁਲ ਖਿੜਨ ਇੱਕ ਸਾਰ।

ਕਵਿਤਾ ਦੀ ਰੂਹ ਦਾ
ਕੋਈ ਵੱਖਰਾ ਨਹੀਂ ਦੇਸ਼,
ਹਰ ਦੇਸ਼ ਦੀ ਕਵਿਤਾ
ਦਾ ਮਨੁੱਖ ਤੱਤ ਸਾਰ।

ਕਵੀ ਤਾਂ ਕੇਵਲ ਕਵਿਤਾ
ਦਾ ਨਿਮਿਤ ਮਾਤਰ ਵਾਹਣ,
ਇਹ ਮੁੱਕ ਜਾਣ, ਕਵਿਤਾ ਦਾ
ਮੁੱਕੇ ਨਾ ਸੰਸਾਰ।

ਹਕੀਕਤ ਵਿਚ ਕਵੀ ਕੁੱਝ
ਪੱਲਿਓਂ ਨਹੀਂ ਪਾਉਂਦਾ,
ਉਹਨੂੰ ਜੰਮਦੇ ਨੂੰ ਮਿਲਦਾ
ਉੱਸਰਿਆ ਸੰਸਾਰ।

ਕਵਿਤਾ ਵਾਰਦ ਹੁੰਦੀ
ਟੱਕਰਾਵਾਂ ਦੇ ਹੀ ਅੰਦਰੋਂ,
ਹਰ ਕਵੀ ਜਵਾਬ ਦੇਹੀ
ਦੀ ਹੈ ਯਲਗਾਰ।

ਜੀਣ ਦੀ ਯਲਗਾਰ

ਰਹੀ ਕਵਿਤਾ ਨੂੰ ਜੰਮਦੀ,
ਲੋਕ ਅਰਪਣ ਕਰਨ ਵਾਲੀ
ਗਲ ਲੋਕ ਤਿਰਸਕਾਰ।

ਹਰ ਕਵੀ ਨੂੰ ਸਿਰ ਝੁਕਾਕੇ,
ਮੌਨ ਲੈਣਾ ਚਾਹੀਦਾ,
ਕਵਿਤਾ ਜੰਮ ਹੀ ਸਕੇ ਨਾ
ਲੋਕਾਂ ਤੋਂ ਬਾਹਰਵਾਰ।

ਹਰ ਕਵੀ ਨਿਮਿਤਮਾਤਰ
ਹੋ ਕੇ ਹਿੱਸਾ ਹੈ ਪਾਉਂਦਾ,
ਉਹਦੇ ਰਾਹੀਂ ਆਈ ਕਵਿਤਾ
ਵਧਾਉਂਦੀ ਰਹੀ ਹੈ ਭੰਡਾਰ।

ਪਰਕਿਰਤੀ ਦਾ ਪਸਾਰਾ ਤੇ
ਖਾਸ ਕਰਕੇ ਮਨੁੱਖਤਾ
ਗਿਆਨ ਦਰਸ਼ਣ ਤਕਨੀਕ
ਦਾ ਹੈ ਸਾਰਾ ਆਧਾਰ।

* * *

## ਕਰਵਾਚੌਥ ਤੇ ਮੌਨ ਵਰਤ

*—ਹਰਦੀਪ ਬਿਰਦੀ*

ਸਰਕਾਰੀ ਦਫ਼ਤਰ ਦਾ ਅਫ਼ਸਰ ਆਪਣੇ ਕਿਸੇ ਕੰਮ ਵਿੱਚ ਰੁਝਿਆ ਹੋਇਆ ਸੀ ਤੇ ਦਿਨ ਬੁਧਵਾਰ ਸੀ। ਸ਼ੁਕਰਵਾਰ ਨੂੰ ਕਰਵਾਚੌਥ ਦਾ ਵਰਤ ਦਾ ਤਿਓਹਾਰ ਸੀ ਜਿਸਦੀ ਰਾਖਵੀਂ ਛੁੱਟੀ ਸੀ ਤੇ ਵੀਰਵਾਰ ਨੂੰ ਸਰਕਾਰੀ ਛੁੱਟੀ ਸੀ। ਅਫ਼ਸਰ ਦਾ ਧਿਆਨ ਕੰਮ ਵਿੱਚ ਹੀ ਸੀ। ਦਫ਼ਤਰ ਦੀ ਕਰਮਚਾਰਨ ਨੇ ਅਫ਼ਸਰ ਨੂੰ ਆ ਕੇ ਕਿਹਾ, "ਸਰ ਮੈਂ ਪਰਸੋਂ ਦੀ ਛੁੱਟੀ ਕਰਨੀ ਆ।" ਅਫ਼ਸਰ ਦਾ ਜ਼ਿਆਦਾ ਧਿਆਨ ਕੰਮ ਵਿੱਚ ਹੀ ਸੀ। ਗੱਲ ਸੁਣਦੇ ਹੀ ਉਸਨੇ ਕਿਹਾ, "ਕਿਉਂ ਵਰਤ ਰਖਣਾ...ਚੱਲ ਠੀਕ ਆ ਕਰ ਲਿਓ।" ਕਰਮਚਾਰਨ ਬਿਨਾਂ ਕੁਝ ਕਹੇ ਆਪਣੇ ਸੀਟ ਤੇ ਜਾ ਕੇ ਬੈਠ ਗਈ। ਕੋਈ ਜਵਾਬ ਨਾ ਮਿਲਣ ਤੇ ਅਫ਼ਸਰ ਦਾ ਸਾਰਾ ਧਿਆਨ ਕੰਮ ਤੋਂ ਹਟਿਆ ਤੇ ਉਸ ਦੇ ਦਿਮਾਗ਼ 'ਚ ਇਕ ਅਜ਼ੀਬ ਜਿਹੀ ਬਿਜਲੀ ਦੌੜ ਗਈ। ਉਸਨੇ ਇਹ ਕੰਮ ਦੇ ਧਿਆਨ ਵਿੱਚ ਕੀ ਸਵਾਲ ਕਰ ਦਿੱਤਾ ਸੀ। ਉਸਨੇ ਵਿਧਵਾ ਕਰਮਚਾਰਨ ਨੂੰ ਵਰਤ ਰੱਖਣ ਬਾਰੇ ਕਹਿ ਦਿੱਤਾ ਸੀ। ਕਰਮਚਾਰਨ ਆਪਣੀ ਸੀਟ ਤੇ ਗੰਭੀਰ ਹੋ ਕੇ ਚੁੱਪ ਬੈਠੀ ਸੀ। ਪਰ ਅਫ਼ਸਰ ਦੇ ਦਿਮਾਗ਼ 'ਚ ਇਹ ਅਜ਼ੀਬ ਜਿਹੀ ਗਲਤੀ ਕਰਕੇ ਤੂਫ਼ਾਨ ਉੱਠਿਆ ਹੋਇਆ ਸੀ। ਸਾਰਾ ਦਿਨ ਉਹ ਕੁਝ ਨਾ ਬੋਲ ਸਕਿਆ। ਇੰਝ ਲਗਾ ਕਿ ਉਹ ਮੌਨ ਵਰਤ ਤੇ ਹੋਵੇ।

*ਮੋਬ.-9041600900*



## ਤਿੰਨ ਗ਼ਜ਼ਲਾਂ

*—ਹਾਂਸ*

(1)
ਜ਼ਿੰਦਗੀ ਤੂੰ ਸਾਥ ਮੇਰੇ, ਰਹਿ ਸਕੇਂ ਤਾਂ ਰਹਿ ਲਵੀਂ।
ਜੇ ਕਿਤੇ ਫ਼ੁਰਸਤ ਮਿਲੇ, ਤਾਂ ਕੋਲ਼ ਮੇਰੇ ਬਹਿ ਲਵੀਂ।

ਤੇਰੇ ਆਖਣ ਨਾਲ ਤਾਂ, ਕੁਝ ਵੀ ਨਹੀਂ ਹੈ ਬਦਲਣਾ,
ਫਿਰ ਵੀ ਜੇ ਮੌਕਾ ਮਿਲ਼ੇ ਤਾਂ ਆਪਣੇ ਦਿਲ ਦੀ ਕਹਿ ਲਵੀਂ।

ਦੂਰ ਹੈ ਮੰਜ਼ਿਲ ਬੜੀ, ਤੇ ਰਾਹ ਵੀ ਦੁਸ਼ਵਾਰ ਹੈ,
ਵਕਤ ਜੇ ਦੇਵੇ ਇਜਾਜ਼ਤ, ਪਲ ਦੋ ਪਲ ਤੂੰ ਬਹਿ ਲਵੀਂ।

ਬਹੁਤ ਲੰਬਾ ਹੈ ਸਫ਼ਰ, ਹੋਰ ਕੀ ਪਤਾ ਕੀ ਹੋਏਗਾ
ਗ਼ਮ ਬਥੇਰੇ ਆਉਣਗੇ, ਤੂੰ ਚੀਸ ਵਟਕੇ ਸਹਿ ਲਵੀਂ।

ਬਣ ਕੇ ਦਰਿਆ ਦੀ ਰਵਾਨੀ, ਜੇ ਤੂੰ ਚਲਣਾ ਲੋਚਦਾਂ,
ਖਹਿਣਾ ਪੱਥਰਾਂ ਨਾਲ ਜੇਕਰ ਪੈ ਗਿਆ,ਤਾਂ ਖਹਿ ਲਵੀਂ।

ਵਕਤ ਹੈ ਤੇਰਾ ਤੂੰ ਆਪਣੇ ਦਿਲ ਦੀ ਕੱਢ ਹੀ ਲੈ ਭੜਾਸ,
'ਹਾਂਸ' ਤਾਂ ਸੁਣਦਾ ਰਹੇਗਾ ਜੋ ਵੀ ਕਹਿਣਾ ਕਹਿ ਲਵੀਂ।

(2)
ਤੂੰ ਮਿਲਕੇ ਵੀ ਨਹੀਂ ਮਿਲਦਾ, ਤੇਰਾ ਅੰਦਾਜ਼ ਕੀ ਸਮਝਾਂ।
ਇਹਨੂੰ ਦਰਿਆਦਿਲੀ ਸਮਝਾਂ, ਕਿ ਤੇਰੀ ਬੇਰੁਖ਼ੀ ਸਮਝਾਂ।

ਮੇਰੀ ਦੀਵਾਨਗੀ ਦੀ ਇੰਤਹਾ ਕੀ ਹੋਰ ਹੋਵੇਗੀ!
ਮੈਂ ਹਰ ਇਕ ਪਲ ਦੇ ਸਦਮੇ ਨੂੰ, ਸਿਰਫ਼ ਤੇਰੀ ਖ਼ੁਸ਼ੀ ਸਮਝਾਂ।

ਉਹ ਬੈਠਾ ਕੋਲ਼ ਮੇਰੇ, ਨਜ਼ਰ ਉਸਦੀ ਹੋਰਥੇ ਘੁੰਮਦੀ,
ਮੈਂ ਇਸ ਨੂੰ ਬੇਵਫ਼ਾਈ ਨਾ ਕਹਾਂ ਤਾਂ ਹੋਰ ਕੀ ਸਮਝਾਂ।

ਮੈਂ ਹਰ ਹਾਲਾਤ ਵਿਚ ਜੀਣਾ ਹੈ, ਇਹ ਤਾਂ ਸਿਖ ਲਿਆ ਹੈ ਪਰ,
ਤੂੰ ਦਸ ਇਹ ਬੁਜ਼ਦਿਲੀ ਸਮਝਾਂ, ਕਿ ਫਿਰ ਜ਼ਿੰਦਾ-ਦਿਲੀ ਸਮਝਾਂ।

ਮੇਰਾ ਸੱਚ ਤਾਂ ਹਮੇਸ਼ਾ ਹੀ, ਬਣੇ ਮਾਖੌਲ ਦੁਨੀਆਂ ਦਾ,
ਮੈਂ ਫਿਰ ਵੀ ਤੇਰੇ ਝੂਠੇ ਵਾਅਦਿਆਂ ਨੂੰ, ਜ਼ਿੰਦਗੀ ਸਮਝਾਂ।

ਤੂੰ ਭਾਵੇਂ ਜਾਣ ਜਾਂ ਨਾ ਜਾਣ, ਮੈਨੂੰ ਇਹ ਪਤਾ ਵੀ ਹੈ

ਮੈਂ ਤੇਰੀ ਨਜ਼ਰ ਨੂੰ ਤਕਦੀਰ ਦੀ ਜਾਦੂਗਰੀ ਸਮਝਾਂ।

ਮੇਰਾ ਕੀ ਹੈ ਮੈਂ ਦੁਖ ਸੁਖ ਨੂੰ, ਜਰੂੰਗਾ ਹੌਂਸਲਾ ਕਰਕੇ,
ਉਹ ਚਾਹੁੰਦੇ ਨੇ ਮੈਂ ਆਪਣੇ ਹੌਂਸਲੇ ਨੂੰ ਮਸਖ਼ਰੀ ਸਮਝਾਂ।

(3)

ਉਹ ਬੇੜੀ ਕਿਉਂ ਭਲਾ ਡੁਬਦੀ, ਜੇ ਚਾਰਾਗਰ ਮਲਾਹ ਹੁੰਦਾ?
ਤੂੰ ਵੀ ਏਦਾਂ ਖ਼ਫ਼ਾ ਹੁੰਦਾ ਜੇ ਤੂੰ ਮੇਰੀ ਜਗਾਹ ਹੁੰਦਾ।

ਕੋਈ ਨਗਮਾ ਕੋਈ ਹਸਰਤ, ਜਾਂ ਤੇਰੀ ਦੀਦ ਦੇ ਸੁਪਨੇ,
ਇਹ ਦੌਲਤ ਕੋਲ ਜੇ ਹੁੰਦੀ, ਤਾਂ ਮੈਂ ਵੀ ਬਾਦਸ਼ਾਹ ਹੁੰਦਾ।

ਉਹ ਵਾਅਦਾ ਆਉਣ ਦਾ ਕਰਕੇ, ਤੇ ਖ਼ੁਦ ਆਪੇ ਨਹੀਂ ਆਇਆ,
ਉਹਦੀ ਉਡੀਕ ਨਾ ਕਰਦਾ, ਤਾਂ ਫਿਰ ਮੇਰਾ ਗੁਨਾਹ ਹੁੰਦਾ।

ਸਿਕੰਦਰ ਹੋਣ ਦੀ ਇਕ, ਰੀਝ ਪੂਰੀ ਹੋ ਗਈ ਹੁੰਦੀ,
ਮੇਰੇ ਹੱਕ ਵਿਚ ਖਲੋਂਦਾ ਤੂੰ, ਮੇਰਾ ਅੱਲਾਹ ਗਵਾਹ ਹੁੰਦਾ।

ਕਸੂਤੇ ਮੋੜ ਤੇ ਆ ਕੇ, ਕਸੂਤਾ ਫਸ ਗਿਆ ਹਾਂ ਮੈਂ,
ਕੋਈ ਤਾਂ ਰਹਿਨੁਮਾ ਮਿਲਦਾ, ਕੋਈ ਤਾਂ ਖ਼ੈਰਖਾਹ ਹੁੰਦਾ।

ਤੂੰ ਦਰਿਆ ਵਾਂਗ ਵਗਣਾ ਸੀ, ਮੈਂ ਪੰਛੀ ਵਾਂਗ ਉੱਡਣਾ ਸੀ,
ਤੇਰਾ ਵੀ ਅਪਣਾ ਰਾਹ ਹੁੰਦਾ, ਮੇਰਾ ਵੀ ਆਪਣਾ ਰਾਹ ਹੁੰਦਾ।

ਉਹ ਜਿਗਰੀ ਯਾਰ ਕਾਹਦਾ ਹੈ, ਸ਼ਰੀਕਾਂ ਨਾਲ ਜੋ ਰਲਿਆ,
ਜੇ ਦਿਲ ਵਿਚ ਖੋਟ ਨਾ ਹੁੰਦੀ, ਤਾਂ ਕਿਉਂ ਸੜਕੇ ਸਵਾਹ ਹੁੰਦਾ।

ਇਹਨਾਂ ਝਖੜਾਂ ਤੂਫ਼ਾਨਾਂ ਦੀ, ਕਿਤੇ ਪਹਿਲਾਂ ਖ਼ਬਰ ਮਿਲਦੀ,
ਨਾ ਦੀਵੇ ਬੁੱਝਣ ਦੇਂਦੇ, ਨਾ ਹਨੇਰਾ ਬੇਪਨਾਹ ਹੁੰਦਾ।

ਤੇਰਾ ਮੁੜ ਮੁੜ ਮੁਕਰ ਜਾਣਾ, ਬੜੀ ਤਕਲੀਫ਼ ਦੇਂਦਾ ਹੈ,
ਤੂੰ ਮੈਨੂੰ ਓਪਰਾ ਕਹਿ ਦੇ, ਜੇ ਨਹੀਂ ਵਾਅਦਾ ਨਿਬਾਹ ਹੁੰਦਾ।

ਜੇ ਤੇਰੀ ਬੇਰੁਖੀ ਨੂੰ, ਬੇਵਫ਼ਾਈ ਯਾਦ ਆ ਜਾਂਦੀ,
ਨਾ ਮੇਰਾ ਦਿਲ ਕਦੇ ਟੁਟਦਾ, ਨਾ ਮੇਰਾ ਘਰ ਤਬਾਹ ਹੁੰਦਾ।

ਤੇਰੀ ਬਸਤੀ ਦੇ ਸਭ ਕਾਇਦੇ, ਵਖਾਵਾ ਹੀ ਤਾਂ ਲੱਗਦੇ ਨੇ,
ਤੂੰ ਦੱਸ ਫਿਰ 'ਹਾਂਸ' ਦਾ ਉਥੇ, ਭਲਾ ਕਿੱਦਾਂ ਨਿਬਾਹ ਹੁੰਦਾ।



# ਦੋ ਗ਼ਜ਼ਲਾਂ

—ਮਨਜਿੰਦਰ ਸਿੰਘ ਧਨੋਆ

(1

ਦੁਆ ਏਨੀ ਸਦਾ ਮੰਗਾਂ ਕਿ ਉਜਲੇ ਨੈਣ ਦੇ ਮੈਨੂੰ,
ਮੈਂ ਵਾਸੀ ਧਰਤ ਦਾ ਹਾਂ, ਧਰਤ ਤੇ ਹੀ ਰਹਿਣ ਦੇ ਮੈਨੂੰ।

ਜੇ ਤੂੰ ਚਾਹੇ ਕਿ ਇਹਨਾਂ ਖਾਕਿਆਂ ਵਿਚ ਰੰਗ ਭਰ ਜਾਵੇ,
ਨੁਕੀਲ ਕੰਢਿਆਂ, ਪਾਗਲ ਹਵਾ ਸੰਗ ਖਹਿਣ ਦੇ ਮੈਨੂੰ।

ਕਿਤੇ ਇਕ ਆਸਥਾ ਬਣ ਕੇ ਲਹੂ ਨਾ ਪੀਣ ਲਗ ਜਾਵੇ
ਮੈਂ ਲੰਘਿਆ ਵਕਤ ਹਾਂ ਤੂੰ ਵਕਤ ਦੇ ਸੰਗ ਛਹਿਣ ਦੇ ਮੈਨੂੰ।

ਇਹਨਾਂ ਸ਼ਬਦਾਂ 'ਚ ਏਨਾ ਸੇਕ ਹੈ ਜੰਜ਼ੀਰ ਢਲ ਜਾਵੇ
ਤੂੰ ਐਵੇਂ ਵਰਜ ਨਾ ਬੇਖੌਫ਼ ਹੋ ਕੇ ਕਹਿਣ ਦੇ ਮੈਨੂੰ।

ਜੋ ਨਸ਼ੀਲੀ ਪਲਕ ਦੇ ਵਿਚ ਕੈਦ ਗਹਿਰਾ ਨੀਲ ਸਾਗਰ ਹੈ
ਇਹ ਖਾਰੇ ਪਾਣੀਆਂ ਦੀ ਮੌਜ ਅੰਦਰ ਲਹਿਣ ਦੇ ਮੈਨੂੰ,

ਮੈਂ ਜੇਕਰ ਸੱਚ ਬੋਲਣ ਦੀ ਹਮਾਕਤ ਖ਼ੁਦ ਹੀ ਕੀਤੀ ਹੈ,
ਤਾਂ ਇਸ ਦੀ ਆਪਣੀ ਪੀੜਾ ਵੀ ਆਪੇ ਸਹਿਣ ਦੇ ਮੈਨੂੰ।

ਜੇ ਦਿਲ ਦਰਿਆ ਮਿਟਾ ਦੇਵੇ, ਸਮੁੰਦਰ ਦੀ ਕੀ ਹਸਤੀ ਹੈ,
ਮੈਂ ਪਰਤਾਂਗਾ ਘਟਾ ਬਣ ਕੇ ਜ਼ਰਾ ਉੱਡ ਲੈਣ ਦੇ ਮੈਨੂੰ।

(2)

ਸੁਨਹਿਰੀ ਖ਼ਾਬ ਸਹਿਮੀ ਫ਼ਿਜ਼ਾ ਵਿਚ ਰਗ ਘੋਲੇਗਾ।
ਤੂੰ ਵੇਖੀਂ ਇਕ ਦਿਨ ਜ਼ਿੰਦਾ ਲਹੂ ਸਿਰ ਚੜ੍ਹ ਕੇ ਬੋਲੇਗਾ।

ਉਹ ਜੋ ਹੰਕਾਰ ਦੇ ਕਿਲ੍ਹਿਆਂ ਦਾ ਬਣ ਦਰਬਾਨ ਬੈਠਾ ਹੈ,
ਇਹ ਰੁਤਬੇ ਕਲਗੀਆਂ ਸਭ ਨੂੰ ਚੁਰਸਤੇ ਵਿਚ ਰੋਲੇਗਾ।

ਬੁਝਾਈ ਲਾਟ ਨੇਰੀ ਨੇ, ਚਿਰਾਗ਼ਾਂ ਚੁੱਪ ਨਹੀਂ ਰਹਿਣਾ,
ਦਿਲਾਂ 'ਚੋਂ ਉਠਦਾ ਧੂੰਆਂ ਕੁਫ਼ਰ ਦੇ ਭੇਤ ਖੋਲ੍ਹੇਗਾ।

ਤੇਰੇ ਅੰਦਰ ਹੀ ਲਹਿਰਾਂ ਨੇ, ਤੂੰ ਦਰਿਆ ਹੈ, ਤੂੰ ਸਾਗਰ ਹੈ

ਤੇਰੀ ਅੱਖ ਦਾ ਤੜਪਣਾ ਨੀਰ ਤੇਰੀ ਨੀਂਦ ਖੋਲ੍ਹੇਗਾ।

ਅਦਾਲਤ ਦੀ ਗਵਾਹੀ ਨਾਲ ਬਣਦੇ ਬਿਣਸਦੇ ਰਿਸ਼ਤੇ
ਪਤਾ ਨਾ ਸੀ ਕਿ ਬੰਦਾ ਧਰਮ ਤੋਂ ਏਨਾ ਵੀ ਡੋਲੇਗਾ।

ਕਦੇ ਮਨ ਦੀ ਬਗੀਚੀ ਵਿਚ ਚੰਬਾ ਬੀਜ ਕੇ ਵੇਖੀਂ
ਉਦਾਸੀ ਹੂੰਝ ਦੇਵੇਗਾ ਤੇ ਰੂਹ ਵਿਚ ਮਹਿਕ ਘੋਲੇਗਾ।

*19 ਪਾਲਮ ਵਿਹਾਰ ਧਨੌਆ*
*ਪੱਖੋਵਾਲ ਰੋਡ, ਲੁਧਿਆਣਾ-142022*

* * *

# ਜਿਉਂਦਾ ਹੈ ਮੇਰਾ ਪੁੱਤ

*—ਅਤਰਜੀਤ*

ਵਹੁਟੀ ਦਾ ਹੌਸਲਾ ਵੇਖ ਕੇ ਮੱਖਣ ਸਿੰਘ ਦਾ ਦਿਲ ਹੁਣ ਟਿਕਾਣੇ ਆ ਗਿਆ ਸੀ। ਇਕ ਸਾਲ ਦੇ ਵਿਚ ਵਿਚ ਤਿੰਨ ਸਾਥੀਆਂ ਨੇ ਸਾਥੋਂ ਸਦਾ ਲਈ ਵਿਦਾਇਗੀ ਲੈ ਲਈ। ਸੁਰਜੀਤ ਮੁਲਾਜ਼ਮ ਫਰੰਟ 'ਤੇ ਆਗੂ ਸਫ਼ਾਂ 'ਚੋਂ ਸੀ ਤੇ ਬਹੁਤ ਹੀ ਵਧੀਆ ਅਧਿਆਪਕ ਸੀ। ਹੁਣ ਜਥੇਬੰਦੀ ਦੀਆਂ ਲੋੜਾਂ ਨੂੰ ਮੁੱਖ ਰੱਖ ਕੇ ਉਹ ਕਿਸਾਨ ਮੋਰਚੇ 'ਤੇ ਕੁੱਲ ਵਕਤੀ ਆਗੂ ਸੀ, ਜੋ ਹੁਣ ਦੋ ਹੋਰ ਸਾਥੀਆਂ ਨਾਲ਼ ਪੁਲਿਸ ਜਬਰ ਦਾ ਸ਼ਿਕਾਰ ਹੋਇਆ ਸੀ। ਪੁਲਿਸ ਨੇ ਕਿਸਾਨਾਂ ਮਜ਼ਦੂਰਾਂ ਦੇ ਇਕੱਠ 'ਤੇ ਗੋਲੀ ਚਲਾ ਦਿੱਤੀ ਸੀ ਤੇ ਪਲਾਂ ਵਿਚ ਹੀ ਤਿੰਨ ਸਾਥੀ ਲੋਕਾਂ ਤੋਂ ਖੋਹ ਲਏ ਸਨ। ਕਿਸੇ ਲਹਿਰ ਲਈ ਇਹ ਕੋਈ ਘੱਟ ਨੁਕਸਾਨ ਵਾਲ਼ੀ ਗੱਲ ਨਹੀਂ ਸੀ। ਅਜੇ ਕੁੱਝ ਸਾਲ ਪਹਿਲਾਂ ਹੀ ਤਾਂ ਚਾਰ ਜਿਗਰੀ ਦੋਸਤ ਅਤੇ ਜਥੇਬੰਦੀ ਦੇ ਘੁਲਾਟੀਏ ਸੜਕ ਹਾਦਸਿਆਂ ਦੀ ਭੇਟ ਚੜ੍ਹ ਗਏ ਸਨ। ਸੜਕਾਂ ਮੌਤ ਦਾ ਸਾਮਾਨ ਲੱਕ ਨਾਲ਼ ਬੰਨ੍ਹੀ ਲੋਕਾਂ ਨੂੰ ਭੱਖ ਕਰਨ ਲਈ ਹਾਬੜੀਆਂ ਫਿਰਦੀਆਂ ਸਨ। ਕਿਸੇ ਸਰਕਾਰ ਦਾ ਇਸ ਪਾਸੇ ਕੋਈ ਧਿਆਨ ਨਹੀਂ ਜਾਂਦਾ। ਹਰ ਪਾਸੇ ਲੋਕ ਇਕ ਖ਼ਾਸ ਕਿਸਮ ਦੀ ਭੱਜ-ਦੌੜ ਦੇ ਦੌਰ 'ਚੋਂ ਲੰਘ ਰਹੇ ਹਨ ਤੇ ਹਰ ਰੋਜ਼ ਹੀ ਅਨੇਕਾਂ ਲੋਕ ਸੜਕਾਂ ਦੇ ਭਿਆਨਕ ਜੁਬਾੜ੍ਹਿਆਂ 'ਚ ਜਾ ਪੈਂਦੇ ਨੇ। ਸੰਘਰਸ਼ਾਂ ਦੀ ਕਰੀਮ ਹੀ ਤਾਂ ਸਨ ਇਹ ਪੰਜੇ ਜਣੇ। ਪੰਜਾਂ ਨੂੰ ਹੀ ਜਿਵੇਂ ਸੰਘਰਸ਼ਾਂ ਦੀ ਗੁੜ੍ਹਤੀ ਦੇ ਕੇ ਹੀ ਜਨਮ ਦਿੱਤਾ ਹੋਵੇ ਪੰਜਾਂ ਦੀਆਂ ਮਾਂਵਾਂ ਨੇ। ਚਾਰ ਤੇ ਤਿੰਨ ਸੱਤ। ਕੋਈ ਘੱਟ ਐ ਗਿਣਤੀ? ਖ਼ਾਸ ਕਰਕੇ ਉਦੋਂ ਜਦੋਂ ਲੋਕਾਂ ਨੂੰ ਘੁਲਾਟੀਏ ਸਾਥੀਆਂ ਦੀ ਬੇਹੱਦ ਜ਼ਰੂਰਤ ਸੀ ਤੇ ਹੁਣ ਜਦੋਂ ਲੋਕ ਘੋਲ਼ਾਂ ਦੀ ਰੁੱਤ ਆਈ ਸੀ।

ਕਿਸਾਨੀ ਪਰਿਵਾਰ ਦੇ ਜੰਮੇ ਪਲ਼ਾਂ ਦਾ ਇਹੋ ਜਿਹੀਆਂ ਗੱਲਾਂ ਨਾਲ਼ ਪਹਿਲਾਂ ਕਦੇ ਵਾਹ ਹੀ ਨਹੀਂ ਸੀ ਪਿਆ ਪਰ ਇਹ ਤਾਂ ਜਦੋਂ ਤੋਂ ਅਧਿਆਪਕ ਯੂਨੀਅਨ ਵਿਚ ਕੰਮ ਕਰਨ ਲੱਗੇ ਸਨ ਤਾਂ ਜਿਵੇਂ ਜ਼ਿੰਦਗੀ ਦੇ ਅਰਥ ਸਮਝ ਆਉਣ ਲੱਗੇ ਸਨ। ਹੁਣ ਤਾਂ ਜਿਵੇਂ ਜੀਵਨ ਦੇ ਅਰਥ ਹੀ ਬਦਲ ਗਏ ਸਨ। ਕਈ ਗੱਲਾਂ ਯਾਦ ਕਰਕੇ ਮੱਖਣ ਸਿੰਘ ਝੋਰਾ ਜਿਹਾ ਕਰਨ ਲੱਗ ਪੈਂਦਾ ਹੈ। ਮਰਨ ਵਾਲ਼ਾ ਬਹੁਤ ਕੁੱਝ ਆਮ ਮੁੰਡਿਆਂ ਨਾਲ਼ੋਂ ਅੱਡਰਾ ਸੀ। ਛੋਟਾ ਹੁੰਦਾ ਹੀ ਅਵੱਲੀਆਂ ਗੱਲਾਂ ਕਰਦਾ ਹੁੰਦਾ ਸੀ। ਮੱਖਣ ਸਿੰਘ ਆਪਣੇ ਧਾਰਮਿਕ ਅਕੀਦੇ ਮੁਤਾਬਿਕ ਸੋਚਦਾ ਕਿ ਉਸ ਨੂੰ ਤਾਂ ਗੁਰੂ



ਮਹਾਰਾਜ ਦੀ ਬਖ਼ਸ਼ਿਸ਼ ਹੀ ਸੀ ਕਿ ਉਸ ਨੇ ਗੁਰੂ ਸਾਹਿਬਾਨ ਦੇ ਦਰਸਾਏ ਰਾਹ ਲੋਕ ਸੇਵਾ ਦੇ ਲੇਖੇ ਹੀ ਲੱਗਣਾ ਸੀ।

ਸੁਰਜੀਤ ਨੂੰ ਨੌਕਰੀ 'ਤੇ ਲੱਗਿਆ ਛੀ ਸੱਤ ਸਾਲ ਹੋ ਗਏ ਸਨ ਜਦੋਂ ਉਹ ਥੱਬਿਆਂ ਦੇ ਥੱਬੇ ਕਿਤਾਬਾਂ ਲੈ ਕੇ ਘਰ ਵੜਦਾ ਹੁੰਦਾ ਸੀ। ਗੱਲ ਤਾਂ ਨਾਵਲਾਂ ਤੋਂ ਚੱਲੀ ਸੀ। ਸੁਰਜੀਤ ਬਹੁਤ ਕਿਤਾਬਾਂ ਪੜ੍ਹਦਾ ਸੀ ਤੇ ਇਹ ਕਿਤਾਬਾਂ ਹੀ ਲੋਕਾਂ ਦੀ ਜ਼ਿੰਦਗੀ ਨਾਲ਼ ਜੋੜਨ ਦਾ ਸਬੱਬ ਬਣੀਆਂ ਸਨ। ਭਾਵੇਂ ਕਿਸੇ ਨਾਵਲ ਦੀ ਕਹਾਣੀ ਹੀ ਹੁੰਦੀ ਜਿਸ ਵਿਚ ਨਾਇਕ ਕਿਵੇਂ ਸੰਘਰਸ਼ ਕਰਦਾ ਵਿਖਾਇਆ ਜਾਂਦਾ ਹੈ ਤੇ ਇਹ ਦੁੱਖ ਅਤੇ ਤਸੀਹੇ ਕਿਵੇਂ ਸਹਿੰਦਾ ਹੈ, ਸਾਰਾ ਕੁੱਝ ਕਾਲਪਨਿਕ ਜਿਹਾ ਹੋ ਕੇ ਸੱਚ ਲਗਦਾ ਹੈ ਤੇ ਜੀਅ ਕਰਦਾ ਹੈ ਕਿ ਆਪ ਵੀ ਇਵੇਂ ਹੀ ਕਰੀਏ। ਭਾਵੇਂ ਕੋਈ ਸਿਧਾਂਤਿਕ ਕਿਤਾਬ ਹੁੰਦੀ ਜਿਸ ਨੂੰ ਸਮਝਣ ਲਈ ਖ਼ਾਸਾ ਜ਼ੋਰ ਲਾਉਣਾ ਪੈਂਦਾ ਸੀ। ਕਿਤਾਬਾਂ ਲੋਕਾਂ ਬਾਰੇ ਸੋਚਣ ਲਾਉਂਦੀਆਂ ਸਨ ਤੇ ਇਸ ਤਰ੍ਹਾਂ ਸੋਚਦਿਆਂ ਇਉਂ ਹੀ ਤਾਂ ਜਾਪਣ ਲੱਗ ਪੈਂਦਾ ਸੀ ਜਿਵੇਂ ਜਨ-ਸਾਧਾਰਨ ਤਾਂ ਬੱਸ ਨੇਰ੍ਹਾ ਢੋਣ ਨੂੰ ਹੀ ਜੰਮੇ ਨੇ। ਔਖਾਂ ਝੱਲੀ ਜਾਣਗੇ ਪਰ ਕੀ ਮਜ਼ਾਲ ਐ ਬਈ ਆਪਣੀਆਂ ਔਖਾਂ ਬਾਰੇ ਸੋਚ ਜਾਣ ਬਈ ਇਨ੍ਹਾਂ ਔਖਾਂ ਦਾ ਕੀ ਕਾਰਨ ਐ? ਇਹ ਕੰਮ ਹੀ ਤਾਂ ਇਨ੍ਹਾਂ ਚੇਤੰਨ ਲੋਕਾਂ ਨੇ ਆਪਣੇ ਹਿੱਸੇ ਦਾ ਕਾਰਜ ਸਮਝ ਕੇ ਨੌਕਰੀਆਂ ਨੂੰ ਲੱਤ ਮਾਰ ਕੇ ਔਖਾ ਰਾਹ ਅਪਣਾਇਆ ਸੀ ਤੇ ਇਨ੍ਹਾਂ 'ਚੋਂ ਤਿੰਨ ਪੁਲਿਸ ਤਸ਼ੱਦਦ ਦਾ ਸ਼ਿਕਾਰ ਹੋ ਗਏ ਸਨ।

ਇਹ ਸਾਰਾ ਕੁੱਝ ਮੱਖਣ ਸਿੰਘ ਨੂੰ ਪਰੇਸ਼ਾਨ ਕਰਨ ਲਈ ਕਾਫ਼ੀ ਸੀ। ਉਸਦਾ ਇਕੋ ਇਕ ਪੁੱਤ ਸੁਰਜੀਤ ਸੰਘਰਸ਼ ਦੀ ਭੇਟ ਚੜ੍ਹ ਗਿਆ ਸੀ ਤੇ ਉਸ ਦੇ ਕੋਲ਼ ਹੁਣ ਰਹਿ ਗਿਆ ਇਕ ਵਿਚਾਰ ਕਿ ਉਹ ਇਕ ਸ਼ਹੀਦ ਦਾ ਪਿਉ ਹੈ ਜਿਸ ਨੇ ਲੋਕਾਂ ਦੇ ਲੇਖੇ ਆਪਣੀ ਜਿੰਦ ਲਾਈ ਹੈ। ਨੂੰਹ ਤੇ ਦੋ ਪੋਤੀਆਂ। ਬਲੂਰ ਜਿਹੀਆਂ ਜਿਨ੍ਹਾਂ ਨੇ ਜੱਗ ਦਾ ਅਜੇ ਕੁਝ ਵੀ ਤਾ ਨਹੀਂ ਵੇਖਿਆ। ਇਹ ਕਾਫ਼ੀ ਨਹੀਂ ਇਸ ਤੋਂ ਵੱਡੀ ਗੱਲ ਚਾਹੀਦੀ ਹੈ, ਮੱਖਣ ਸਿੰਘ ਨੂੰ, ਇਕ ਬਾਪ ਨੂੰ। ਬੁੱਢੇ ਵਾਰੇ ਮੱਖਣ ਸਿੰਘ ਨੂੰ ਆਪਣੇ ਭਵਿੱਖ ਦੀ ਡੰਗੋਰੀ ਖੁੱਸ ਜਾਣ ਦਾ ਫ਼ਿਕਰ ਹੈ। ਹਾਂ ਹਾਂ ਕੀ ਰਹਿ ਗਿਆ ਹੈ ਉਸ ਕੋਲ਼ ਜੇ ਵੇਖਿਆ ਜਾਵੇ ਤਾਂ? ਸਿਰਫ਼ ਇਕ ਸ਼ਹੀਦ ਦਾ ਬਾਪ ਅਖਵਾ ਲੈਣਾ...ਇਹ ਕੁੱਝ ਕਾਫ਼ੀ ਨਹੀਂ ਬਿਲਕੁੱਲ ਵੀ। ਸੁਰਜੀਤ ਸਿੰਘ ਦੀ ਮਾਂ ਵੀ ਤਾਂ ਜਿਵੇਂ ਕੰਧਾਂ ਕੌਲ਼ਿਆਂ ਵਿਚ ਵੱਜਦੀ ਫਿਰਦੀ ਹੈ ਆਪਣੇ ਪੁੱਤ ਨੂੰ ਭਾਲਦੀ ਕਮਲ਼ੀ ਹੋਈ ਪਈ ਹੈ।

ਕਦੇ ਇਉਂ ਲੱਗਦਾ ਹੈ ਮੱਖਣ ਸਿੰਘ ਨੂੰ ਕਿ ਸੁਰਜੀਤ ਸਾਡੇ ਤੋਂ ਵਿਛੜ ਕੇ ਕਿਧਰੇ ਵੀ ਨਹੀਂ ਗਿਆ। ਉਹ ਆਪਣੇ ਚਹੁੰਆਂ ਸਾਥੀਆਂ ਨਾਲ਼ ਕਾਹਲ਼ੀ ਕਾਹਲ਼ੀ ਆਏਗਾ ਤੇ ਆਉਂਦਾ ਹੀ ਆਖੇਗਾ- "ਮਾਂ ਬਣਾਈਂ ਕੇਰਾਂ ਛੇਤੀ ਦੇਣੇ ਚਾਰ ਕੁ ਕੱਪ ਚਾਹ। ਜਾਂ ਗੁਰਨਾਮ ਕੁਰ ਨੂੰ ਕਹੇਗਾ- "ਮਖਿਆ ਜੀ ਥੋੜਾ ਕਸ਼ਟ ਕਰਿਉ ਸ੍ਰੀਮਤੀ ਜੀਉ ਆਹ ਸਾਡੇ ਪਿਆਰੇ ਪਿਆਰੇ ਸਾਥੀਆਂ ਵਾਸਤੇ ਚਾਰ ਕੁ ਰੋਟੀਆਂ ਹੀ ਲਾਹ ਦਿਉ ਜੀ।" ਮੱਖਣ ਸਿੰਘ ਨੂੰ ਵੀ ਇਉਂ ਹੀ ਲਗਦਾ ਰਹਿੰਦਾ ਹੈ ਕਿ ਉਹ ਹੁਣੇ ਹੀ ਇਧਰੋਂ ਉਧਰੋਂ ਆਏਗਾ ਤੇ ਆਉਂਦੇ ਸਾਰ ਕੋਈ ਕਿਤਾਬ ਮੇਜ਼ 'ਤੇ ਠਾਹ ਕਰਕੇ ਰੱਖੇਗਾ ਅਤੇ ਪਾਣੀ ਮੰਗੇਗਾ। ਹਰ ਤਿੱਥ ਤਿਉਹਾਰ ਮੌਕੇ ਉਹ ਯਾਦ ਆਉਂਦਾ ਹੈ। ਕਦੇ ਕਿਤਾਬ ਪੜ੍ਹਦਾ ਤੇ ਕਦੇ ਕੁੱਝ ਲਿਖਦਾ ਦਿਖਾਈ ਦਿੰਦਾ ਰਹਿੰਦਾ ਹੈ। ਨਹੀਂ ਉਹ ਕਦੇ ਨਹੀਂ ਆਖੇਗਾ। ਇਹ ਬੋਲ ਨਹੀਂ ਸੁਣਨ ਨੂੰ ਮਿਲਣੇ ਉਸਦੇ ਬੋਲੇ ਇਹ ਬੋਲ। ਉਹ ਕਿਸੇ ਅਜਿਹੀ ਥਾਂ ਤਾਂ ਗਿਆ ਹੀ ਨਹੀਂ ਜਿੱਥੋਂ ਬੰਦਾ ਗਿਆ ਵਾਪਸ ਆ ਜਾਵੇ।

ਪੰਜ ਸਾਲ ਬੀਤ ਗਏ ਨੇ ਪਰ ਲਗਦੈ ਜਿਵੇਂ ਇਹ ਕੱਲ੍ਹ ਦੀਆਂ ਗੱਲਾਂ ਹਣ। ਕਿਸਾਨੀ ਮਸਲਿਆ 'ਤੇ ਕਿਸਾਨ ਜੱਥੇਬੰਦੀਆ ਦਾ ਸੰਘਰਸ਼ ਚਲ ਰਿਹਾ ਸੀ ਕਿ ਆੜ੍ਹਤੀਆਂ ਤੇ ਬੈਂਕਾਂ ਨੇ ਗਰੀਬੀ ਦੇ ਮਾਰੇ ਅਤੇ ਤੰਗੀਆਂ ਦੇ ਨਪੀੜੇ ਕਿਸਾਨਾ 'ਤੇ ਹਮਲਾ ਬੋਲ ਦਿੱਤਾ ਸੀ ਕੁਰਕੀਆਂ ਦਾ। ਇਸ ਕਰਜ਼ੇ ਦੇ ਦੈਂਤ ਨੇ ਕਿੰਨੇ ਹੀ ਕਿਸਾਨ ਅਤੇ ਮਜ਼ਦੂਰ ਨਿਗਲ਼ ਲਏ ਸਨ। ਕਿੰਨੇ ਗਲ਼ਾਂ 'ਚ ਰੱਸਾ ਪਾ ਕੇ ਆਤਮਘਾਤ ਕਰ ਗਏ ਸਨ। ਕੋਈ ਸਪਰੇਅ ਪੀ ਕੇ ਜਾਂ ਸਲਫ਼ਾਸ ਖਾ ਕੇ ਆਪਣੀ ਜੀਵਨ ਲੀਲ੍ਹਾ ਦਾ ਖ਼ਾਤਮਾ ਕਰ ਗਿਆ ਸੀ ਪਰ ਸਰਕਾਰ ਦੇ ਕੰਨਾਂ 'ਤੇ ਤਾਂ ਜੂੰ ਵੀ ਨਹੀਂ ਸੀ ਸਰਕ ਰਹੀ। ਇਸੇ ਕਰਕੇ ਕਿਸਾਨਾਂ ਨੇ ਸਰਕਾਰ ਦੇ ਕੰਨ ਖਿੱਚਣ ਦਾ ਬਿਗਲ ਵਜਾਇਆ ਹੋਇਆ ਸੀ। ਸੁਰਜੀਤ ਇਸ ਗੱਲੋਂ ਚੇਤੰਨ ਸੀ ਕਿ ਇਹ ਜੋ ਹਵਾ ਕੁਝ ਅਜਿਹੀ ਵਗਣ ਲੱਗੀ ਸੀ ਜਿਸ ਦੇ ਅੱਗੇ ਕੁੱਝ ਉਪਾਅ ਕਰਕੇ ਰੋਕਾਂ ਲਾਉਣ ਦੀ ਠੱਲ੍ਹ ਲਾਉਣ ਦੀ ਜ਼ਰੂਰਤ ਸੀ। ਮੁਲਾਜ਼ਮ, ਮਜ਼ਦੂਰ, ਕਿਸਾਨ, ਵਿਦਿਆਰਥੀ, ਨੌਜਵਾਨ ਸਭ ਇਕ ਦੂਜੇ ਦੀ ਬਾਂਹ ਫੜਦੇ ਸਨ ਤੇ ਸਾਂਝੇ ਸੰਘਰਸ਼ਾਂ ਦੇ ਰਾਹ ਪੈਂਦੇ ਸਨ। ਇਸ ਘੋਲ਼ ਵਿਚ ਕੋਈ ਪਿੱਛੇ ਰਹਿਣ ਦੀ ਤਾਂ ਸੋਚ ਈ ਨਹੀਂ ਸੀ ਸਕਦਾ। ਇਸੇ ਸੰਘਰਸ਼ ਦੀ ਭੇਂਟ ਚੜ੍ਹ ਗਿਆ ਸੀ ਉਸਦਾ ਹੀਰਾ, ਸੁਰਜੀਤ। ਇਸ ਤਰ੍ਹਾਂ ਮੱਖਣ ਸਿੰਘ ਨੂੰ ਕਦੇ ਕਦੇ ਬਹੁਤ ਹੀ ਜ਼ਿਆਦਾ ਫ਼ਖ਼ਰ ਹੋਣ ਲੱਗਦਾ ਹੈ ਕਿ ਉਸ ਦੇ ਇਸ ਹੋਣਹਾਰ ਬੱਚੇ ਨੇ ਕਿੰਨੇ ਸਾਰੇ ਲੋਕਾਂ ਵਿਚ ਉਸ ਦੀ ਪੜਤ ਬਣਾਈ ਸੀ।

ਮੱਖਣ ਸਿੰਘ ਖੁਦ ਅੰਮ੍ਰਿਤਧਾਰੀ ਸਿੱਖ ਹੈ ਤੇ ਉਹ ਆਪਣੇ ਆਪ ਨੂੰ ਇਹ ਕਹਿ ਕੇ ਦਿਲਬਰੀ ਦਿੰਦਾ ਹੈ-'ਮਨਾ ਦਸਵੇਂ ਗੁਰੂ ਨੇ ਤਾਂ ਆਪਣਾ ਸਰਵੰਸ ਹੀ ਲੋਕਾਂ ਦੇ ਲੇਖੇ ਲਾ ਦਿੱਤਾ ਸੀ ਤੂੰ ਕੀਹਦਾ ਪਾਣੀਹਾਰ ਹੈ?' ਉਹ ਇਸ ਕਰਕੇ ਵੀ ਲੱਕ ਬੰਨ੍ਹ ਲੈਂਦਾ ਹੈ ਕਿ ਉਸ ਦੀ ਨੂੰਹ ਗੁਰਨਾਮ ਕੌਰ ਆਪਣੀਆਂ ਦੁਹਾਂ ਧੀਆਂ ਨੂੰ ਉਨ੍ਹਾਂ ਦੇ ਬਾਪ ਦੀਆਂ ਕਹਾਣੀਆਂ ਸੁਣਾ ਸੁਣਾ ਕੇ ਦਿਲ ਹੌਲ਼ਾ ਨਹੀਂ ਹੋਣ ਦਿੰਦੀ। ਇਸ ਦਾ ਮੱਖਣ ਸਿੰਘ ਨੂੰ ਡਾਢਾ ਸਕੂਨ ਰਹਿੰਦਾ ਹੈ।

ਹਰ ਸਾਲ ਪੰਜਾਂ ਜਣਿਆਂ ਦੀਆਂ ਬਰਸੀਆਂ ਮਨਾਈਆਂ ਜਾਂਦੀਆਂ ਨੇ। ਹਰ ਸਾਲ ਉਨ੍ਹਾਂ ਦੇ ਅਧੂਰੇ ਸੁਪਨਿਆਂ ਨੂੰ ਪੂਰਾ ਕਰਨ ਦੀਆਂ ਗੱਲਾਂ ਦੁਹਰਾਈਆਂ ਜਾਂਦੀਆਂ ਹਨ। ਜਿਸ ਨੇ ਲੋਕ ਘੋਲ਼ਾਂ ਲਈ ਕੁੱਝ ਕੀਤਾ ਹਵੇ ਉਹ ਯੁਗਾਂ ਤੱਕ ਜਿਊਂਦਾ ਰਹਿੰਦਾ ਹੈ ਆਪਣੇ ਠੋਸ ਵਿਚਾਰਾਂ ਕਰਕੇ। ਭਗਤ ਸਿੰਘ ਨੇ ਫਾਂਸੀ ਦੀ ਸਜ਼ਾ ਹੋ ਜਾਣ ਪਿੱਛੋਂ ਕਾਲ ਕੋਠੜੀ 'ਚੋਂ ਆਖੀ ਸੀ ਇਹ ਗੱਲ- "ਉਹ ਹੁਣ ਵਿਚਾਰ ਬਣ ਗਿਆ ਹੈ ਤੇ ਵਿਚਾਰ ਕਦੇ ਵੀ ਮਰਦਾ ਨਹੀਂ ਹੁੰਦਾ।" ਮੱਖਣ ਸਿੰਘ ਹਰੇਕ ਬਰਸੀ ਮੌਕੇ ਸ਼ਰਧਾਂਜਲੀ ਸਮਾਗਮ ਖ਼ਤਮ ਹੋਣ 'ਤੇ ਬੁਲਾਰਿਆ ਦੇ ਆਖੇ ਇਹ ਬੋਲ ਆਪਣੇ ਨਾਲ਼ ਆਪਣੇ ਜ਼ਿਹਨ ਵਿਚ ਟੰਗ ਕੇ ਲਿਆਉਂਦਾ ਹੈ ਤੇ ਕਈ ਦਿਨਾਂ ਤੱਕ ਇਹ ਵਿਚਾਰ ਉਸਦਾ ਪਿੱਛਾ ਕਰਦੇ ਰਹਿੰਦੇ ਨੇ ਤੇ ਫਿਰ ਜਿਵੇਂ ਜ਼ਿੰਦਗੀ ਆਮ ਵਾਂਗ ਤੁਰਨ ਲਗਦੀ ਹੈ ਜਾਂ ਰਿੜ੍ਹਨ ਲੱਗ ਪੈਂਦੀ ਹੈ।

ਮੱਖਣ ਸਿੰਘ ਲਈ ਇਹ ਵਿਚਾਰ ਕਾਫ਼ੀ ਹੱਦ ਤੱਕ ਸ਼ਕਤੀ ਦਿੰਦਾ ਹੈ-"ਠੀਕ ਐ ਸੁਰਜੀਤ ਅੱਜ ਸਰੀਰਕ ਤੌਰ 'ਤੇ ਬੇਸ਼ੱਕ ਸਾਡੇ ਵਿਚਕਾਰ ਨਹੀਂ ਹੈ ਪਰ ਜੋ ਕੁੱਝ ਉਹ ਆਪਣੇ ਕਿਰਤੀ ਸਮਾਜ ਨੂੰ ਦੇ ਗਿਆ, ਉਸਦੀ ਦੇਣ ਹਮੇਸ਼ਾ ਸਾਡੇ ਅੰਗ ਸੰਗ ਰਹੇਗੀ। ਮੈਨੂੰ ਵੀ ਇਸ ਗੱਲ ਦਾ ਮਾਣ ਹੈ ਕਿ ਉਹ ਮੇਰਾ ਪੁੱਤ ਸੀ। ਤੇ ਹੁਣ ਬਹੂ ਨੇ ਵੀ ਤਾਂ ਜਿਵੇਂ ਮੇਰੇ ਦੁੱਖ ਨੂੰ ਪਤਲਾ ਕਰ ਦਿੱਤਾ ਹੈ ਇਹ ਕਹਿ ਕੇ ਉਹ ਸੁਰਜੀਤ ਦੇ ਰਾਹ 'ਤੇ ਤੁਰੇਗੀ।"

ਕਿਹੜਾ ਮਾਈ ਦਾ ਲਾਲ ਹੋਊਗਾ ਜੋ ਆਪਣੀ ਜਵਾਨ ਜਹਾਨ ਨੂੰਹ-ਧੀ ਨੂੰ ਓਪਰਿਆਂ



ਬੰਦਿਆਂ ਦੇ ਨਾਲ ਤੋਰ ਸਕਦੈ। ਕੁੜੀਆਂ ਨੂੰ ਤਾਂ ਅਗਲੇ ਦੇਹਲ਼ੀ ਤੋਂ ਪਾਰ ਨ੍ਹੀ ਜਾਣ ਦਿੰਦੇ।

"ਏ ਕੁੜੀਏ ਚੱਲ ਅੰਦਰ ਚੰਗੇ ਘਰਾਂ ਦੀਆਂ ਕੁੜੀਆਂ ਨੀ ਇਉਂ ਕਰਦੀਆਂ ਹੁੰਦੀਆਂ।"

ਜਿਵੇਂ ਮਾੜੇ ਘਰਾਂ ਦੀਆਂ ਕੁੜੀਆਂ ਦੇ ਹਿੱਸੇ ਵਿਚ ਹੀ ਬਾਹਰ ਜਾਣਾ ਲਿਖਿਆ ਗਿਆ ਹੋਵੇ। ਸੁਰਜੀਤ ਤਾਂ ਆਪ ਹੀ ਬਹੂ ਨੂੰ ਹਰੇਕ ਵੱਡੇ ਛੋਟੇ ਪ੍ਰੋਗਰਾਮ 'ਤੇ ਨਾਲ ਲਿਜਾਣ ਲੱਗ ਪਿਆ ਸੀ। ਕਦੇ ਕਦਾਈ ਮੱਖਣ ਸਿਘ ਵੀ ਚਲਾ ਜਾਂਦਾ ਸੀ ਕਿਸੇ ਧਰਨੇ ਮੁਜ਼ਾਹਰੇ 'ਤੇ, ਜਿਥੇ ਬਥੇਰੀਆਂ ਕੁੜੀਆਂ ਪ੍ਰੋਗਰਾਮਾਂ ਵਿਚ ਸ਼ਾਮਿਲ ਹੁੰਦੀਆਂ ਸਨ। ਧਰਨੇ ਮੁਜ਼ਾਹਰੇ ਵਿਚ ਮੁੱਕੇ ਉਲਾਰ ਉਲਾਰ ਕੇ ਨਾਹਰੇ ਲਾਉਂਦੀਆਂ ਨੂੰ ਵੇਖ ਕੇ ਸਕੂਨ ਮਿਲਦਾ ਸੀ ਉਸਨੂੰ।

'ਮੁੰਡਾ ਕਾਹਦਾ ਸੀ ਕਮਾਲ ਈ ਤਾਂ ਸੀ ਬੱਸ। ਅੜੱਕਵਾਂ ਬੋਲ ਤਾਂ ਜਿਵੇਂ ਜਾਣਦਾ ਹੀ ਨਹੀਂ ਸੀ। ਜਦੋਂ ਗੱਲ ਕਰਦਾ ਤਾਂ ਮੂੰਹ ਇਕ ਤਰ੍ਹਾਂ ਫੁੱਲ ਹੀ ਤਾਂ ਕਿਰਦੇ ਸਨ। ਉਸਦੀ ਜਿਵੇਂ ਹਰ ਹਰਕਤ ਹੀ ਮਨ ਨੂੰ [illegible] ਲੈਣ ਵਾਲ਼ੀ ਸੀ। ਚਿਹਰੇ 'ਤੇ ਹਮੇਸ਼ਾ ਹੀ ਅਜਿਹਾ ਪ੍ਰਭਾਵ ਰਹਿੰਦਾ ਜਿਵੇਂ ਹੁਣੇ ਹੱਸੇਗਾ। ਤੇ [illegible] ਬਹੁਤ ਹੀ ਵੱਡੀ ਉਮਰ ਦਾ ਕੋਈ ਬਜ਼ੁਰਗ ਹਵੇ, ਇਉਂ ਵਰਤਾਉ ਕਰਦਾ ਹਰ ਕਿਸੇ ਨਾਲ। ਉਸਨੂੰ ਮਿਲ਼ਣ ਜਾਂ ਰਾਇ ਮਸ਼ਵਰਾ ਕਰਨ ਕੋਈ ਨਾ ਕੋਈ ਆਇਆ ਹੀ ਰਹਿੰਦਾ ਸੀ। ਅਗਲੇ ਨੂੰ ਬਹੁਤ ਹੀ ਸਹਿਜ ਨਾਲ਼ ਦਲੀਲਾਂ ਦੇ ਕੇ ਸਮਝਾਉਂਦਾ ਸੀ ਸੁਰਜੀਤ। ਬਹੁਤ ਦਿਲ ਵਧਦਾ ਸੀ ਮੱਖਣ ਸਿੰਘ ਦਾ, ਜਦੋਂ ਉਹਦੇ ਨਾਲ਼ ਆਏ ਮੁੰਡੇ ਉਹਦੇ ਗੋਡੀਂ ਹੱਥ ਲਾਉਂਦੇ ਸਨ। ਅੱਜ ਕੱਲ੍ਹ ਤਾਂ ਬਜ਼ੁਰਗਾਂ ਨੂੰ ਵਾਧੂ ਦਾ ਕੂੜਾ ਕਬਾੜ ਹੀ ਸਮਝਦੇ ਐ ਬੱਚੇ। ਰੋਜ਼ ਵੇਖਦੇ ਹੀ ਹਾਂ।' ਮੱਖਣ ਸਿੰਘ ਆਪਣੀ ਔਲ਼ਾਦ ਦੇ ਵਾਰੇ ਵਾਰੇ ਜਾਂਦਾ।

ਗਲ਼ੀ ਗੁਆਂਢ ਵਿਚ ਹੋਰ ਲੋਕ ਵੀ ਸਨ ਜੋ ਆਪਣੇ ਆਪਣੇ ਕਾਰੋਬਾਰਾਂ ਵਿਚ ਗਲ਼ ਗਲ਼ ਤੱਕ ਧਸੇ ਜਾਪਦੇ ਹਨ। ਪੈਸੇ ਪਿੱਛੇ ਮਾਰ ਮਾਰ ਕਰਦੇ ਭੱਜੇ ਫਿਰਦੇ ਦਿਸਦੇ ਹਨ। ਕੋਈ ਬੈਂਕਾਂ ਦੇ ਕਰਜ਼ਿਆਂ ਪਿੱਛੇ ਦੌੜਦਾ ਹੈ ਤੇ ਕੋਈ ਤਨਖਾਹ ਦੇ ਨਾਲ ਵਾਧੂ ਕਮਾਈ ਦੇ ਚੱਕਰ ਵਿਚ ਉਲਝਿਆ ਹੋਇਆ। ਇਕ ਮਸ਼ੀਨ ਦੀ ਤਰ੍ਹਾਂ ਗਿੜਦਾ ਦਿਖਾਈ ਦਿੰਦਾ ਹੈ ਹਰ ਕੋਈ। ਕਈ ਮੁਲਾਜ਼ਮ ਸੇਵਾ ਮੁਕਤ ਹੁੰਦੇ ਤਾਂ ਉਹ ਪੀਲ਼ੀ ਜਾਂ ਨੀਲੀ ਬੰਨ੍ਹ ਕੇ ਗੁਰਦੁਆਰੇ ਵੱਲ ਮੂੰਹ ਕਰ ਲੈਂਦੇ। ਉਹ ਆਪ ਵੀ ਤਾਂ ਹਰ ਰੋਜ਼ ਗੁਰਦੁਆਰੇ ਜਾਂਦਾ ਰਿਹੈ। ਇਹ ਲੋਕ ਤਾਂ ਗੁਰਦੁਆਰੇ ਜਾ ਕੇ ਵੀ ਨਵੇਂ ਖ਼ਰੀਦੇ ਪਲਾਟਾਂ ਦੇ ਭਾਵਾਂ ਦੀਆਂ ਗੱਲਾਂ ਕਰਦੇ ਹੀ ਮੁੜਦੇ ਨੇ ਹੱਥਾਂ ਵਿਚ ਕੜਾਹ ਲੈ ਕੇ। ਇਸ ਸਾਲ ਗਲ਼ੀ ਦੇ ਤਿੰਨ ਤਾਂ ਪੁਲ਼ਿਸ ਵਾਲ਼ੇ ਹੀ ਰਿਟਾਇਰ ਹੋਏ ਸੀ ਤੇ ਤਿੰਨੇ ਹੀ ਹੁਣ ਦਾੜ੍ਹੀਆਂ ਵਧਾ ਕੇ ਗੁਰਦੁਆਰੇ ਦੇ ਅਨਿੰਨ ਸੇਵਕ ਹੋਣ ਦਾ ਡਰਾਮਾ ਕਰ ਰਹੇ ਸਨ। ਮੱਖਣ ਸਿੰਘ ਖ਼ੁਦ ਦੇਖਦਾ ਹੀ ਸੀ ਹੇਠਾਂ ਤੋਂ ਉਨ੍ਹਾਂ ਦੀਆਂ ਦਾੜ੍ਹੀਆਂ ਨਿਰੀਆਂ ਜੁਲਾਹੇ ਦਾ ਕੁੱਚ ਹੀ ਤਾਂ ਲਗਦੀਆਂ ਹਨ। ਹਰ ਦੂਜੇ ਚੌਥੇ ਕਿਸੇ ਨਾ ਕਿਸੇ ਦੇ ਘਰ ਅਖੰਡ ਪਾਠ ਵਾਸਤੇ ਸਪੀਕਰ ਵਜਦਾ ਰਹਿੰਦਾ ਸੀ ਤੇ ਕਿਸੇ ਗਲ਼ੀ ਵਿਚ ਮੂਰਤੀਆਂ ਰੱਖ ਕੇ ਭਜਨ ਦੇ ਨਾਂ ਥੱਲੇ ਗੰਦੇ ਗੀਤਾਂ ਦੀਆਂ ਤਰਜ਼ਾਂ 'ਤੇ ਗਾਉਂਦੀ ਤੇ ਨਚਦੀ ਮੁੰਡੀਹਰ ਤੇ ਉਪਰ ਵੱਲ ਬਾਂਹਾ ਉਲਾਰ ਉਲਾਰ ਕੇ ਤਾੜੀਆਂ ਵਜਾਉਂਦੀਆਂ ਔਰਤਾਂ। ਹੁਣ ਭਜਨ ਵੀ ਭੰਗੜੇ ਤੋਂ ਬਗੈਰ ਨ੍ਹੀ ਹੋ ਸਕਦੇ। ਕੰਨ ਪਾੜਦੀਆਂ ਆਵਾਜ਼ਾਂ। ਨੀਂਦ ਨੇ ਕਾਹਦਾ ਆਉਣਾ ਸੀ।

ਵੇਖਿਆ ਨੀ ਥਾਣੇਦਾਰ ਜਵਾਲਾ ਸਿੰਘ? ਫੜੀ ਹੋਈ ਭੁੱਕੀ ਦਾ ਟਰੱਕ ਵੇਚਦਾ ਇਕ ਵਾਰ ਆਪ ਵੀ ਫੜਿਆ ਗਿਆ ਸੀ। ਹੌਲਦਾਰ ਮੰਗਲਾ ਰਾਮ ਨੇ ਪੰਜ ਕਿਲੋ ਅਫ਼ੀਮ ਕਿਧਰੇ ਭਸਮ ਹੀ ਕਰ ਦਿੱਤੀ ਸੀ। ਮੁਕੱਦਮੇ ਵਿਚ ਕਿੰਨੇ ਵਾਰ ਉਲਝਿਆ। ਉਲਝਿਆ ਤਾਂ ਜੇ ਉਪਰਲਿਆਂ ਵੱਲ

ਨਾ ਝਕਿਆ। 'ਕੱਲੇ ਨੇ ਹੀ ਜੱਫਾ ਮਾਰਨਾ ਚਾਹਿਆ ਸੀ ਨਾ। ਅਜੇ ਕੱਲ੍ਹ ਦੀਆਂ ਗੱਲਾਂ ਨੇ ਜਦੋਂ ਇਨ੍ਹਾਂ ਸਿਪਾਹੀਆਂ ਕਲ਼ ਸਾਈਕਲ ਵੀ ਨ੍ਹੀ ਸੀ ਹੁੰਦੇ ਤੇ ਹੁਣ ਕਾਰਾਂ ਕੋਠੀਆਂ ਦੇ ਮਾਲਕ ਬਣ ਫਿਰਦੇ ਨੇ। ਰਿਸ਼ਵਤਾਂ ਲੈ ਲੈ ਕੇ ਬਣਾਈਆਂ ਨੇ ਕੋਠੀਆਂ ਤੇ ਲੈ ਕੇ ਦਿੱਤੀਆਂ ਨੇ ਮੁੰਡਿਆਂ ਨੂੰ ਕਾਰਾਂ। ਕੀ ਬਣੀ ਜਾਂਦੈ ਮੁਲਕ ਦਾ। ਇਹ ਕਿਹੋ ਜੀ ਵਾਅ ਵਗ ਪਈ ਜ਼ਮਾਨੇ 'ਤੇ? ਸਭ ਚੋਰ ਉਚੱਕੇ ਗੱਦੀਆਂ ਦੇ ਮਾਲਕ ਬਣ ਗਏ ਨੇ ਫਿਰ ਇਹੋ ਕੁੱਝ ਹੀ ਤਾਂ ਹੋਣਾ ਹੋਇਆ। ਮੇਰਿਆ ਮਨਾ ਇਹ ਗੱਲਾਂ ਕੋਈ ਅੱਜ ਦੀਆਂ ਹੀ ਤਾਂ ਨਹੀਂ ਇਹ ਅੰਧੀ ਰਈਅਤ ਤਾਂ ਹਰ ਯੁਗ ਦਾ ਵਰਤਾਰਾ ਰਹੀ ਹੈ। ਬਾਬਾ ਨਾਨਕ ਵੀ ਤਾਂ ਇਹੋ ਕਹਿੰਦਾ ਰਿਹਾ ਤੇ ਅੱਜ ਉਸ ਦਾ ਨਾ ਲੈਣ ਵਾਲ਼ੇ ਉਹੋ ਕੁੱਛ ਕਰੀ ਜਾਂਦੇ ਐ। ਫ਼ਰਕ ਤਾਂ ਕੋਈ ਨ੍ਹੀ ਪਿਆ।

ਦੇਖਿਆ ਨਹੀਂ ਜੇਲ੍ਹ ਵਾਲ਼ਾ ਪੁਲ਼ਸੀਆ। ਕੈਦੀਆਂ ਤੋਂ ਮਾੜੇ ਮੋਟੇ ਕਸੂਰ ਬਦਲੇ ਈ ਦਸ ਦਸ ਹਜ਼ਾਰ ਵੱਟ ਲੈਂਦੇ ਤੇ ਕਮੀਜ਼ ਦੇ ਹੇਠ ਦੀ ਕਿਰਪਾਨ ਜ਼ਰੂਰ ਪਾ ਕੇ ਰੱਖੂ। ਨਾਲ਼ੇ ਤਾਂ ਵਿਚਾਰੇ ਕੈਦੀ ਤੋਂ ਮੁਬਾਈਲ ਖੋਹ ਲਿਆ ਨਾਲੇ ਘਰੋਂ ਦਸ ਹਜ਼ਾਰ-ਰੁਪਿਆ ਮੰਗਵਾ ਲਿਆ ਡਰਾਵਾ ਦੇ ਕੇ ਬਈ ਜੇ ਨਾ ਲਿਆ, ਕੇ ਦਿੱਤੇ ਤਾਂ ਕੱਲ੍ਹ ਨੂੰ ਗੁਰੂ ਨਾਨਕ ਦੇਵ ਜੀ ਦੇ ਪੁਰਬ ਦੀ ਖ਼ੁਸ਼ੀ ਵਿਚ ਮੁਆਫ਼ ਹੋਣ ਵਾਲ਼ੀ ਸਜ਼ਾ ਮੁਆਫ਼ ਨਹੀਂ ਹੋਣ ਦੇਣੀ। ਕੱਲ੍ਹ ਨੂੰ ਵੱਡੇ ਸਾਹਿਬ ਕੋਲ਼ ਸ਼ਿਕਾਇਤ ਕੀਤੀ ਜਾਊ ਬਈ ਇਹ ਬੰਦੈ ਕੈਦੀਆਂ ਨੂੰ ਨਸ਼ੇ ਵੇਚਦੇ ਘਰੋਂ ਮੰਗਵਾ ਕੇ। ਨਾਲ਼ੇ ਉਹ ਵੱਡਾ ਸਿੱਖ ਆਪ ਹੀ ਸਪਲਾਈ ਕਰਦਾ ਸੁਣਿਐ ਨਸ਼ੇ ਕੈਦੀਆਂ ਨੂੰ। ਛਾਪਾ ਮਾਰਨ ਵੇਲੇ ਕੋਈ ਚੀਜ਼ ਕਿਤ ਲੈਣ ਥੋੜ੍ਹਾ ਈ ਜਾਣੀ ਐ। ਕੋਲੋਂ ਹੀ ਸਭ ਕੁੱਝ ਹੋ ਜਾਣਾ ਸੀ। ਹਿੱਸਾ ਤਾਂ ਵੱਡੇ ਛੋਟੇ ਸਾਰੇ ਅਫ਼ਸਰਾਂ ਨੂੰ ਹੀ ਜਾਂਦਾ ਹੋਊ। ਇੱਥੇ ਆ ਕੇ ਮੱਖਣ ਸਿੰਘ ਦਾ ਦਿਮਾਗ ਚਕਰਾ ਜਿਹਾ ਜਾਂਦਾ। ਮੁੰਡੇ ਠੀਕ ਹੀ ਤਾਂ ਕਹਿੰਦੇ ਨੇ ਕਿ ਖ਼ਰਬੂਜ਼ਿਆਂ ਦਾ ਖੇਤ ਹੀ ਗਲ਼ ਗਿਆ ਹੈ। ਸਾਰੇ ਰੁੱਖ ਨੂੰ ਈ ਜੇ ਉਲੀ ਲੱਗ ਜਾਵੇ ਤਾਂ ਟਾਹਣੀਆਂ ਛਾਂਗਣ ਨਾਲ਼ ਤਾਂ ਨੀ ਬਿਮਾਰੀ ਦੂਰ ਹੋਣ ਲੱਗੀ।

"ਅਖੇ ਸੌ ਮਣ ਚੂਹਾ ਖਾ ਕੇ ਬਿੱਲੀ ਹੱਜ ਨੂੰ ਚੱਲੀ। ਹੈ ਨਾ ਉਹੀ ਗੱਲ ਹੋਈ ਪਈ ਇਹਨਾਂ ਲੋਕਾਂ ਦੀ!" ਤੇ ਹੁਣ ਇਹ ਸਾਰੇ ਈ ਕਿਵੇਂ ਕੀਰਤਨੀ ਜਥਿਆਂ ਦੇ.ਮਗਰ ਫਿਰਦੇ ਨੇ ਥਾਂ ਥਾਂ ਨਿਰੀ ਭੇਡ ਚਾਲ। ਭਲਾ ਕੀਹਨੂੰ ਨੀ ਪਤਾ ਬਈ ਇਥੇ ਹਰ ਇਕ ਨੇ ਮਰਨੈ। ਕੀ ਗੁਰੂਆਂ ਨੇ ਇਹੀ ਸਿੱਖਿਆ ਦਿੱਤੀ ਸੀ ਆਪਣੇ ਸਿੱਖਾਂ ਨੂੰ, ਬਈ ਕੜਾਹ ਤੋਂ ਵੱਧ ਸਿੱਖ ਦੇ ਅਰਥ ਨਾ ਰਹਿਣ ਦੇਇਓ। ਬਈ ਜਦੋਂ ਗੁਰਦੁਆਰੇ ਵਿਚ ਅਰਦਾਸ ਹੋਣ ਲੱਗ ਜੇ ਘਰੋਂ ਨਿਕਲ਼ੋ ਤੇ ਕੜਾਹ ਲੈ ਕੇ ਆਪਣਿਆਂ ਵਿਚ ਹੀ ਆ ਕੇ ਕਿਣਕਾ ਕਿਣਕਾ ਦੇ ਕੇ ਭਰਮ ਪਾਲ਼ੋ ਬਈ ਹੁਣ ਧਰਮ ਰਾਜ ਨੇ ਥੋਡੇ ਵਾਸਤੇ ਦਰਗਾਹ ਵਿਚ ਕਮਰਾ ਬੁੱਕ ਕਰਤਾ। ਗੁਰੂ ਗ੍ਰੰਥ ਨੇ ਇਹ ਤਾ ਕਿਤ ਨੀ ਕਿਹਾ ਬਈ ਗੁਰੂ ਮਾਨਿਉ ਦੇ ਨਾਂ 'ਤੇ ਅਯਾਸ਼ੀਆਂ ਕਰੋ। ਮਾਰ ਹਵਾਈ ਜਹਾਜ਼ ਵਰਗੀਆਂ ਕਾਰਾਂ 'ਤੇ ਚੜ੍ਹਦੇ ਦੇਖ ਬਾਬਿਆਂ ਨੂੰ। ਬਾਬਾ ਨਾਨਕ ਕਿਹੜੀਆ ਕਾਰਾਂ 'ਤੇ ਚੜ੍ਹ ਕੇ ਲੋਕਾਂ ਨੂੰ ਉਪਦੇਸ਼ ਦੇਣ ਜਾਂਦਾ ਹੁੰਦਾ ਸੀ। ਇਤਿਹਾਸ ਤਾਂ ਖ਼ਤਮ ਈ ਕਰਤਾ ਇਨ੍ਹਾਂ ਕਾਰ ਸੇਵਾ ਵਾਲਿਆਂ ਨੇ। ਲਾ ਦਿਉ ਇਕੋ ਤਰ੍ਹਾਂ ਦੇ ਪੱਥਰ ਹਰੇਕ ਇਤਿਹਾਸਕ ਥਾਂ 'ਤੇ ਕਰ ਦਿਉ ਸਿੱਖੀ ਦਾ ਪ੍ਰਚਾਰ। ਯੋਧਿਆਂ ਦੇ ਇਤਿਹਾਸ ਦਾ ਕੀ ਕਰ ਕੇ ਰੱਖਤਾ ਇਨ੍ਹਾ ਮਸੰਦਾਂ ਨੇ? ਕੌਣ ਆਖੇ ਰਾਣੀ ਅੱਗਾ ਢਕ। ਮੱਖਣ ਸਿੰਘ ਆਪ ਗੁਰਸਿੱਖ ਹੀ ਨਹੀਂ ਚੰਗਾ ਪਾਠੀ ਵੀ ਹੈ।

ਮੱਖਣ ਸਿੰਘ ਦੀ ਤਾਂ ਸਾਰੀ ਉਮਰ ਦਾਨ ਪੁੰਨ ਕਰਦਿਆਂ ਹੀ ਗੁਜ਼ਰੀ ਸੀ। ਬੰਦੇ ਦੀ ਆਤਮਾ ਤਾਂ ਸ਼ਾਂਤੀ ਵਿਚ ਰਹਿੰਦੀ ਐ ਦਾਨ ਪੁੰਨ ਕਰਨ ਨਾਲ਼। ਪਰ ਇਸ ਦਾ ਉਸਨੂੰ ਕੀ ਫਲ ਮਿਲਿਆ।



ਗੋਲ਼ੀ ਉਸਦੇ ਪੁੱਤ ਵੱਲ ਹੀ ਕਿਉਂ ਆਈ ਸੀ ਸਿੱਧੀ? ਹੋਰ ਵੀ ਤਾਂ ਕਿੰਨੇ ਲੋਕ ਖੜ੍ਹੇ ਸੀ। ਫਿਰ ਉਹ ਆਪਣੇ ਹੀ ਵਿਚਾਰਾਂ ਨੂੰ ਕੱਟ ਕੇ ਆਪਣੇ 'ਤੇ ਲਾਹਣਤ ਪਾਉਂਦਾ ਹੈ- "ਬੰਦਿਆ ਉਹ ਵੀ ਤਾਂ ਕਿਸੇ ਦੇ ਪੁੱਤ ਹੀ ਸੀਗੇ। ਤੇਰੇ ਸ਼ੇਰ ਦੇ ਸਾਥੀ। ਤੂੰ ਇਹ ਕੀ ਸੋਚਿਆ?" ਉਹ ਮਨ ਨੂੰ ਦਿਲਬਰੀ ਦਿੰਦਾ ਹੈ। ਮੁੰਡੇ ਠੀਕ ਕਹਿੰਦੇ ਹੁੰਦੇ ਸੀ- "ਬਈ ਜੇ ਬੰਦਾ ਹੱਕ ਸੱਚ ਦੀ ਜਾਚ ਸਿੱਖ ਲਵੇ ਤਾਂ ਉਸ ਨੂੰ ਆਤਮਿਕ ਸ਼ਾਂਤੀ ਤਾਂ ਆਪੇ ਹੀ ਮਿਲ਼ਣ ਲੱਗ ਪੈਂਦੀ ਐ। ਪਰ ਇਹ ਬੰਦੇ! ਇਹੋ ਜੇ ਬੰਦਿਆਂ ਨੂੰ ਅਸਲ ਵਿਚ ਸ਼ਾਂਤੀ ਕਿਤੇ ਵੀ ਨਹੀਂ ਮਿਲ਼ਦੀ। ਤਾਂ ਹੀ ਤਾਂ ਵਿਚਾਰੇ ਦੌੜਦੇ ਨੇ ਕੀਰਤਨੀਆਂ ਤੇ ਗਾਂਵਾਂ, ਕਾਂਵਾਂ ਤੇ ਕਬੂਤਰਾਂ ਮਗਰ। ਖਵਾਊ ਕਾਂਵਾਂ ਕਬੂਤਰਾਂ ਨੂੰ ਰੋਟੀਆਂ ਚੂਰ ਚੂਰ ਕੇ ਤੇ ਗਾਂਵਾਂ ਨੂੰ ਆਟੇ ਦੇ ਪੇੜੇ ਜਾਂ ਰਾਤ ਦੀਆਂ ਬਚੀਆਂ ਰੋਟੀਆਂ।"

ਕੱਲ੍ਹ ਵੇਖਿਆ ਸੀ ਨਾ ਉਹ ਪੁਲ਼ਸ ਵਾਲ਼ਾ। ਆਪਣੀ ਘਰ ਵਾਲ਼ੀ ਨੂੰ ਗੁਰਦੁਆਰਿਉਂ ਆਉਂਦਾ ਹੀ ਧਿਹ ਧਿਹ ਕੁੱਟਣ ਡਹਿ ਪਿਆ ਸੀ। ਮਹੰਤ ਨੇ ਕਥਾ ਵਿਚ ਔਰਤਾਂ ਬਾਰੇ ਗੁਰੂ ਨਾਨਕ ਦੇ ਵਿਚਾਰ ਦੱਸੇ ਸੀ ਕਿ ਕਿਵੇਂ ਗੁਰੂ ਜੀ ਨੇ ਔਰਤ ਦੀ ਵਡਿਆਈ ਕੀਤੀ ਸੀ ਤੇ ਆਪ ਮੁੰਡੇ ਦੀ ਖ਼ਾਤਰ ਪਿਛਲੇ ਸਾਲ ਘਰ ਵਾਲ਼ੀ ਨੂੰ ਡਾਕਟਰਾਂ ਕੋਲ਼ ਲਈ ਫਿਰਦਾ ਰਿਹਾ। ਫਸ ਤਾਂ ਗਿਆ ਸੀ ਪਰ ਪੁਲਿਸ ਵਾਲ਼ਿਆਂ ਨੂੰ ਪੈਸੇ ਦੇ ਕੇ ਬਚ ਗਿਆ। ਉਹ ਵੇਖ ਤਾਂ ਸਾਡਾ ਹੀ ਗਿਰਾਈਂ ਡੀ.ਐਸ.ਪੀ. ਦੇ ਅਹੁਦੇ ਤੋਂ ਰਿਟਾਇਰ ਹੋ ਕੇ ਕਚਹਿਰੀਆਂ ਵਿਚ ਅਰਜ਼ੀ ਨਵੀਸੀ ਦਾ ਕੰਮ ਤੋਰ ਲਿਆ। ਵਾਹ ਵੱਡਿਆਂ ਅਫ਼ਸਰਾਂ। ਕਿੱਡੀ ਸ਼ਾਨ ਵਾਲ਼ਾ ਕਿੱਤਾ ਚੁਣਿਐ। ਉਇ ਬੱਸ ਪੈਸਾ ਆਵੇ ਕਿਤੋਂ ਆਵੇ। ਸਾਲਾ ਭੇਡ ਨਾਲੋਂ ਵੀ ਬੱਲੇ ਜਾ ਡਿੱਗਿਆ, ਭੱਜਿਐ ਰੂੜੀਆਂ ਬੰਨੀ। ਮੈਂ ਕਿਹੜਾ ਭੁੱਲਿਆਂ ਉਹਦੀਆਂ ਕਰਤੂਤਾਂ। ਭਰਾਵਾਂ ਨੂੰ ਵੀ ਖਾ ਗਿਆ ਕੰਜਰ। ਉਹ ਰੁਲ਼ਗੇ ਵਿਚਾਰੇ ਖੇਤਾਂ ਦੀਆਂ ਵੱਟਾਂ 'ਤੇ। ਮੱਖਣ ਸਿੰਘ ਦੇ ਪਤਾ ਨਹੀਂ ਕੀ ਕੀ ਚਿੱਤ ਵਿਚ ਆਈ ਗਿਆ। ਇਹੋ ਲੋਕ ਸੁਰਜੀਤ ਨੂੰ ਕਾਮਰੇਡ ਕਾਮਰੇਡ ਕਹਿ ਕੇ ਕਹਿਣਗੇ ਕਿ ਉਹ ਗੁਰਦੁਆਰੇ ਨੀ ਜਾਂਦਾ। ਕੀ ਜਾਵੇ ਕੋਈ ਹੁਣ ਤਾਂ ਮੇਰਾ ਵੀ ਜੀਅ ਨਹੀਂ ਕਰਦਾ। ਮੈਂ ਤਾਂ ਗੁਰੂ ਘਰ ਜਾਏ ਬਗੈਰ ਚਾਹ ਨੀ ਸੀ ਪੀਂਦਾ। ਹੁਣ ਵੱਢੀ ਰੂਹ ਨੀ ਕਰਦੀ। ਮੈਨੂੰ ਤਾਂ ਮਾਣ ਐ ਆਪਣੀ ਔਲਾਦ 'ਤੇ।" ਮੱਖਣ ਸਿੰਘ ਕਲਪਣਾ ਦੇ ਰਥ ਤੇ ਸਵਾਰ ਬਹੁਤ ਦੂਰ ਚਲਾ ਜਾਂਦਾ ਹੈ। ਆਪਣੇ ਆਪ ਨੂੰ ਦਿਲਬਰੀ ਦੇ ਲੈਂਦਾ ਹੈ- "ਸੁਰਜੀਤ ਤਾਂ ਵਹੁਟੀ ਦੇ ਸਾਹ ਵਿਚ ਸਾਹ ਲੈਂਦਾ ਸੀ। ਦੋਵੇਂ ਜਣੇ ਜਦੋਂ ਧਰਨੇ ਤੋਂ ਆਉਂਦੇ ਤਾਂ ਰਸੋਈ 'ਚ ਐਂ ਈ ਤਾਂ ਲਗਦਾ ਸੀ ਜਿਵੇਂ ਆਪਸ ਵਿਚ ਖਹਿਬੜਦੇ ਹੋਣ। ਪਰ ਜਦੋਂ ਮੱਖਣ ਸਿੰਘ ਨੇ ਜਾ ਕੇ ਵੇਖਿਆ ਤਾਂ ਉਹ ਖ਼ੁਸ਼ੀ ਵਿਚ ਝੱਲਾ ਹੋ ਕੇ ਹੀ ਵਾਪਸ ਆਇਆ ਸੀ।

'ਓ ਮਹਾਰਾਜ ਜੀ ਤੁਸੀਂ ਕਰੋ ਆਰਾਮ ਸ੍ਰੀਮਤੀ ਗੁਰਨਾਮ ਕੌਰ ਜੀ। ਅਸੀਂ ਤੁਹਾਡੀ ਖ਼ਾਤਰਦਾਰੀ ਵਿਚ ਆਪਣੇ ਚਰਨ ਵਿਛਾਉਂਦੇ ਆਂ। ਅੱਜ ਅਸੀਂ ਤੁਹਾਨੂੰ ਰੋਟੀ ਪਕਾ ਕੇ ਖਵਾਵਾਂਗੇ ਜੀ।"

"ਅੱਛਾ ਸਾਡੀ ਖ਼ਾਤਰਦਾਰੀ ਵਿਚ ਚਰਨ ਵਿਛਾਉਂਦੇ ਓ ਜੀ। ਵਾਹ!"

"ਓ, ਸੱਚ ਭੁੱਲ ਹੋ ਗਈ ਜੀ ਅਸੀਂ ਵਿਛਾਉਂਦੇ ਆਂ ਆਪਣੇ ਦੋਵੇਂ ਨੈਣ।" ਉਹ ਦੋਵੇਂ ਹੱਥ ਜੋੜ ਕੇ ਅਰਦਾਸ ਕਰਨ ਦੀ ਅਦਾ ਕਰਦਾ। ਗਲਤੀ ਦੀ ਸੋਧ ਲਈ ਮੁਆਫ਼ੀ। "ਸੁਰਜੀਤ ਸੀ ਵੀ ਬਹੁਤ ਮਖੌਲੀਆ। ਉਹ ਦੂਜਿਆਂ ਨੂੰ ਹਸਾਈ ਜਾਂਦਾ ਪਰ ਆਪ ਨਹੀਂ ਸੀ ਹਸਦਾ। ਪੂਰਾ ਗੰਭੀਰ। ਕੀ ਮਜਾਲ ਐ ਬਈ ਅੱਖਾਂ ਵਿਚ ਈ ਹਾਸੀ ਦਾ ਕੋਈ ਨਿਸ਼ਾਨ ਆ ਜਾਵੇ।

"ਮੁਆਫ਼ੀ ਉਹ ਵੀ ਗਲਤੀ ਸੋਧਣ ਦੀ। ਗਲਤੀ ਕਰਨ ਦੀ ਨਹੀਂ। ਗਲਤੀ ਸੋਧੀ ਹੀ ਕਿਉਂ ਜਾਵੇ ਭਲਾ। ਗਲਤੀ ਨੂੰ ਤਾਂ ਢਕਿਆ ਜਾਂਦੈ।" ਗੁਰਨਾਮ ਕੌਰ ਦੀ ਗੱਲ 'ਤੇ ਉਹ ਬੱਸ ਹਸਦਾ

ਰਹਿੰਦਾ ਤੇ ਲੜਕੀ ਨਾਲ ਸਾਰਾ ਕੰਮ ਕਰਵਾਉਂਦਾ। ਭਾਂਡੇ ਵੀ ਧਵਾਉਂਦਾ, ਉਨ੍ਹਾਂ ਦਿਨ ਤਾਂ ਹੱਦ ਈ ਕਰ ਤੀ ਸੀ ਮੁੰਡੇ ਨੇ। ਮੱਖਣ ਸਿੰਘ ਦੀ ਆਪਣੀ ਵੀ ਹਾਸੀ ਨਿਕਲ਼ ਗਈ।

ਇਕ ਦਿਨ ਸੁਰਜੀਤ ਹੱਸ ਹੱਸ ਦੂਹਰਾ ਹੋਈ ਜਾਵੇ ਤੇ ਦੱਸੇ ਕੁੱਛ ਨਾ। ਜਦੋਂ ਉਸ ਦੀ ਹਾਸੀ ਬੰਦ ਹੋਈ ਤਾਂ ਬਹੂ ਨੂੰ ਕਹਿੰਦਾ- "ਮੈਂ ਗੁਸਲਖਾਨੇ ਵਿਚ ਆਪਣੇ ਲੀੜੇ ਧੋਈ ਜਾਂਦਾ ਸੀ ਤਾਂ ਆਪਣੇ ਗੁਆਂਢੀ ਆ ਗੁਰਮੁਖ ਸਿਉਂ ਦੀ ਕੁੜੀ ਆ ਗਈ। ਕਹਿੰਦੀ ਅੰਕਲ ਆਂਟੀ ਨ੍ਹੀ ਧੋਂਦੀ ਹੁੰਦੀ ਥੋਡੇ ਲੀੜੇ? ਆਪ ਈ ਧੋਈ ਜਾਨੇ ਓ।"

"ਮੈਂ ਵੀ ਅੱਗੋਂ ਜਾਣ ਕੇ ਹੀ ਆਖ ਦਿੱਤਾ-'ਭਾਈ ਅੱਜ ਕੱਲ੍ਹ ਦੀਆਂ ਪੜ੍ਹੀਆਂ ਲਿਖੀਆਂ ਖ਼ਬਰੇ ਆਪਣੇ ਆਪ ਨੂੰ ਕੀ ਸਮਝਦੀਆਂ ਨੇ। ਕੀ ਮਜਾਲ ਐ ਬਈ ਜੇ ਆਪਣੇ ਪਤੀ ਪਰਮੇਸ਼ਰ ਦਾ ਭੋਰਾ ਵੀ ਖ਼ਿਆਲ ਰੱਖਣ। ਕਲਜੁਗ ਐ ਬੇਟੇ। ਘੋਰ ਕਲਜੁਗ।" ਵਿਚਾਰੀ ਭੋਲ਼ਾ ਜਿਹਾ ਮੂੰਹ ਬਣਾ ਕੇ ਮੇਰੇ ਮੂੰਹ ਵੰਨੀ ਵੇਖੀ ਜਾਵੇ। ਗੱਲਾਂ ਯਾਦ ਕਰ ਕਰ ਕੇ ਮੱਖਣ ਸਿੰਘ ਨੂੰ ਹੋਰ ਵੀ ਸਕੂਨ ਤੇ ਹੌਸਲਾ ਮਿਲਦਾ। ਵਾਹ ਉਇ ਸ਼ੇਰਾ! ਔਲ਼ਾਦ ਹੋਵੇ ਤਾਂ ਇਹੋ ਜੀ।

ਗੁਰਨਾਮ ਕੌਰ ਵਿਆਹੀ, ਆਈ ਹੀ ਸੀ ਜਦੋਂ ਸੁਰਜੀਤ ਨੇ ਨਹਾ ਕੇ ਬਾਹਰ ਆਉਣਾ ਤੇ ਉਸਦਾ ਕੱਛਾ ਧੋਣ ਲਈ ਬਾਰ ਵਿਚ ਖੜ੍ਹੀ ਹੋਣਾ ਤੇ ਜਦੋਂ ਵਹੁਟੀ ਨੇ ਦੇਖਣਾ ਕਿ ਉਸਨੇ ਤਾਂ ਆਪਣੇ ਕੱਲ੍ਹ ਵਾਲ਼ੇ ਕੱਪੜੇ ਵੀ ਧੋ ਦਿੱਤੇ ਨੇ ਤਾਂ ਆਖਣਾ- "ਦੇਖੋ ਜੀ ਤੁਸੀਂ ਐ ਨਾ ਕਰਿਆ ਕਰੋ। ਇਹ ਕੰਮ ਤਾਂ ਮੇਰਾ ਐ। ਤੁਹਾਡੇ ਕੱਪੜੇ ਮੈਂ ਧੋਇਆ ਕਰੂੰ।"

"ਕਿਸੇ ਗ੍ਰੰਥ ਵਿਚ ਲਿਖਿਐ ਬਈ ਮਰਦ ਆਪਣੇ ਕੱਪੜੇ ਆਪ ਨਾ ਧੋਵੇ? ਗੁਰਨਾਮ ਇਹ ਗੱਲ ਭੁੱਲ ਕੇ ਵੀ ਨਾ ਸੋਚੀਂ ਬਈ ਤੂੰ ਮੇਰੇ ਨਾਲੋਂ ਕਿਸੇ ਗੱਲੋਂ ਘੱਟ ਐਂ। ਸਾਡੇ ਬਾਬੇ ਸਾਨੂੰ ਇਹੋ ਸਿੱਖ ਮੱਤ ਦਿੰਦੇ ਐ।"

"ਉਹ ਕਿਹੜੇ ਬਾਬੇ ਐ ਜੀ? ਕਦੇ ਸਾਨੂੰ ਵੀ ਦਰਸ਼ਨ ਕਰਵਾ ਲਿਆਉ।" ਸੁਰਜੀਤ ਕੌਰ ਪਹਿਲਾਂ ਪਹਿਲਾਂ ਭੋਲ਼ੀ ਸੀ ਪਰ ਫੇਰ ਤਾਂ ਉਸਨੂੰ ਪਤਾ ਲੱਗ ਗਿਆ ਸੀ ਕਿ ਉਹ ਆਪਣੇ ਆਗੂਆਂ ਨੂੰ ਬਾਬੇ ਕਹਿੰਦਾ ਹੁੰਦਾ ਸੀ। ਫਿਰ ਕਹਿਣ ਲੱਗ ਪਿਆ ਸੀ ਸਾਡੇ ਆਗੂ। ਜਿਵੇਂ ਜਿਵੇਂ ਮੱਖਣ ਸਿੰਘ ਆਪਣੇ ਪੁੱਤ ਦੀਆਂ ਗੱਲਾਂ ਯਾਦ ਕਰਦਾ ਜਾਂਦਾ ਉਸਦੀ ਛਾਤੀ ਮਾਣ ਨਾਲ਼ ਚੌੜੀ ਹੁੰਦੀ ਜਾਂਦੀ। ਗੁਰਨਾਮ ਹੁਣ ਵਿਧਵਾ ਸੀ। ਭਰ ਜੋਬਨ ਮੁਟਿਆਰ। ਕੀ ਉਮਰ ਸੀ [illegible] ਕੁੜੀ ਦੀ ਜਦ ਉਸਦੇ ਪੱਲੇ ਰੰਡੇਪਾ ਪੈ ਗਿਆ। ਦੋ ਕੁੜੀਆਂ। ਉਹਦੀ ਕਲਪਣਾ ਉਸਨੂੰ ਕਿਤੇ ਦੀ ਕਿਤੇ ਲੈ ਜਾਂਦੀ ਹੈ। ਅਜੇ ਤਾਂ ਪੁੱਤ ਤੇਰੀ ਸਾਰੀ ਉਮਰ ਪਈ ਐ ਖਾਣ ਹੰਢਾਉਣ ਵਾਲੀ। ਪਹਾੜ ਜਿੰਨੀ ਇਹ ਉਮਰ ਕੱਟਣੀ ਕਿਹੜਾ ਸੌਖੀ। ਤੇਰੇ ਜਿੱਡੀਆਂ ਤਾਂ ਅਜੇ ਕੁਆਰੀਆਂ ਹੀ ਫਿਰਦੀਆਂ ਨੇ। ਮਨ ਵਿਚ ਸੋਚਦਾ ਮੱਖਣ ਸਿੰਘ ਸਮਝਦਾ ਹੈ ਸਾਰੀ ਗੱਲ। ਪਰ ਹੁਣ ਤਾਂ ਉਹ ਨੂੰਹ ਰਾਣੀ ਦੇ ਬੋਲਾਂ 'ਚੋਂ ਹੀ ਪੁੱਤ ਦੇ ਬੋਲ ਪਛਾਣਨ ਦਾ ਯਤਨ ਕਰਦਾ ਹੈ। ਗੁਰਨਾਮ ਕੌਰ ਦੇ ਬੋਲ ਵੀ ਤਾਂ ਉਹਦੇ ਲਈ ਕੋਈ ਘੱਟ ਮੁੱਲਵਾਨ ਨਹੀਂ ਹਨ। ਗੁਰਨਾਮ ਕਰ ਨ [illegible] ਬਾਪੂ ਜੀ [illegible] ਸੁਰਜੀਤ [illegible]
[illegible]
[illegible]
ਵੀ।" ਮੱਖਣ ਸਿੰਘ ਦਾ ਤਾਂ ਜਿਵੇਂ ਸਾਰਾ ਬੋਝ ਹੀ ਕਾਫ਼ੂਰ ਹੋ ਗਿਆ ਸੀ ਸੁਣਕੇ।

ਮੱਖਣ ਸਿੰਘ ਨੂੰ ਆਪਣੇ ਬੇਟੇ 'ਤੇ ਕਿਸੇ ਇਕ ਗੱਲ ਕਰਕੇ ਮਾਣ ਨਹੀਂ। ਉਸਦੇ ਕੋਲ਼ ਬੜੇ ਸਾਰੇ ਕਾਰਨ ਨੇ ਆਪਣੇ ਪੁੱਤ ਉਪਰ ਫ਼ਖਰ ਕਰਨ ਦੇ। ਧਰਮਾਂ ਬਾਰੇ ਉਹ ਬੜਾ ਸਪਸ਼ਟ ਸੀ। ਇਕ



ਦਿਨ ਉਸ ਨੇ ਮੁੰਡੇ ਨੂੰ ਛੇੜ ਲਿਆ ਸੀ- "ਕਾਕਾ ਤੂੰ ਗੁਰੂ ਘਰ ਨੂੰ ਐਂ ਨਾ ਨਿੰਦਿਆ ਕਰ।" ਅਸਲ ਵਿਚ ਸੁਰਜੀਤ ਸਿੰਘ ਤੋਂ ਪਹਿਲਾਂ ਗੱਲ ਹੀ ਠੀਕ ਢੰਗ ਨਾਲ਼ ਨਹੀਂ ਸੀ ਆਖੀ ਗਈ। ਹੁਣ ਤਾਂ ਉਸਨੇ ਉਸਦੀ ਤਸੱਲੀ ਹੀ ਤਾਂ ਕਰਾ ਦਿੱਤੀ ਸੀ।

"ਬਾਪੂ ਜੀ ਮੈਨੂੰ ਤੁਸੀਂ ਕਦੇ ਗੁਰੂ ਘਰ ਦੇ ਖ਼ਿਲਾਫ਼ ਬੋਲਦੇ ਨੂੰ ਸੁਣਿਆ? ਦੇਖੋ ਧਰਮ ਸਭ ਬੰਦਿਆਂ ਦਾ ਆਪਣਾ ਆਪਣਾ ਮਸਲੈ। ਕੋਈ ਕਿਸੇ ਧਰਮ ਨੂੰ ਮੰਨਦੈ ਤੇ ਕੋਈ ਕਿਸੇ ਨੂੰ। ਵੇਖੋ ਆਹ ਵਿਚਾਰੇ ਮਜ਼ਬੀ ਰਾਮਦਾਸੀਏ ਸਿੱਖਾਂ ਨੂੰ ਗੁਰਦੁਆਰੇ ਵਾਲ਼ੇ ਨੇੜੇ ਨੀ ਆਉਣ ਦਿੰਦੇ ਰਹੇ ਤੇ ਉਹ ਡੇਰਿਆਂ 'ਚ ਜਾਣ ਲੱਗ ਪਏ। ਜਿਹੜੇ ਨਹੀਂ ਜਾਂਦੇ ਉਹ ਗਲ਼ੀ 'ਚ ਹੀ ਮਾਤਾ ਰਾਣੀ ਦਾ ਥਾਨ ਬਣਾ ਕੇ ਗੁਰਦੁਆਰਾ ਬਣਾਈ ਬੈਠੇ ਐ। ਉਨ੍ਹਾਂ ਦਾ ਗੁਰੂ ਹੀ ਥਾਨ ਐ।" ਤੇ ਮੱਖਣ ਸਿੰਘ ਚੁੱਪ ਕਰ ਗਿਆ ਸੀ। ਉਸਨੂੰ ਯਾਦ ਸੀ ਜਦੋਂ ਹਰੀਜਨ ਗੁਰਦੁਆਰੇ ਵੀ ਨਹੀਂ ਸੀ ਜਾ ਸਕਦੇ ਹੁੰਦੇ। ਬਾਹਰ ਹੀ ਰੋਕ ਲਿਆ ਜਾਂਦਾ ਸੀ ਜੇ ਕੜਾਹ ਲੈਣ ਵਰਗ ਵੀ ਜਾਂਦੇ ਤਾਂ। ਮਜ਼ਬੀਆਂ ਦੇ ਤਾਂ ਸੱਚ ਮੁੱਚ ਹੀ ਕੱਚੇ ਚਬੂਤਰਾ 'ਤੇ ਮਿੱਟੀ ਦੀ ਮਾਤਾ ਰਾਣੀ ਬਣਾਈ ਹੁੰਦੀ ਜਿਸ ਉਤੇ ਇਕ ਲੰਮੀ ਸਾਰੀ ਸੋਟੀ ਗੱਡ ਕੇ ਇਕ ਟਾਕੀ ਬੰਨ੍ਹੀ ਹੁੰਦੀ ਜਿੱਥੇ ਔਰਤਾਂ ਕੱਚ ਪਿੱਲਾ ਜਿਹਾ ਕਣਕ ਦੇ ਦਲੀਏ ਦਾ ਮੱਥਾ ਟੇਕਦੀਆਂ। ਬਹੁਤੇ ਲੋਕ ਗੁਰਦੁਆਰੇ ਵਾਲਿਆਂ ਦੇ ਦੁਰਕਾਰੇ ਸਰਸੇ ਜਾਂ ਹੋਰ ਊਟ-ਪਟਾਂਗ ਥਾਂਵਾਂ 'ਤੇ ਜਾਣ ਲੱਗ ਪਏ। ਬਹੁਤਿਆਂ ਨੇ ਆਪਣੇ ਅੱਡ ਗੁਰਦੁਆਰੇ ਬਣਾ ਲਏ ਨੇ।

"ਉਹ ਵੀ ਤਾਂ ਮਾਨਸਿਕ ਸ਼ਾਂਤੀ ਭਾਲ਼ਦੇ ਐ ਕਿਤੋਂ। ਜੇ ਗੁਰਦੁਆਰੇ 'ਚੋਂ ਨਹੀਂ ਤਾਂ ਸਰਸੇ ਤੋਂ ਸਹੀ। ਹੁਣ ਇਹ ਵੱਡੇ 'ਗੁਰੂ ਮਾਨਿਉ ਗ੍ਰੰਥ' ਦੇ ਠੇਕੇਦਾਰ ਬਣਦੇ ਫਿਰਦੇ ਨੇ। ਤੇ ਹੁਣ ਇਹ ਖ਼ਾਲਸੇ ਕਹਾਉਣ ਵਾਲ਼ੇ ਸਾਡੇ ਲੋਕਾਂ ਨੂੰ ਡਰਾ ਡਰਾ ਕੇ ਸਿਰੋਪੇ ਬਖ਼ਸ਼ਣ ਲੱਗੇ ਹੋਏ ਨੇ ਕੀ ਫ਼ਰਕ ਐ ਫਿਰ ਔਰੰਗੇ ਨਾਲ਼ੋਂ। ਗੱਲ ਤਾਂ ਸਾਰੀ ਵੋਟਾਂ ਦੀ ਐ। ਪਾਰਟੀਆਂ ਦੀ ਕੁੱਕੜ ਖੋਹੀ ਵਿਚ ਮਾਰਿਆ ਜਾ ਰਿਹੈ ਆਮ ਆਦਮੀ। ਦਿਹਾੜੀਦਾਰ ਜਾਂ ਸਾਧਾਰਨ ਗਰੀਬ ਕਿਸਾਨ। ਕਹਿੰਦੇ ਐ ਕਰ ਦਿਉ ਬਾਈਕਾਟ ਇਨ੍ਹਾਂ ਦਾ। ਕਿਉਂਕਿ ਇਹ ਸਰਸੇ ਜਾਂਦੇ ਐ ਇਸ ਲਈ ਇਨ੍ਹਾਂ ਦੀ ਧੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਬੈਠਣ ਦਾ ਹੱਕ ਨਹੀਂ ਰਖਦੀ। ਕਿਸੇ ਬਜ਼ੁਰਗ ਦਾ ਭੋਗ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਵਿਚ ਨਹੀਂ ਪਾਇਆ ਜਾ ਸਕਦਾ ਕਿਉਂਕਿ ਉਨ੍ਹਾਂ ਨੇ ਸਿਰੋਪਾ ਨਹੀਂ ਲਿਆ। ਜੇ ਇਨ੍ਹਾਂ ਛੋਟੀ ਕੌਮ ਦੇ ਲੋਕਾਂ ਨੇ ਪਹਿਲਾਂ ਨਾਲੋਂ ਦਸ ਰੁਪਏ ਦਿਹਾੜੀ ਵੱਧ ਮੰਗ ਲਈ, ਕਰ ਦਿਉ ਬਾਈਕਾਟ ਇਨ੍ਹਾਂ ਦਾ। ਸਦੀਆਂ ਤੋਂ ਇਸ ਪਿੰਡ ਵਿਚ ਕਿਰਤ ਕਮਾਈ ਕਰ ਕੇ ਖਾਂਦੇ ਇਹ ਲੋਕ ਹੁਣ ਤੁਹਾਡੇ ਖੇਤਾਂ ਵਿਚ ਜੰਗਲ ਪਾਣੀ ਵੀ ਨ੍ਹੀ ਜਾ ਸਕਦੇ ਤੇ ਨਾ ਹੀ ਆਪਣੇ ਮਾਲ ਡੰਗਰ ਵਾਸਤੇ ਕੱਖ ਪੱਠਾ ਲਿਆ ਸਕਦੇ ਨੇ। ਕੋਈ ਪੁੱਛਣ ਵਾਲ਼ਾ ਨਹੀਂ ਨਾ। ਸੁਰਜੀਤ ਬਹੁਤ ਸਖ਼ਤ ਸੀ ਇਹੋ ਜਿਹੀਆਂ ਗੱਲਾਂ ਨੂੰ। ਉਹ ਤਾਂ ਸਿੱਧਾ ਹੋ ਜਾਂਦਾ ਸੀ ਵੱਡੇ ਗੁਰੂ ਵਾਲਿਆਂ ਨੂੰ- "ਤੁਸੀਂ ਕਿੱਥੋਂ ਆ ਗਏ ਗੁਰੂ ਦੇ ਵੱਡੇ ਵਾਰਸ? ਅਸਲ ਵਾਰਸ ਤਾਂ ਇਹ ਲੋਕ ਨੇ ਕੰਮੀ ਕਮੀਨ। ਤੁਸੀਂ ਤਾਂ ਸਗੋਂ ਕਬਜ਼ਾ ਕਰ ਲਿਆ ਸਿੱਖੀ 'ਤੇ। ਮੱਖਣ ਸਿੰਘ ਨੂੰ ਸਭ ਕੁੱਛ ਯਾਦ ਆ ਰਿਹਾ ਹੈ। ਇਕ ਦਿਨ ਸੁਰਜੀਤ ਨੇ ਉਸਨੂੰ ਵੀ ਤਾਂ ਕੁੱਛ ਇਸ ਤਰ੍ਹਾਂ ਦਾ ਹੀ ਕਿਹਾ ਸੀ- "ਸਾਡੇ ਕੋਲੋਂ ਖੋਹ ਲਏ ਨੇ ਸਾਡੇ ਗੁਰੂ ਭਾਗੋਆਂ ਨੇ ਬਾਪੂ ਜੀ। ਗੁਰੂਆਂ ਨੇ ਤਾਂ ਕਿਰਤੀਆਂ ਕੰਮੀਆਂ ਦੀ ਬਾਂਹ ਫੜੀ ਸੀ ਤੇ ਇਹ ਕਿਰਤ ਦੇ ਧੱਕੇ ਲੋਕ ਨੇ ਜੋ ਸਿੱਖ ਹੋਣ ਦੀਆਂ ਫੜ੍ਹਾਂ ਮਾਰਦੇ ਨਹੀਂ ਥੱਕਦੇ ਭਾਗੋ ਦੀ ਉਲ਼ਾਦ।"

ਬੜਾ ਸੂਰਮਾ ਪੁੱਤ ਸੀ ਬਈ ਸੁਰਜੀਤ। ਪਿੱਛੇ ਜਿਹੇ ਇਕ ਕਿਸਾਨ ਦੀ ਜ਼ਮੀਨ ਦੀ ਕੁਰਕੀ ਵੇਲ਼ੇ ਵੀ ਬਹੁਤ ਕੁੱਛ ਹੋਇਆ ਸੀ। ਉਦੋਂ ਸਾਰਾ ਘੋਲ਼ ਹੀ ਉਸ ਦੀ ਅਗਵਾਈ ਵਿਚ ਲੜਿਆ

ਗਿਆ ਸੀ। ਪੁਲਿਸ ਅਫ਼ਸਰ ਉਸ ਉਪਰ ਖਵ੍ਹੀਆਂ ਖਾਂਦੇ ਸਨ ਤੇ ਉਸਨੂੰ ਸਬਕ ਸਿਖਾਉਣ 'ਤੇ ਤੁਲੇ ਹੋਏ ਸਨ। ਉਸ ਨੇ ਵੀ ਸਹੁੰ ਖਾਧੀ ਹੋਈ ਸੀ ਕਿ ਲੋਕ ਘੋਲ਼ਾਂ ਨੂੰ ਪਿੱਠ ਨਹੀਂ ਦਿਖਾਉਣੀ। ਡੀ.ਐਸ.ਪੀ. ਵੜੈਚ ਖੁਦ ਆਇਆ ਸੀ ਸੁਰਜੀਤ ਨੂੰ ਸਬਕ ਸਿਖਾਉਣ। ਉਸਨੇ ਸੁਰਜੀਤ ਦੇ ਗਲ਼ਵੇਂ 'ਚ ਹੱਥ ਪਾ ਲਿਆ ਸੀ ਤਾਂ ਸੁਰਜੀਤ ਨੇ ਘੁਮਾ ਕੇ ਇਕ ਥੱਪੜ ਉਸ ਵੱਡੇ ਨਾਢੂ ਖਾਂ ਡੀ.ਐਸ.ਪੀ. ਵੜੈਚ ਦੀ ਪੁੜਪੁੜੀ 'ਤੇ ਜੜ ਦਿੱਤਾ ਸੀ। ਤਿੰਨ ਚਾਰ ਪੁਲ਼ਿਸ ਵਾਲ਼ਿਆਂ ਨੇ ਸੁਰਜੀਤ ਨੂੰ ਕਾਬੂ ਕਰ ਲਿਆ ਸੀ, ਕਿਸੇ ਨੇ ਉਸ ਦੀਆਂ ਬਾਂਹਾਂ ਫੜੀਆਂ ਹੋਈਆਂ ਸਨ ਤੇ ਕਿਸੇ ਨੇ ਲੱਤਾਂ। ਡੀ.ਐਸ.ਪੀ. ਨੇ ਆਪ ਡਾਂਗ ਫੜ ਕੇ ਸੁਰਜੀਤ ਦੀ ਦੋ ਥਾਵਾਂ ਤੋਂ ਲੱਤ ਭੰਨੀ ਸੀ। ਕਮਾਲ ਹੀ ਤਾਂ ਹੋ ਗਈ ਸੀ ਜਦੋਂ ਸੁਰਜੀਤ ਨੇ ਹੰਕਾਰੇ ਪੁਲ਼ਸੀਏ ਨੂੰ ਵੰਗਾਰਿਆ ਸੀ- "ਲੋਕਾਂ ਦੇ ਦੁਸ਼ਮਣਾ ਕੋਈ ਕਸਰ ਨਾ ਰਹਿ ਜਾਏ ਜੇ ਅਜੇ ਤੈਨੂੰ ਕੋਈ ਕਸਰ ਜਾਪਦੀ ਹੈ ਤਾਂ ਹੋਰ ਚਾਅ ਲਾਹ ਲੈ, ਬੁੱਚੜਾ ਕਸਾਈਆਂ।" ਲੋਕਾਂ ਨੇ ਉਥੇ ਹੀ ਚੱਕਾ ਜਾਮ ਕਰ ਦਿੱਤਾ ਸੀ। ਅਖ਼ੀਰ ਐਸ.ਐਸ.ਪੀ. ਨੂੰ ਆਪ ਆ ਕੇ ਕਿਸਾਨਾਂ ਨਾਲ ਸਮਝੌਤਾ ਕਰਨਾ ਪਿਆ ਸੀ।

'ਪੁੱਤ ਸੁਰਜੀਤ ਇਕ ਵਾਰ ਫੇਰ ਆ ਕੇ ਇਹੋ ਜਿਹੀਆਂ ਗੱਲਾਂ ਈ ਕਰ ਜਾ ਸ਼ੇਰਾ ਮੇਰੇ ਨਾਲ਼।' ਮੱਖਣ ਸਿੰਘ ਆਪਣੇ ਆਪ ਨਾਲ਼ ਗੱਲਾਂ ਕਰਦਾ ਕਰਦਾ ਮਾਣ ਵੀ ਮਹਿਸੂਸ ਕਰਦਾ ਹੈ ਤੇ ਕਦੇ ਝੂਰਨ ਵੀ ਲੱਗ ਜਾਂਦਾ ਹੈ। ਕਈ ਵਾਰ ਉਸਨੂੰ ਭੁਚੱਕੇ ਵੀ ਪੈਂਦੇ ਨੇ ਕਿ ਸੁਰਜੀਤ ਬਾਹਰੋਂ ਆਇਆ ਹੈ ਤੇ ਉਸਨੂੰ ਕਈ ਤਰ੍ਹਾਂ ਦੀਆਂ ਗੱਲਾਂ ਕਰ ਕਰ ਕੇ ਛੇੜ ਰਿਹਾ ਹੈ।

ਸੁਰਜੀਤ ਬਹੁਤ ਹੀ ਅਣਜਕਾ ਸੀ। ਬੋਲਣ ਵੇਲ਼ੇ ਆਪਣੇ ਬਿਗਾਨੇ ਦੀ ਲਿਹਾਜ ਨਹੀਂ ਸੀ ਕਰਦਾ, ਜਾਤ ਪਾਤ ਦਾ ਕੱਟੜ ਵੈਰੀ। ਉਹ ਕਈ ਵਾਰ ਮੱਖਣ ਸਿੰਘ ਨਾਲ਼ ਗੱਲ ਕਰਦਾ- "ਜੱਟੀਆਂ ਪਸ਼ੂਆਂ ਦੇ ਮੂੰਹ ਵਿਚ ਹੱਥ ਦੇ ਕੇ ਤਾਂ ਆਟਾ ਚਟਾ ਸਕਦੀਆਂ ਹਨ ਪਰ ਇਹ ਲੋਕ ਸਾਡੇ ਉਨ੍ਹਾਂ ਦੇ ਭਾਂਡੇ ਨੂੰ ਹੱਥ ਨ੍ਹੀ ਲਾ ਸਕਦੇ। ਇਨ੍ਹਾਂ ਨੂੰ ਆਪਣਾ ਭਾਂਡਾ ਲਿਜਾਣਾ ਪੈਂਦਾ ਹੈ ਅੱਜ ਵੀ? ਕੁੱਤਾ ਜੋ ਜੱਟਾਂ ਦੇ ਘਰ ਦਾ ਰਾਖਾ ਹੁੰਦੈ, ਚੌਂਕੇ ਵਿਚ ਜਾ ਸਕਦੈ ਪਰ ਬੰਦੇ ਦੀ ਕਿਉਂ ਉਨ੍ਹਾਂ ਦੇ ਭਾਂਡੇ ਨੂੰ ਭਿੱਟ ਚੜ੍ਹ ਜਾਂਦੀ ਹੈ?" ਮੱਖਣ ਸਿੰਘ ਨੂੰ ਕਈ ਵਾਰ ਔਖ ਜਿਹੀ ਜ਼ਰੂਰ ਹੁੰਦੀ ਸੀ। ਮੱਖਣ ਸਿੰਘ ਨੇ ਕਹਿਣਾ- "ਨਾ ਸੁਰਜੀਤ ਐਂ ਨਾ ਬੋਲਿਆ ਕਰ। ਇਹਦਾ ਕੋਈ ਲਾਭ ਤਾਂ ਹੁੰਦਾ ਨਹੀਂ।"

"ਤੂੰ ਨ੍ਹੀ ਜੱਟ ਕਿ ਤੂੰ ਕੋਈ ਹੋਰ ਐਂ?" ਕੋਈ ਮਚਲਿਆ ਜੱਟ ਉਸ 'ਤੇ ਆਪਣਾ ਵਿਅੰਗ ਕਸਦਾ- "ਨਾ ਤੂੰ ਕੀ ਐਂ? ਪੜ੍ਹ ਕੇ ਚਾਰ ਜਮਾਤਾਂ ਹੋਰ ਈ ਕੁੱਛ ਬਣਿਆ ਫਿਰਦੈਂ, ਹੈਂ!"

"ਮੈਂ ਗੁਰੂ ਦਾ ਸਿੱਖ ਤੇ ਤੁਸੀਂ ਦੱਸੋ ਬਈ ਤੁਸੀਂ ਕੀ ਓਂ?" ਇਨ੍ਹਾਂ ਗੱਲਾਂ ਦਾ ਮੱਖਣ ਸਿੰਘ ਨੂੰ ਪਤਾ ਲੱਗ ਜਾਣਾ ਤਾਂ ਉਸਨੇ ਸੁਰਜੀਤ ਨਾਲ਼ ਔਖਾ ਹੋਣਾ।

"ਸੁਰਜੀਤ ਮੈਂ ਤੈਨੂੰ ਕੈ ਵਾਰੀ ਕਿਹੈ ਬਈ ਤੂੰ ਇਸ ਜੜ੍ਹੀ ਨਾਲ਼ ਨਾ ਬਹਿਸਿਆ ਕਰ।"

"ਦੇਖ ਬਾਪੂ ਤੂੰ ਤਾਂ ਬਾਣੀ ਦਾ ਭਜਨੀਕ ਐਂ। ਰੋਜ਼ ਗੁਰੂ ਘਰ ਵੀ ਜਾਂਦਾ ਰਿਹੈਂ। ਤੂੰ ਤਾਂ ਕਦੇ ਛੋਟੀ ਵੱਡੀ ਜਾਤ ਮੰਨੀ ਨੀ। ਕੋਈ ਰਿੜਕਣੇ 'ਚੋਂ ਲੱਸੀ ਲੈ ਕੇ ਜਾਈ ਜਾਵੇ ਤੇ ਕੋਈ ਚੁੱਲ੍ਹੇ ਆ ਚੜ੍ਹੇ। ਆਪਣੇ ਟੱਬਰ ਨੂੰ ਕਦੇ ਕੋਈ ਫ਼ਰਕ ਨਹੀਂ ਪਿਆ। ਇਹ ਐ ਸਿੱਖੀ। ਨਾਲ਼ੇ ਸਿੱਖੀ ਅੰਮ੍ਰਿਤ ਨਾਲ਼ ਈ ਤਾਂ ਨੀ ਸ਼ੁਰੂ ਹੁੰਦੀ। ਪਹਿਲੇ ਨੌਂ ਗੁਰੂ ਕੀ ਸੀ? ਕੀ ਉਨ੍ਹਾਂ ਦੇ ਵੇਲ਼ੇ ਕੋਈ ਸਿੱਖ ਨਹੀਂ ਸੀ? ਮੈਂ ਕਿਵੇਂ ਮੰਨਾ ਬਈ ਇਹ ਸਿੱਖੀ ਦੇ ਦਾਅਵੇਦਾਰ ਨੇ। ਇਹ ਦਸਵੇਂ ਗੁਰੂ ਦੀ ਜ਼ੁਲਮ ਜਬਰ ਨਾਲ਼ ਟਕਰਾਉਣ ਵਾਲ਼ੀ ਫੌਜ ਨਹੀਂ ਇਹ ਪੰਥ ਵਾਲ਼ੇ।"



"ਚੱਲ ਆਪਾਂ ਕਾਹਨੂੰ ਬੁਰੇ ਪੈਣੈ ਕਿਸੇ ਨਾਲ਼।" ਮੱਖਣ ਸਿੰਘ ਨੇ ਸੋਚਣਾ-'ਮੁੰਡਾ ਨਵਾਂ ਖ਼ੂਨ ਐ, ਨਾ ਜਾਣੇ ਕਿਸੇ ਨਾਲ਼ ਉਚਾ-ਨੀਵਾਂ ਹੋ ਜੇ ਤੇ ਪਿੱਛੋਂ ਐਵੇਂ ਵਾਧਾ ਘਾਟਾ ਹੁੰਦਾ ਫਿਰੇ। ਅਣਪੜ੍ਹਤਾ ਬਾਹਲ਼ੀ ਐ, ਦਲੀਲ ਘੱਟ ਐ। ਇੱਥੇ ਤਾਂ ਸਾਧਾਂ ਦੇ ਸੱਤਰ ਸਾਲ ਪੁਰਾਣੇ ਕਛਹਿਰੀਆਂ ਦੀ ਪੂਜਾ ਹੋਈ ਜਾਂਦੀ ਐ। ਕੀ ਲੋੜ ਪਈ ਐ ਐਵੇਂ ਜਾਭਾਂ ਦਾ ਭੇੜ ਈ ਐ, ਗੱਲ ਕਿਸੇ ਨੇ ਸਮਝਣੀ ਤਾਂ ਹੈ ਨੀ ਆਊ ਆਊ ਵੱਧ ਕਰਨੀ ਐ। ਜੇ ਕਿਸੇ ਨੇ ਮੰਨਣਾ ਹੀ ਨੀ ਤਾਂ ਜਾਭਾਂ ਦਾ ਪੁੜਪੁੜੀ ਪਾਠ ਕਰਨ ਦਾ ਕੀ ਰੋਜ?"

ਪਰ ਸੁਰਜੀਤ ਤਾਂ ਧੰਨ ਈ ਸੀ। ਧੱਕਾ ਹੋਇਆ ਨੀ ਸੀ ਜਰਦਾ ਕਿਸੇ ਵੀ ਗਰੀਬ ਗੁਰਬੇ 'ਤੇ। ਮੱਖਣ ਸਿੰਘ ਨੂੰ ਬਹੁਤ ਕੁੱਛ ਯਾਦ ਆ ਰਿਹਾ ਹੈ। ਜਦੋਂ ਮੰਡਲੀਆਂ ਭੋਰਨ ਦੀ ਗੱਲ ਨੂੰ ਲੈ ਕੇ ਪਿੰਡ ਦੇ ਘਸੀ ਪਿਟੀ ਜਿਹੀ ਜ਼ੈਲਦਾਰੀ ਵਾਲ਼ੇ ਦਿਲਬਾਗ ਸਿੰਘ ਨੇ ਬਚਨੇ ਰਾਮਦਾਸੀਏ ਨੂੰ ਚਮਾਰ ਚਮਾਰ ਕਹਿ ਕੇ ਸੱਥ ਵਿਚ ਕੁੱਟਿਆ ਸੀ। ਜਦੋਂ ਵਿਚੋਂ ਗੱਲ ਨਿਕਲੀ ਸੀ ਕਿ ਪਿੰਡ ਦਾ ਢੱਠਾ ਮੰਡਲੀਆਂ ਨਾਲ਼ ਖਹਿ ਗਿਆ ਸੀ। ਉਸ ਵੇਲ਼ੇ ਵੀ ਤਾਂ ਸੁਰਜੀਤ ਹੀ ਮੂਹਰੇ ਹੋਇਆ ਸੀ- "ਉਇ ਅਵਾਰਾ ਗਾਂਈਆਂ ਤਾਂ ਹੋਈਆਂ ਥੋਡੀਆਂ ਮਾਂਵਾਂ, ਤੇ ਢੱਠੇ ਹੋਏ ਪਿਉ। ਜੇ ਇਕ ਗਰੀਬ ਥੋਡੇ ਖੇਤ 'ਚ ਵੜ ਗਿਆ ਤਾਂ ਖੇਤ ਭਿਟਿਆ ਗਿਆ।" ਸੁਰਜੀਤ ਆਪ ਹੀ ਵਿਹੜਿਆਂ ਵਿਚ ਗਿਆ ਸੀ ਤੇ ਉਸਨੇ ਵਿਹੜੇ ਵਾਲ਼ਿਆਂ ਨੂੰ 'ਕੱਠੇ ਹੋ ਕੇ ਟਾਕਰਾ ਕਰਨ ਲਈ ਬਹੁਤ ਜ਼ੋਰ ਲਾਇਆ ਪਰ ਕੋਈ ਨਾ ਉਠਿਆ। ਉਠਿਆ ਤਾਂ ਬਚਨਾ ਆਪ। ਸ਼ਾਇਦ ਇਹ ਵੀ ਸੁਰਜੀਤ ਦੀਆਂ ਗੱਲਾਂ ਦਾ ਹੀ ਅਸਰ ਹੋਵੇ ਜੋ ਬਚਨੇ ਨੇ ਕਬੂਲ ਕਰ ਲਿਆ ਹੋਵੇ।

ਉਸਨੇ ਵੀ ਐਨ ਉਸੇ ਦਿਨ ਬਦਲਾ ਲਿਆ ਸੀ। ਦਿਲਬਾਗ ਸਿੰਘ ਤੋਂ। "ਬਚਨਿਆ ਜੋੜਾ ਬਣਾਇਆ ਨ੍ਹੀ ਅਜੇ ਤਾਂਈਂ ਕੈ ਦਿਨ ਹੋ ਗਏ ਮੇਚ ਦਿੱਤੇ ਨੂੰ?" ਸਰਦਾਰ ਦਿਲਬਾਗ ਸਿੰਘ ਨੇ ਰੁਹਬ ਝਾੜਿਆ ਸੀ।

"ਸਾਈ ਫੜਾ ਕੇ ਗਿਆ ਸੀ ਜਿਹੜਾ ਤੜੀ ਦਿੰਨੈ ਜਾਹ ਨਹੀਂ ਬਣਦਾ ਮੇਰੇ ਕੋਲ਼ੋਂ।" ਬਚਨੇ ਨੇ ਅਣਖ ਵਿਖਾਈ ਸੀ। ਸਰਦਾਰ ਥੋੜ੍ਹਾ ਭੈਂਕਰਿਆ ਸੀ ਤਾਂ ਬਚਨੇ ਨੇ ਰੰਬੀ ਚੁੱਕ ਲਈ ਸੀ। ਸਰਦਾਰ ਬੰਦੂਕ ਲੈਣ ਗਿਆ ਸੀ ਤਾਂ ਬਚਨਾ ਸੁਰਜੀਤ ਕੋਲ਼ ਆ ਗਿਆ ਤੇ ਸੁਰਜੀਤ ਉਸ ਦੇ ਅੱਡੇ 'ਤੇ ਆ ਖੜ੍ਹਾ ਸੀ ਰਾਖਾ ਬਣ ਕੇ। ਉਸ ਵੇਲ਼ੇ ਸੁਰਜੀਤ ਦੇ ਮਨ ਵਿਚ ਇਹ ਜ਼ਰੂਰ ਆ ਰਹੀ ਸੀ ਕਿ ਕਿੰਨਾ ਚੰਗਾ ਹੁੰਦਾ ਜੇ ਇਹ ਸਾਰੇ ਹੀ ਗਰੀਬ ਵਿਹੜੇ ਵਾਲ਼ੇ ਲੋਕ ਬਚਨੇ ਦੀ ਮੱਦਦ ਕਰਦੇ। ਫਿਰ ਵੇਖਦੇ ਕਿਵੇਂ ਇਹ ਲੋਕ ਜਗੀਰਦਾਰੀ ਦੀ ਫੋਕੀ ਧੌਂਸ ਦੇ ਹੇਠੋਂ ਨਿਕਲ਼ਦੇ।

ਪਿੰਡ 'ਚੋਂ ਕੁਝ ਹੈਅ-ਭੈਅ ਵਾਲ਼ੇ ਬੰਦੇ ਤਾਂ ਜੋੜ ਲਏ ਸਨ ਸੁਰਜੀਤ ਨੇ ਬਚਨੇ ਦੀ ਇਮਦਾਦ ਵਾਸਤੇ। ਪਰ ਦਿਲਬਾਗ ਸਿੰਘ ਦੇ ਕਾਮੇ ਹੀ ਬਚਨੇ ਦੇ ਵਿਰੁਧ ਭੁਗਤੇ ਸਨ। ਉਨ੍ਹਾਂ ਦੇ ਆਪਣੇ ਹੀ ਘਰਾਂ ਦੇ ਬੰਦੇ ਪੀਲਾ ਤੇ ਦਾਰਾ। ਦਾਬਾ ਹੀ ਐਨਾ ਸੀ ਸਰਦਾਰ ਦਾ। ਵਿਹੜੇ ਵਾਲ਼ਿਆਂ 'ਚੋਂ ਕੋਈ ਨਹੀਂ ਸੀ ਉਠਿਆ।

ਦਿਲਬਾਗ ਸਿੰਘ ਨੇ ਜੱਟਾਂ ਨੂੰ ਭੜਕਾਉਣ ਦੀ ਕੋਸ਼ਿਸ਼ ਕੀਤੀ ਸੀ ਪਰ ਸੁਰਜੀਤ ਦੀਆਂ ਗੱਲਾਂ ਨੇ ਠੰਡਾ ਛਿੜਕ ਕੇ ਜੱਟ ਤੇ ਹਰੀਜਨ ਦਾ ਪਾੜਾ ਨਹੀਂ ਸੀ ਪੈਣ ਦਿੱਤਾ। "ਜੇ ਗਰੀਬ ਗੁਰਬਾ ਖੇਤਾਂ ਦੇ ਵੱਟਾਂ 'ਚੋਂ ਟਾਟ ਟਾਟ, ਬੱਲੀ ਬੱਲੀ ਚੁਗ ਕੇ ਜੂਨ ਗੁਜ਼ਾਰਾ ਕਰਦਾ ਐ ਤਾਂ ਇਹ ਕਿਹੜੀ ਜੱਗੋਂ ਤੇਰਵੀਂ ਹੋ ਗਈ। ਅਖੇ ਸਾਡੇ ਖੇਤ 'ਚ ਕਿਉਂ ਵੜੇ। ਹੋਰ ਫੇਰ ਇਹ ਜਾਣ ਤਾਂ ਕਿੱਥੇ ਜਾਣ। ਮੁਆਫ਼ੀ ਮੰਗਵਾਈ ਸੀ ਸਰਦਾਰ ਤੋਂ ਜਦੋਂ ਪਿੰਡ ਦੇ ਹੋਰ ਨੌਜਵਾਨ ਵੀ ਨਾਲ਼ ਜੋੜ ਲਏ ਸੀ

ਸੁਰਜੀਤ ਨੇ। ਉਦੋਂ ਸੁਰਜੀਤ ਨੇ ਭੱਜ ਨੱਠ ਕਰਕੇ ਪਿੰਡ ਵਿਚ ਨੌਜਵਾਨਾਂ ਦੀ ਸਭਾ ਹੀ ਬਣਾ ਦਿੱਤੀ ਸੀ ਤੇ ਪਿੰਡ ਵਿਚ ਕੁਝ ਕਿਤਾਬਾਂ ਲਿਆ ਕੇ ਲਾਇਬਰੇਰੀ ਖੋਲ੍ਹ ਦਿੱਤੀ ਸੀ। ਫੇਰ ਦੇਖਾ ਦੇਖੀ ਕੁੱਝ ਕੁ ਮਜ਼੍ਹਬੀ ਰਾਮਦਾਸੀਆਂ ਦੇ ਮੁੰਡੇ ਜੁੜ ਗਏ ਸਨ ਉਹਦੇ ਨਾਲ਼। ਉਹ ਮਜ਼੍ਹਬੀ ਸਿੱਖਾਂ ਦੀ ਧਰਮਸ਼ਾਲਾ ਵਿਚ ਉਨ੍ਹਾਂ ਨੂੰ ਗੁਰਮੁਖੀ ਪੜ੍ਹਾਉਣ ਵੀ ਲੱਗ ਪਿਆ ਸੀ।

ਸੁਰਜੀਤ ਦੀ ਮਾਂ ਵੀ ਤਾਂ ਦਾਨੀ ਤੀਵੀਂ ਸੀ। ਬਚਨੇ ਦੀ ਘਰਵਾਲ਼ੀ ਨੇ ਮਿੱਟੀ ਗਾਰੇ ਦਾ ਕਰਨ ਆਉਣਾ ਤਾਂ ਕਈ ਵਾਰ ਨਾਲ਼ ਕੋਈ ਕੁੜੀ ਆ ਜਾਂਦੀ। ਤੇਜ ਕੁਰ ਨੇ ਕੋਈ ਫ਼ਰਕ ਈ ਨਾ ਰੱਖਣਾ ਤੇ ਰਸੋਈ 'ਚ ਬਿਠਾ ਕੇ ਖਵਾਉਣਾ ਪਿਆਉਣਾ ਕੁੜੀਆਂ ਨੂੰ। "ਖਾ ਲੋ ਪੁੱਤ ਨੀ, ਖ਼ਬਰੈ ਥੋਡਾ ਦਿੱਤਾ ਈ ਖਾਨੇ ਆਂ। ਥੋਡਾ ਈ ਪੁੰਨ ਲੱਗਿਆ ਸਾਨੂੰ। ਸੁੱਖ ਨਾਲ ਕਿਸੇ ਚੀਜ਼ ਦੀ ਤੋਟ ਨੀ ਰੱਖੀ ਮਹਾਰਾਜ ਨੇ।" ਕਾੜ੍ਹਨੀ 'ਚੋਂ ਦੁੱਧ ਪਾਉਂਦੀ ਤੇਜ ਕੌਰ ਨੇ ਕਈ ਵਾਰ ਇਹ ਗੱਲ ਦੁਹਰਾਈ ਸੀ। ਉਹ ਕਈ ਵਾਰ ਦਿਹਾੜਨਾ ਨੂੰ ਕਹਿ ਦਿੰਦੀ ਸੀ- "ਪੁੱਤ ਨੀ ਆਪੇ ਈ ਲਾਹ ਲੋ ਤੌੜੀ ਹਾਰੇ ਚੋਂ। ਹਾਅ ਪੀਪੀ 'ਚ ਸ਼ੱਕਰ ਪਈ ਐ ਜੇ ਮਿੱਠਾ ਪਾਉਣੈ ਤਾਂ...ਪੀ ਲੋ ਰੱਜ ਕੇ ਮੇਰੀਆਂ ਧੀਆਂ।" ਮੱਖਣ ਸਿੰਘ ਅੱਜ ਸੋਚਦਾ ਹੈ ਕਿ ਤੇਜ ਕੁਰ ਤਾਂ ਆਪ ਵੀ ਦੇਵਤਾ ਲੋਕ ਸੀ ਤੇ ਸੁਰਜੀਤ ਬਹੁਤਾ ਆਪਣੀ ਮਾਂ 'ਤੇ ਗਿਆ। ਫਿਰ ਤਾਂ ਮੱਖਣ ਸਿੰਘ ਨੇ ਵੀ ਦਲੇਰੀ ਫੜ ਕੇ ਕਹਿ ਦਿੱਤਾ ਸੀ- "ਬਚਨਿਆ ਐਂ ਨਾ ਸਮਝੀਂ ਬਈ ਪਿੰਡ 'ਚ ਤੇਰਾ ਕੋਈ ਨੀ। ਤੂੰ ਰਵਿਦਾਸ ਮਹਾਰਾਜ ਦੀ ਵੰਸ 'ਚੋਂ ਐਂ ਭਾਈ। ਇਹ ਸਾਰੇ ਭਾਗੋ ਤੇ ਬਾਹਮਣ 'ਕੱਠੇ ਹੋਏ ਵੇ ਨੇ। ਮੈਂ ਜੇ ਮਾਰ ਮਾਰ ਕੇ ਖੂੰਡੇ ਪੁੜੀਂ ਪੂੰ ਨਾ ਪਾ 'ਤੀ ਤਾਂ ਮੈਨੂੰ ਵੀ ਮਾਂ ਨੇ ਨੀਂ ਜੰਮਿਆ। ਨਾਲ ਆਂ ਅਸੀਂ ਤੇਰੇ।"

ਬਚਨਾ ਹੱਥ ਜੋੜੀ ਸ਼ੁਕਰਾਨੇ ਵਿਚ ਖੜ੍ਹਾ ਰਿਹਾ ਸੀ ਇਕ ਬੁੱਤ ਬਣਿਆ। ਸੁਰਜੀਤ ਬੋਲਿਆ ਸੀ ਤਾਇਆ ਤੂੰ ਕਿਸੇ ਨਾਢੂ ਖਾਂ ਦੀ ਟੈਂ ਨਾ ਮੰਨੀ। ਗੁਰੂ ਤੇਰੇ ਨਾਲ਼ ਐ। ਉਹ ਅਣਖ ਵਾਲ਼ਿਆਂ ਦੇ ਨਾਲ ਈ ਖੜ੍ਹਦੈ। ਦਿਲਬਾਗ ਸਿੰਘ ਮਿਲਿਆ ਸੀ ਸੁਰਜੀਤ ਨੂੰ ਰਾਹ ਜਾਂਦਾ। ਬੱਕਰੀ ਬਣਿਆ ਹੋਇਆ ਸੀ- "ਸ਼ੇਰਾ ਇਹ ਕਮੀਨ ਲੋਕ ਈ ਜੇ ਸਾਡੇ ਮੂਹਰੇ ਐ ਬੋਲਣ ਲੱਗੇ।

"ਚਾਚਾ ਜੀ ਐਹੋ ਜੀ ਕੀ ਗੱਲ ਹੋ ਗਈ ਜੋ ਜੱਗੋਂ ਸੀਰ ਈ ਮੁਕਾਉਣ ਦੀਆਂ ਗੱਲਾਂ ਕਰਨ ਲੱਗ ਪਏ।" ਸੁਰਜੀਤ

"ਪੇ ਤਾਂ ਆਪਣਾ ਜੱਗ 'ਤੇ ਕੀ ਰਹਿ ਗਿਆ? ਦੇਖ ਪੁੱਤਰਾ ਅੱਜ ਜਦੋਂ ਮੈਂ ਸੱਥ 'ਚੋਂ ਦੀ ਲੰਘ ਰਿਹਾ ਸੀ ਤਾਂ ਬਚਨੇ ਦੀ ਕੁੜੀ ਗੋਹੇ ਦਾ ਟੋਕਰਾ ਚੁੱਕੀ ਜਾਂਦੀ ਸੀ ਤਾਂ ਉਸਨੇ ਮੇਰੇ ਬੰਨੀ ਦੇਖ ਕੇ ਥੁੱਕਿਆ। ਇਹ ਚੰਗੀ ਗੱਲ ਤਾਂ ਨੀ।"

"ਮਾੜੀ ਗੱਲ ਐ ਚਾਚਾ ਜੀ। ਪਰ ਜੇ ਗੋਹੇ ਦੀ ਮੁਸ਼ਕ ਕਰਕੇ ਈ ਕੁੜੀ ਦੇ ਮੂੰਹ ਵਿਚ ਥੁੱਕ ਆ ਗਿਆ ਹੋਇਆ ਤਾਂ ਇਸ ਵਿਚ ਕੁੜੀ ਦਾ ਤਾਂ ਕੋਈ ਕਸੂਰ ਨਾ ਹੋਇਆ।"

ਮਹੀਨਾ ਵੀ ਨਹੀਂ ਬੀਤਿਆ ਹੋਣਾ ਕਿ ਲੋਕਾਂ ਉਪਰ ਨਵੀਂ ਬਿਪਤਾ ਦਾ ਪਹਾੜ ਟੁੱਟ ਪਿਆ। ਮੱਖਣ ਸਿੰਘ ਦਾ ਤਦ ਤੱਕ ਰਾਜਨੀਤੀ ਵਿਚ ਕੋਈ ਬਹੁਤਾ ਵਾਹ ਨਹੀਂ ਸੀ। ਬੱਸ ਸੁਰਜੀਤ ਦੀਆਂ ਗੱਲਾਂ ਦਾ ਅਸਰ ਜ਼ਰੂਰ ਹੋ ਜਾਂਦਾ ਸੀ ਉਸ ਦੇ ਦਿਲ 'ਤੇ। ਉਹ ਵਾਹਿਗੁਰੂ ਅੱਗੇ ਅਰਦਾਸ ਕਰਦਾ- "ਸੱਚਿਆ ਪਾਤਸ਼ਾਹ ਕਰ ਮਿਹਰ। ਇਨ੍ਹਾਂ ਰਾਜਿਆਂ ਨੂੰ ਵੀ ਮੱਤ ਦਿਹ ਦਾਤਿਆ"-ਫਿਰ ਆਪ ਹੀ ਆਪਣੇ ਖ਼ਿਆਲਾਂ ਦਾ ਉਤਰ ਦਿੰਦਾ-"ਇਹ ਨ੍ਹੀ ਟਿਕਣ ਦਿੰਦੇ ਪਰਜਾ ਨੂੰ। ਕਿਸੇ ਨੂੰ ਸੁਖ ਦਾ ਸਾਹ ਨਾ ਆ ਜਾਏ ਸਰਕਾਰਾਂ ਵੀ ਤਾਂ ਐ ਈ ਸੋਚੀ ਖੜ੍ਹੀਆਂ ਨੇ। ਤੇਰੇ ਈ ਰੱਖਣ ਦੇ ਆਂ ਸਤਿਗੁਰੂ।"

ਪਿੰਡ ਬੰਗੜ ਚੱਠਾ ਸਿੰਘ ਵਾਲ਼ਾ ਦੇ ਦੋ ਗਰੀਬ ਕਿਸਾਨਾਂ ਦੀ ਦੋ ਦੋ ਚਾਰ ਚਾਰ ਕਿੱਲੇ ਜ਼ਮੀਨ



ਕੁਰਕ ਕੀਤੀ ਜਾਣੀ ਸੀ ਤਾਂ ਕਿਸਾਨ ਜਥੇਬੰਦੀਆਂ ਮੈਦਾਨ ਵਿਚ ਉਤਰ ਆਈਆਂ। ਮੱਖਣ ਸਿੰਘ ਸਿਮਰਨਾ ਫੇਰਦਾ ਤੇ ਨਿਤਨੇਮ ਦਾ ਜਾਪ ਕਰਦਾ, ਅਰਦਾਸਾਂ ਕਰਦਾ ਉਧਰ ਅਹੁਲ਼ਿਆ ਸੀ ਪਰ ਇਸ ਮਾਮਲੇ ਵਿਚ ਉਸਦੀ ਕੋਈ ਅਰਦਾਸ ਅਸਰ ਨਾ ਕਰਦੀ ਨਾ ਦਿੱਸੀ ਤਾਂ ਉਹ ਗੁਰੂ ਨੂੰ ਹੀ ਉਲ੍ਹਾਮਿਆਂ 'ਤੇ ਉਤਰ ਆਇਆ।

"ਸੱਚੇ ਪਾਤਸ਼ਾਹ ਇਹ ਕੀ ਕਾਰਵਾਈ ਜਾਨੈ ਤੂੰ? ਤੂੰ ਤਾਂ ਲਿਖਿਆ ਸੀ ਬਈ ਜੇ ਕੋਈ ਗਰੀਬਾਂ ਦੀ ਦਾਹੜੀ ਖਿੱਚੂ ਤਾਂ ਪਾਰਬ੍ਰਹਿਮ ਉਸਨੂੰ ਅਗਨ ਵਿਚ ਸਾੜੂ। ਇਹ ਪਾਪੀ ਤਾਂ ਸਗੋਂ ਦਿਨ ਰਾਤ ਵਧ ਫੁੱਲ ਰਹੇ ਐ। ਸਿਰਫ਼ ਦੋ ਕਿੱਲੇ ਜਿਸ ਉਪਰ ਉਹ ਗਰੀਬ ਜੱਟ ਆਪਣੇ ਟੱਬਰ ਨਾਲ ਜੂਨ ਗੁਜਾਰਾ ਕਰਦਾ ਸੀ ਉਹ ਵੀ ਨ੍ਹੀ ਰਹਿਣ ਦੇਣੀ ਉਹਦੇ ਕੋਲ਼। ਸੱਚੇ ਪਾਤਸ਼ਾਹ ਇਹ ਤੇਰਾ ਕਾਨੂੰਨ ਐ ਕਿ ਰਾਜਿਆ ਦਾ? ਹੁਣ ਜੱਟਾਂ ਦੇ ਦੋ ਕਿੱਲੇ ਜ਼ਮੀਨ ਖੁਹ ਲਈ ਜਾਵੇਗੀ ਤਾਂ ਸਾਡੇ ਆਜ਼ਾਦ ਭਾਰਤ ਦਾ ਇਹ ਕਾਨੂੰਨ ਉਸਨੂੰ ਸੜਕਾਂ 'ਤੇ ਭੁੱਖੇ ਮਰਨ ਦਾ ਜਮਹੂਰੀ ਹੱਕ ਦੇ ਦੇਵੇਗਾ। ਉਸਨੂੰ ਪੂਰਨ ਅਜ਼ਾਦੀ ਹੋਵੇਗੀ ਕਿ ਉਹ ਬੇਸ਼ੱਕ ਸਲਫ਼ਾਸ ਖਾ ਕੇ ਮਰੇ ਜਾਂ ਫਾਹਾ ਲੈ ਕੇ ਉਸਦੀ ਮਰਜ਼ੀ। ਉਹ ਬੜੀ ਮੌਜ ਨਾਲ ਸਪਰੇਅ ਵੀ ਪੀ ਸਕਦੈ। ਖੇਤ ਵਾਲ਼ੀ ਕਿੱਕਰ ਦੇ ਕਿਸੇ ਟਾਹਣੇ ਨਾਲ਼ ਰੱਸਾ ਲਮਕਾ ਕੇ ਵੀ ਗਲ਼ ਵਿਚ ਪਾ ਸਕਦੈ। ਆਪਣੇ ਟੱਬਰ ਨੂੰ ਵੀ ਨਾਲ ਹੀ ਪਿਆ ਸਕਦੈ ਸਪਰੇਅ। ਖਵਾ ਸਕਦੈ ਸਲਫ਼ਾਸ ਬੱਚਿਆਂ ਨੂੰ ਵੀ। ਉਸਨੂੰ ਪੂਰਨ ਆਜ਼ਾਦੀ ਬਖ਼ਸ਼ੀ ਐ ਸਾਡੇ ਸੰਵਿਧਾਨ ਨੇ। ਉਹ ਜੋ ਮਰਜ਼ੀ ਰਾਹ ਚੁਣ ਸਕਦੈ। ਕਿਸੇ ਹੋਰ ਜੱਟ ਦਾ ਦਿਹਾੜੀਆਂ ਵੀ ਬਣ ਸਕਦੈ ਜੇ ਸਿਰ ਵਿਚ ਜੱਟ ਵਾਲ਼ਾ ਕਿੱਲਾ ਨਾ ਹੋਵੇ।" ਸੁਰਜੀਤ ਨੇ ਹੀ ਜਿਵੇਂ ਮੱਖਣ ਸਿੰਘ ਲਈ ਕੋਈ ਨਵੇਂ ਅਧਿਆਇ ਖੋਲ੍ਹੇ ਸਨ ਜੋ ਉਹਦੇ ਲਈ ਇਕ ਤਰ੍ਹਾਂ ਦੇ ਸਕੂਲ ਸਾਬਤ ਹੋ ਰਹੇ ਸਨ।

ਹੁਣ ਤੁਸੀਂ ਦੱਸੋ ਬਈ ਸੁਰਜੀਤ ਨੇ ਜੋ ਫ਼ਸਲ ਘਰਦਿਆਂ ਲਈ ਬੀਜ਼ ਦਿੱਤੀ ਸੀ ਉਹ ਗੁਰਨਾਮ ਕੌਰ ਨੇ ਹੀ ਤਾਂ ਵੱਢਣੀ ਸੀ, ਕਿ ਕੋਈ ਹੋਰ ਵੱਢਦਾ? ਜਾਂ ਫਿਰ ਇਹ ਮੱਖਣ ਸਿੰਘ ਦੇ ਹਿੱਸੇ ਵਿੱਚ ਆਈ ਸੀ। ਹਾਂ ਫਿਰ ਮੱਖਣ ਸਿੰਘ ਵੱਢ ਹੀ ਤਾਂ ਰਿਹਾ ਸੀ ਇਹ ਫ਼ਸਲ। ਉਦੋਂ ਤਾਂ ਸੁਰਜੀਤ ਤੇ ਗੁਰਨਾਮ ਕੌਰ ਦੋਵੇਂ ਹੀ ਘਰ ਬਾਰ ਛੱਡ ਕੇ ਪਿੰਡਾਂ ਨੂੰ ਨਿਕਲ਼ ਪਏ ਸਨ। ਦੋਹਾਂ ਨੇ ਹੀ ਨੌਕਰੀਆਂ ਤੋਂ ਛੁੱਟੀ ਕਰ ਲਈ ਸੀ। ਲੀਡਰਾਂ ਦੇ ਨਾਲ਼ ਹੀ ਪਿੰਡਾਂ ਵਿਚ ਮੀਟਿੰਗਾਂ ਕਰਵਾਉਂਦੇ ਫਿਰਦੇ ਸਨ। ਫਿਰ ਸੁਰਜੀਤ ਨੌਕਰੀ ਨੂੰ ਵੀ ਲੱਤ ਮਾਰ ਕੇ ਕੁੱਲ ਵਕਤੀ ਹੋ ਗਿਆ ਸੀ। ਉਸ ਨੇ ਚੋਣ ਹੀ ਕਿਸਾਨੀ ਫਰੰਟ ਦੀ ਕੀਤੀ ਸੀ ਜਾਂ ਜਥੇਬੰਦੀ ਦਾ ਹੀ ਇਹ ਹੁਕਮ ਹੋ ਸਕਦੈ ਪਰ ਮੱਖਣ ਸਿੰਘ ਨੇ ਕਦੇ ਇਸ ਬਾਰੇ ਜਾਣਨਾ ਹੀ ਨਹੀਂ ਸੀ ਚਾਹਿਆ।

ਹੁਣ ਇਹ ਜੱਟ ਆਪਣੀ ਤਾਕਤ ਦਾ ਆਖ਼ਰੀ ਕਤਰਾ ਜੋੜ ਕੇ ਆਪਣੇ ਆਪ ਦੀ ਸਲਾਮਤੀ ਵਾਸਤੇ ਅੱਗੇ ਆ ਰਹੇ ਸਨ ਤੇ ਸਰਕਾਰ ਇਨ੍ਹਾਂ ਲਈ ਤੁਹਫ਼ਾ ਲਿਆਈ ਸੀ ਦੰਗਾ ਰੋਕੂ ਗੱਡੀਆਂ ਤੇ ਪਾਣੀ ਦੀਆਂ ਤੋਪਾਂ। ਕਾਲ਼ੀਆਂ ਵਰਦੀਆਂ ਵਾਲੇ ਕਮਾਂਡੋ ਤੇ ਅਸਾਲਟ ਰਾਈਫ਼ਲਾਂ ਨਾਲ ਪੁਲਿਸੀਆਂ ਦੀਆਂ ਹੇੜ੍ਹਾਂ ਜੋ ਹੁਣ ਇਨ੍ਹਾਂ ਨੂੰ ਸਬਕ ਸਿਖਾਉਣਗੀਆਂ ਕਿਵੇਂ ਦੇਸ਼ ਵਿਚ ਅਮਨ ਬਣਾ ਕੇ ਰੱਖਣਾ ਹੈ। ਪੁਲਿਸ ਵਾਲੇ ਹੁਣ ਇਨ੍ਹਾਂ ਨੂੰ ਸਮਝਾਉਣਗੇ ਸਦੀਆਂ ਤੋਂ ਕੀਤੀ ਮਿਹਨਤ ਦਾ ਸਬਕ। ਉਸ ਮਿਹਨਤ ਦਾ ਮੁੱਲ ਮੋੜਨਗੇ ਜੋ ਉਸ ਦੇ ਪਿਉ ਦਾਦਿਆਂ ਤੇ ਉਨ੍ਹਾਂ ਦੇ ਪਿਉ ਦਾਦਿਆਂ ਤੋਂ ਲੈ ਕੇ ਕਰਦੇ ਆਏ ਨੇ ਸਾਲ ਦਰ ਸਾਲ ਪੀੜ੍ਹੀਆਂ ਦੀਆਂ ਪੀੜ੍ਹੀਆਂ। ਖ਼ਾਸ ਕਰਕੇ ਹੁਣ ਜਦੋਂ ਕਿ ਦੇਸ਼ 'ਤਰੱਕੀ ਦੀ ਰਾਹ' ਤੁਰਨ ਲੱਗਿਆ ਸੀ। ਆਜ਼ਾਦੀ ਤੋਂ ਸੱਠ ਸਾਲ ਬਾਅਦ। ਦੇਸ਼ ਬਹੁਤ ਤਰੱਕੀ ਕਰ ਰਿਹੈ। ਕੋਈ ਅੰਤ ਨੀ। ਇਹ ਤਰੱਕੀ ਨਿਰੰਤਰ ਜਾਰੀ ਰਹਿਣੀ ਚਾਹੀਦੀ

ਐ-ਬੰਦੇ ਦਾ ਕੀ ਐ? ਇਸ ਨੇ ਅੱਜ ਨਹੀਂ ਤਾਂ ਕੱਲ੍ਹ ਮਰਨਾ ਈ ਐ। ਜਿੰਨੀ ਛੇਤੀ ਇਹ ਜੂਨੀ ਕੱਟੀ ਜਾਵੇ ਉਨਾ ਹੀ ਚੰਗਾ...ਸੰਤਾਂ ਦੇ ਦਿਵਾਨਾਂ 'ਚ ਆਹੀ ਕੁਛ ਤਾਂ ਸੁਣਦੇ ਆ ਰਹੇ ਨੇ ਲੋਕ..ਸੰਤਾਂ ਨੇ ਈ ਤਾਂ ਗੁਰੂਆਂ ਦੀ ਥਾਂ ਲੈ ਲਈ ਐ।"

ਪੇਂਡੂ ਮਜ਼ਦੂਰਾਂ ਨਾਲ ਸੰਬੰਧਤ ਜਥੇਬੰਦੀਆਂ ਵੀ ਆਈਆਂ ਸਨ, ਹਮਾਇਤ ਵਿਚ। ਇਹ ਪਹਿਲੀ ਵਾਰ ਸੀ ਕਿ ਜੱਟ ਤੇ ਹਰੀਜਨ ਦੇ ਪਾੜੇ ਪਾਉਣ ਵਾਲੀ ਰਾਜਨੀਤੀ ਦਾ ਭੋਗ ਪੈਣ ਲੱਗਿਆ ਸੀ। ਲੋਕਾਂ ਨੇ ਕਿਸਾਨ ਦੀ ਜ਼ਮੀਨ 'ਤੇ ਝੰਡੇ ਗੱਡ ਦਿੱਤੇ ਸਨ। ਮੱਖਣ ਸਿੰਘ ਆਪ ਵੀ ਤਾਂ ਪਿੱਛੇ ਨਹੀਂ ਸੀ ਰਹਿ ਸਕਿਆ। ਗਿਆ ਸੀ ਉਹ ਵੀ ਇਕੱਠ ਵਿਚ। ਪੁਲਿਸ ਆਪਣੀ ਤਾਕਤ ਨਾਲ ਸ਼ਾਹੂਕਾਰ ਦਾ ਜ਼ਮੀਨ ਉਪਰ ਕਬਜ਼ਾ ਕਰਵਾਉਣਾ ਚਾਹੁੰਦੀ ਸੀ ਜਿਸ ਕਰਕੇ ਦੰਗਾ ਰੋਕੂ ਗੱਡੀ ਨੂੰ ਮੂਹਰੇ ਲਾ ਕੇ ਹਮਲਾ ਕਰ ਦਿੱਤਾ ਸੀ। ਲੋਕ ਆਪਣੀ ਥਾਂ ਤੋਂ ਨਹੀਂ ਸੀ ਹਿੱਲੇ, ਬੈਠੇ ਜਾਂ ਖੜ੍ਹੇ ਥਾਂ 'ਤੇ ਹੀ ਜੰਮੇ ਰਹੇ ਸਨ। ਪੁਲਿਸ ਬੰਦੂਕਾਂ ਤਾਣੀ ਅੱਗੇ ਵਧ ਆਈ ਸੀ। ਲੋਕਾਂ ਵਿਚ ਥੋੜ੍ਹੀ ਹਿੱਲ-ਜੁੱਲ ਹੋਈ ਸੀ ਤੇ ਕਈ ਜਾਣੇ ਥੋੜ੍ਹਾ ਇਧਰ ਉਧਰ ਵੀ ਹੋ ਗਏ ਸਨ ਪਰ ਗੁਰਨਾਮ ਕੁਰ ਤਾਂ ਸੁਰਜੀਤ ਤੋਂ ਵੀ ਅੱਗੇ ਖੜ੍ਹੀ ਸੀ। ਕਿਸਾਨ ਆਗੂ ਭੰਗਾ ਸਿੰਘ ਨੇ ਸਪੀਕਰ ਤੋਂ ਐਲਾਨ ਕਰ ਦਿੱਤਾ- "ਸਾਥੀਓ, ਤੁਸੀਂ ਕਿਸੇ ਤਰ੍ਹਾਂ ਦੀ ਵੀ ਭੜਕਾਹਟ ਵਿਚ ਨਹੀਂ ਆਉਣਾ। ਕਤਾਰਾਂ ਬਣਾ ਕੇ ਖੜ੍ਹੇ ਹੋ ਜਾਉ। ਕਿਸੇ ਪਾਸੇ ਨ੍ਹੀ ਜਾਣਾ ਨਾ ਭੱਜਣਾ ਹੈ। ਅਸੀਂ ਪੁਲਸੀ ਅਫ਼ਸਰਾਂ ਨੂੰ ਦੱਸ ਦੇਣਾ ਚਾਹੁੰਦੇ ਹਾਂ ਕਿ ਲੋਕਾਂ ਨੂੰ ਅਮਨ ਕਾਇਮ ਕਰਨਾ ਆਉਂਦੈ। ਅਮਨ ਅਮਨ ਦਾ ਫ਼ਰਕ ਹੁੰਦੈ। ਫਿਰ ਉਹ ਪੁਲਸੀਆਂ ਨੂੰ ਸੰਬੋਧਤ ਹੋਇਆ ਸੀ- "ਲੋਕਾਂ ਨੂੰ ਤੁਹਾਡੇ ਅਮਨ ਦੇ ਅਰਥ ਸਮਝ ਆ ਗਏ ਨੇ, ਇਹ ਨ੍ਹੀ ਬਈ ਇਹਨਾਂ ਨੂੰ ਸਮਝ ਨ੍ਹੀ।" ਫਿਰ ਉਸਨੇ ਲੋਕਾਂ ਵੱਲ ਮੂੰਹ ਕੀਤਾ ਸੀ, "ਹਾਂ ਬਈ ਸਾਥੀਓ! ਆਪਣੇ ਵਾਲ਼ੇ ਪਾਸਿਉਂ ਕਿਸੇ ਕਿਸਮ ਦੀ ਪਹਿਲ ਨ੍ਹੀਂ ਕੀਤੀ ਜਾਣੀ ਚਾਹੀਦੀ। ਵੇਖਦੇ ਆਂ ਕਿ ਇਹ ਅਫ਼ਸਰ ਕਿਹੋ ਜਿਹਾ ਅਮਨ ਕਾਇਮ ਕਰਦੇ ਨੇ।"

ਲੋਕਾਂ ਦੇ ਦਿਲ ਜਿਵੇਂ ਭੁੜਕ ਭੁੜਕ ਕੇ ਬਾਹਰ ਨੂੰ ਆ ਰਹੇ ਸਨ। ਜੋਸ਼, ਸਹਿਮ ਤੇ ਭਿਆਨਕ ਕਿਸਮ ਦਾ ਤਣਾਅ ਕਿ ਪਤਾ ਨ੍ਹੀ ਕੀ ਹੋਣ ਵਾਲਾ ਸੀ। ਖ਼ਾਸ ਕਿਸਮ ਦੇ ਹਊਏ ਜਿਹੇ ਦਾ ਅਜੀਬ ਜਿਹਾ ਪ੍ਰਭਾਵ ਸਭ ਪਾਸੇ ਤਾਰੀ ਸੀ। ਮਰਨਾ ਕੋਈ ਸੌਖਾ ਤਾਂ ਨ੍ਹੀ ਹੁੰਦਾ। ਸਾਮ੍ਹਣੇ ਮੌਤ ਹੀ ਤਾਂ ਖੜ੍ਹੀ ਦਿਸਦੀ ਸੀ ਇਕ ਤਰ੍ਹਾਂ। ਲੋਕਾਂ ਨੇ ਕਤਾਰਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ ਤਾਂ ਕਈ ਕੁੜੀਆਂ ਨੂੰ ਨਾਲ ਲੈ ਕੇ ਗੁਰਨਾਮ ਕੁਰ ਵੀ ਕਿਸਾਨ ਔਰਤਾਂ ਵਾਲੇ ਪਾਸੇ ਅੱਗੇ ਆ ਗਈ। ਪੁਲਸ ਵਾਲ਼ੇ ਹੌਲੀ ਹੌਲੀ ਅੱਗੇ ਵੱਲ ਵਧਦੇ ਆ ਰਹੇ ਸਨ।

ਪੁਲਿਸ ਦੀ ਦੰਗਾ ਰੋਕੂ ਨਹੀਂ ਦੰਗਾ ਕਰੂ ਗੱਡੀ, ਕਿਉਂਕਿ ਲੋਕ ਤਾਂ ਇਕ ਦਮ ਹੀ ਸ਼ਾਂਤ ਚਿਤ ਖੜ੍ਹੇ ਸਨ, ਭੀੜ ਉਪਰ ਚੜ੍ਹਨ ਲਈ ਜਿਵੇਂ ਤਿਆਰ ਸੀ ਤੇ ਪੰਜ ਛੀ ਜਨਾਨੀਆਂ ਗੱਡੀ ਦੇ ਮੂਹਰੇ ਪੈ ਗਈਆਂ ਸਨ। ਮੱਖਣ ਸਿੰਘ ਕੁੱਝ ਕਿਸਾਨਾਂ ਵਿਚ ਘਿਰਿਆ ਹੋਇਆ ਪੁਲਿਸ ਦੀ ਐਨ ਮਾਰ ਵਿਚ ਸੀ। ਇਕ ਥਾਣੇਦਾਰ ਨੇ ਆਉਂਦਿਆਂ ਈ ਉਸ ਦੇ ਸਿਰ ਵਿਚ ਡਾਂਗ ਜੜ ਦਿੱਤੀ ਸੀ। ਮੱਖਣ ਸਿੰਘ ਇਕ ਵਾਰ ਤਾਂ ਗੇੜਾ ਖਾ ਕੇ ਡਿੱਗ ਪਿਆ ਪਰ ਝੱਟ ਉਠ ਕੇ ਖੜ੍ਹਾ ਹੋ ਗਿਆ ਤੇ ਉਸਨੇ ਲਹੂ ਲੁਹਾਣ ਹਾਲਤ ਵਿਚ ਹੀ ਨਾਹਰਾ ਗੁੰਜਾ ਦਿੱਤਾ- "ਬੋਲੇ ਸੋ ਨਿਹਾਲ।" ਦੂਜੇ ਪਾਸਿਉਂ ਜਵਾਬ ਆਇਆ ਸੀ- "ਸਤਿ ਸ੍ਰੀ ਅਕਾਲ।" ਤੇ ਨੌਜਵਾਨਾਂ ਵਾਲ਼ੇ ਪਾਸਿਉਂ ਨਾਅਰਾ ਬੁਲੰਦ ਹੋਇਆ ਸੀ- "ਪੁਲਸੀ ਧਾੜਾਂ ਮੁਰਦਾਬਾਦ।" ਤੇ ਫਿਰ ਜ਼ੋਰ ਸ਼ੋਰ ਨਾਲ਼ ਮੁਰਦਾਬਾਦ ਮੁਰਦਾਬਾਦ ਵਿਚ ਜਵਾਬ ਆਇਆ ਸੀ ਇਕੱਠ ਵੱਲੋਂ। "ਲੋਕ ਏਕਤਾ ਜ਼ਿੰਦਾਬਾਦ!" ਜਵਾਬ ਮਿਲਿਆ ਸੀ-



"ਜ਼ਿੰਦਾਬਾਦ ਜ਼ਿੰਦਾਬਾਦ!" ਹੁਣ ਤਾਂ ਇਉਂ ਜਾਪਦਾ ਸੀ ਜਿਵੇਂ ਆਸਮਾਨ ਪਾਟ ਜਾਣਾ ਹੋਵੇ। ਇੰਨੇ ਨਾਅਰੇ ਅਤੇ ਜੈਕਾਰੇ ਗੂੰਜੇ ਰਹੇ ਸਨ ਕਿ ਰਹੇ ਰੱਬ ਦਾ ਨਾਂ। ਮੱਖਣ ਸਿੰਘ ਵਿਚ ਤਾਂ ਸੱਚ-ਮੁੱਚ ਹੀ ਜਿਵੇਂ ਖ਼ਾਲਸੇ ਵਾਲ਼ਾ ਹੀ ਜੋਸ਼ ਠਾਠਾਂ ਮਾਰ ਰਿਹਾ ਸੀ।

ਹੁਣ ਸੁਰਜੀਤ ਅੱਗੇ ਆਇਆ ਸੀ। ਪੁਲਿਸ ਦੇ ਐਨ ਸਾਮ੍ਹਣੇ। ਡਰੰਮ ਵਰਗੇ ਢਿਡ ਵਾਲ਼ੇ ਝੋਟੇ ਨਾਂ ਦੇ ਐਸ.ਐਸ.ਪੀ. ਦੇ ਤਾਂ ਉਹ ਪਹਿਲਾਂ ਹੀ ਅੱਖ ਤਿਣ ਸੀ। ਕੌਣ ਕਹਿ ਸਕਦਾ ਸੀ ਕਿ ਘਟਨਾਵਾਂ ਦਾ ਚੱਕਰ ਇੰਨੀ ਜਲਦੀ ਵਾਪਰੇਗਾ?

ਮੱਖਣ ਸਿੰਘ ਤਾਂ ਪਹਿਲੀ ਵਾਰ ਇਹੋ ਜੇ 'ਕੱਠ 'ਚ ਆਇਆ ਹੋਣ ਕਰਕੇ ਸੋਚ ਵੀ ਨਹੀਂ ਸੀ ਸਕਿਆ ਕਿ ਇੰਨੀ ਛੇਤੀ ਐਂ ਸਭ ਕੁਛ ਹੋ ਜੂ। ਉਸ ਨੇ ਜਦੋਂ ਵੇਖਿਆ ਕਿ ਸੁਰਜੀਤ ਨਿਧੜਕ ਪੁਲਿਸ ਦੇ ਦਸਤਿਆਂ ਦੇ ਅੱਗੇ ਡਟਿਆ ਖਲੋਤਾ ਹੈ ਤਾਂ ਉਸਨੇ ਵੀ ਉਸਦੇ ਬਰਾਬਰ ਜਾਣਾ ਚਾਹਿਆ ਪਰ ਜਾ ਨਾ ਸਕਿਆ। ਗੁਰਨਾਮ ਕੌਰ ਪਹੁੰਚ ਗਈ ਸੀ। ਬੱਸ ਇਹ ਪਲ ਦੋ ਪਲ ਦਾ ਹੀ ਸੰਨ੍ਹ ਸੀ ਕਿ ਪੁਲਿਸ ਨੇ ਬਗੈਰ ਕੋਈ ਐਲਾਣ ਕੀਤੇ ਲਾਠੀ ਚਾਰਜ ਦਾ ਹੁਕਮ ਦੇ ਦਿੱਤਾ। ਬੱਸ ਇਸ ਦੀ ਦੇਰ ਸੀ ਕਿ ਲੋਕਾਂ ਵਿਚ ਇਕ ਤਰ੍ਹਾਂ ਜੋਸ਼ ਠਾਠਾਂ ਮਾਰਨ ਲੱਗਿਆ। ਕੋਈ ਕਿਸੇ ਦੇ ਕਾਬੂ ਵਿਚ ਨਹੀਂ ਸੀ ਜਿਵੇਂ। ਮੱਖਣ ਸਿੰਘ ਨੂੰ ਪਹਿਲੀ ਵਾਰ ਲੋਕ ਰਾਜ ਦੇ ਅਰਥ ਸਮਝ ਆਏ ਸਨ। ਹਾਂ ਇਹੋ ਹੀ ਤਾਂ ਲੋਕ ਰਾਜ ਸੀ ਜੋ ਸਰਕਾਰ ਤਾ ਮਾਲਾ-ਮਾਲ ਹੋਣ ਦਾ ਮੌਕਾ ਦੇਵੇ ਪਰ ਖੇਤਾਂ 'ਚ ਰੁਲ਼ਣ ਵਾਲਿਆਂ ਨਾਲ਼ ਆਹ ਵਰਤਾਉ। ਪੁਲਿਸ ਵਾਲ਼ੇ ਲੋਕਾਂ ਨਾਲ਼ ਜੋ ਮਰਜ਼ੀ ਸਲੂਕ ਕਰਨ ਉਹ ਕਾਨੂੰਨੀ ਤੇ ਜੋ ਅਸੀਂ ਕਰੀਏ ਉਹ ਗੈਰ ਕਾਨੂੰਨੀ। ਮੱਖਣ ਸਿੰਘ ਦੇ ਮਨ ਵਿਚ ਬਹੁਤ ਕੁੱਝ ਆ ਰਿਹਾ ਸੀ। ਬਹੁਤ ਕੁਛ ਬਣ ਤੇ ਟੁੱਟ ਰਿਹਾ ਸੀ।

'ਕਮਾਲ ਦੀ ਪਹੁੰਚ ਹੈ ਪੁਲਿਸ ਦੀ ਐਨ ਇਨਸਾਫ ਪਸੰਦ। ਇਸ ਨਾਲੋਂ ਵਧੀਆ ਇਨਸਾਫ਼ ਪੁਲਿਸ ਲੋਕਾਂ ਨੂੰ ਹੋਰ ਕੀ ਦੇ ਸਕਦੀ ਸੀ? ਆਖ਼ਰ ਪੁਲਿਸ 'ਆਜ਼ਾਦ ਦੇਸ਼ ਦੇ ਲੋਕ ਭਲਾਈ' ਖ਼ਾਸੇ (ਵੈਲਫ਼ੇਅਰ ਸਟੇਟ) ਦੀ ਤਰਜ਼ਮਾਨੀ ਕਰ ਰਹੀ ਸੀ, ਇਹ ਸ਼ਬਦ ਤਾਂ ਸੁਰਜੀਤ ਕਿਹਾ ਕਰਦਾ ਸੀ। ਮੱਖਣ ਸਿੰਘ ਦਾ ਧਿਆਨ ਸੁਰਜੀਤ ਦੀਆਂ ਕਹੀਆਂ ਗੱਲਾਂ ਵੱਲ ਚਲਾ ਗਿਆ।

ਆਗੂ ਵੀ ਤੇ ਆਮ ਲੋਕ ਵੀ ਮੋਟੇ ਭੰਡਿਆਂ ਵਿਚ ਪਾਏ ਝੰਡੇ ਲਹਿਰਾਉਂਦੇ ਹੋਏ ਅੱਗੇ ਵਧ ਰਹੇ ਸਨ ਤੇ ਆਕਾਸ਼ ਗੁੰਜਾਊ ਨਾਹਰਿਆਂ ਨਾਲ ਜਿਵੇਂ ਅੰਬਰ ਪਾਟਣ 'ਤੇ ਆਇਆ ਹੋਇਆ ਸੀ। "ਇਕ ਓਰਾ ਕੁਰਕ ਨ੍ਹੀ ਹੋਣ ਦਿਆਂਗੇ। ਜ਼ਮੀਨ ਕਿਸਾਨ ਦੀ ਮਾਂ ਹੁੰਦੀ ਐ।"

"ਜਿੰਦਾ ਬਾਦ ਮੁਰਦਾਬਾਦ' ਦੇ ਰੌਲ਼ੇ ਵਿਚ ਲੋਕ ਆਪਣੇ ਆਗੂਆਂ ਦੀਆਂ ਹਦਾਇਤਾਂ ਦਾ ਪਾਲਣ ਕਰਦੇ ਇਕੋ ਥਾਂ 'ਤੇ ਖੜ੍ਹੇ ਸਨ। ਸਭ ਨੂੰ ਪਤਾ ਸੀ ਕਿ ਜਿਸ ਬੰਦੇ ਨੇ ਪੁਲਿਸ ਵਾਲਿਆਂ ਵੱਲ ਰੋੜਾ ਵਗਾਹਿਆ ਸੀ ਉਹ ਜਥੇਬੰਦੀਆਂ ਦੇ ਨਾਲ਼ ਨਹੀਂ ਸੀ ਪਰ ਇਹ ਹੋ ਗਿਆ ਸੀ। ਪੁਲਿਸ ਵਾਲ਼ਿਆਂ ਵੱਲ ਡਲ਼ਾ ਚਲਣ ਦੀ ਦੇਰ ਸੀ ਤੇ ਪੁਲਿਸ ਵਾਲ਼ੇ ਤਾਂ ਜਿਵੇਂ ਇਸ ਦੀ ਉਡੀਕ ਵਿਚ ਹੀ ਸਨ, ਹਵਾਈ ਫਾਇਰ ਸ਼ੁਰੂ ਹੋ ਗਿਆ। ਮੂਵੀ ਬਣ ਰਹੀ ਸੀ ਤੇ ਪ੍ਰੈਸ ਵਾਲ਼ੇ ਫੋਟੋਆਂ ਖਿੱਚ ਰਹੇ ਸਨ ਕਿ ਅਫ਼ਸਰਾਂ ਦੇ ਹੁਕਮ 'ਤੇ ਡਾਂਗਾਂ ਮਾਰ ਮਾਰ ਕੇ ਕੈਮਰੇ ਤੋੜ ਦਿੱਤੇ ਗਏ ਤੇ ਇਕ ਕੈਮਰੇ ਵਾਲ਼ੇ ਦੀ ਤਾਂ ਡਾਂਗ ਵੱਜਣ ਨਾਲ਼ ਬਾਂਹ ਵੀ ਟੁੱਟ ਗਈ।

ਕੁੱਝ ਦੇਰ ਤਾਂ ਲੀਡਰ ਬਚਾ ਕਰਦੇ ਰਹੇ। ਕਈਆਂ ਦੇ ਖ਼ਾਸੀਆਂ ਸੱਟਾ ਵੱਜ ਗਈਆਂ। ਇਕ ਵਾਰ ਲੋਕ ਪਿੱਛੇ ਹਟਣੇ ਸ਼ੁਰੂ ਹੋ ਗਏ, ਪਰ ਪੁਲਸ ਵਾਲ਼ੇ ਤਾਂ ਐਂ ਈ ਸਮਝੀ ਬੈਠੇ ਸਨ ਕਿ ਇਹ ਜੱਟ ਬੂਟ ਤਾਂ ਬੱਸ ਖੇਤਾਂ ਵਿਚ ਕੰਮ ਕਰਨ ਵਾਲ਼ੇ ਡੰਗਰ ਢੋਰ ਹੀ ਹਨ ਜਿੰਨਾ ਮਰਜ਼ੀ ਕੁੱਟ ਲਉ

ਇਹਨਾਂ ਵਿਚਾਰੇ ਬਲ਼ਦਾਂ ਨੇ ਕਿਹੜਾ ਬੋਲਣੈ। ਪਰ ਪੁਲਿ਼ਸ ਦਾ ਇਹ ਭੁਲੇਖਾ ਉਦੋਂ ਦੂਰ ਹੋ ਗਿਆ ਜਦੋਂ ਸਾਡੇ ਆਗੂਆਂ 'ਚੋਂ ਕੁੱਝ ਜਣੇ ਅੱਗੇ ਆਏ ਸਨ। ਸੁਰਜੀਤ ਹੁਣ ਅੱਗੇ ਹੀ ਅੱਗੇ ਵਧਦਾ ਜਾ ਰਿਹਾ ਸੀ ਉਸ ਦੇ ਹੱਥ ਵਿਚ ਜਥੇਬੰਦੀ ਦਾ ਝੰਡਾ ਸੀ ਤੇ ਉਹਦੇ ਪਿੱਛੇ ਹੋਰ ਵੀ ਬਹੁਤ ਸਾਰੇ ਲੋਕ ਆ ਰਹੇ ਸਨ। ਉਹ ਹੋਰ ਅੱਗੇ ਵਧੇ ਤੇ ਉਨ੍ਹਾਂ ਨੇ ਚਾਰ ਪੰਜ ਪੁਲਿ਼ਸ ਵਾਲਿਆਂ ਤੋਂ ਡਾਂਗਾਂ ਖੁਹ ਲਈਆਂ। ਸਾਡੇ ਆਗੂਆਂ ਨੇ ਕਿਸੇ ਸਿਪਾਹੀ ਦੇ ਡਾਂਗ ਨਹੀਂ ਮਾਰੀ, ਡਾਂਗਾਂ ਮੂਹਰੇ ਕਰ ਕੇ ਬਚਾ ਹੀ ਕਰ ਰਹੇ ਸਨ। ਫਿਰ ਪਤਾ ਹੀ ਨਹੀਂ ਇਕ ਡਾਂਗ ਗੁਰਨਾਸ ਕੁਰ ਦੇ ਹੱਥ ਵਿਚ ਵੀ ਕਿਵੇਂ ਆ ਗਈ। ਉਸਨੇ ਪਹਿਲ ਕਰ ਕੇ ਜੜ ਦਿੱਤੀ ਸੀ ਇਕ ਵੱਡੇ ਥਾਣੇਦਾਰ ਦੇ। ਫਿਰ ਤਾਂ ਪਤਾ ਹੀ ਨਹੀਂ ਲੱਗਿਆ ਬਈ ਕੀ ਹੋਈ ਜਾਂਦੈ। ਦੁਹਾਂ ਪਾਸਿਉਂ ਘਮਸਾਣ ਮੱਚਿਆ ਦਿਖਾਈ ਦੇ ਰਿਹਾ ਸੀ। ਕਦੇ ਪੁਲਿਸ ਉਤੋਂ ਦੀ ਪੈ ਜਾਂਦੀ ਤੇ ਕਦੇ ਲੋਕ ਪੁਲਿਸ ਨੂੰ ਵਾਹਣੀ ਪਾ ਲੈਂਦੇ। ਗੁਰਨਾਮ ਕੁਰ ਦੇ ਵੀ ਸਿਰ ਵਿਚ ਡਾਂਗ ਵੱਜੀ ਸੀ ਤੇ ਉਹ ਲਹੂ ਲੁਹਾਣ ਹੋਈ ਪਿੰਡ ਵੱਲ ਭੱਜ ਗਈ ਸੀ ਜਦੋਂ ਲੀਡਰਾਂ ਨੇ ਬਚਾ ਲਈ ਪਿੱਛੇ ਹਟਣ ਦਾ ਐਲਾਣ ਕੀਤਾ। ਇਸ ਤੋਂ ਅੱਗੇ ਹੋਰ ਜ਼ਿਆਦਾ ਨੁਕਸਾਨ ਹੋਣ ਦਾ ਖ਼ਤਰਾ ਸੀ। ਲੜਦੇ ਲੜਾਉਂਦੇ ਲੋਕ ਖੇਤ ਤੋਂ ਥੋੜੀ ਦੂਰ ਪੈਂਦੀ ਰੇਲਵੇ ਲਾਈਨ ਕੋਲ਼ ਆ ਗਏ ਸਨ। ਇੱਥੋਂ ਲੋਕਾਂ ਨੇ ਪੱਥਰਾਂ ਦਾ ਸਹਾਰਾ ਲਿਆ ਤਾਂ ਪੁਲਿ਼ਸ ਥੋੜ੍ਹਾ ਪਿੱਛੇ ਹਟੀ।

ਲੋਕਾਂ ਦੇ ਆਪਣੇ ਹੀ ਭਾਈ ਬੰਧੂਆਂ ਤੋਂ ਆਪਣੇ ਹੀ ਲੋਕਾਂ 'ਤੇ ਹਮਲਾ। ਹਾਂ ਉਨ੍ਹਾਂ ਨੂੰ ਸਿਖਾਇਆ ਹੀ ਇਹ ਗਿਆ ਹੁੰਦੈ, ਕਿ ਜਦੋਂ ਵੀ ਲੋਕ ਆਪਣੇ ਹੱਕਾਂ ਦੀ ਗੱਲ ਕਰਨ ਦਾ ਯਤਨ ਕਰਨ ਉਨ੍ਹਾਂ ਨਾਲ ਚੰਗੀ ਤਰ੍ਹਾਂ ਨਜਿੱਠਿਆ ਜਾਵੇ, ਪੂਰੇ ਪਿਆਰ ਸਤਿਕਾਰ ਨਾਲ਼ ਡਾਂਗਾਂ ਨਾਲ਼ ਸੇਵਾ ਕੀਤੀ ਜਾਵੇ। ਪੁਲਿ਼ਸ ਵਾਲ਼ੇ ਆਪਣੀ ਰੋਟੀ ਲਈ ਆਪਣੇ ਹੀ ਰੋਟੀ ਮੰਗਦੇ ਲੋਕਾਂ ਨਾਲ਼ ਨਜਿੱਠਦੇ ਹਨ। ਨਜਿੱਠਣ ਦਾ ਢੰਗ ਬੱਸ ਇਕੋ ਹੁੰਦੈ ਡਾਂਗ ਜਾਂ ਗੋਲ਼ੀ। ਸਾਡੇ ਵੱਖ ਵੱਖ ਜਥੇਬੰਦੀਆਂ ਦੇ ਸੂਬਾ ਪੱਧਰੀ ਆਗੂ ਐਂ ਤਾਂ ਨਹੀਂ ਸੀ ਬਈ ਉਹ ਕੋਈ ਜ਼ਾਬਤਾ ਨਹੀਂ ਸੀ ਜਾਣਦੇ, ਪਰ ਪੁਲਿ਼ਸ ਅਫ਼ਸਰਾਂ ਕੋਲ ਤਾਂ ਇਕੋ ਗੱਲ ਸੀ ਕਿ ਇਹ ਲੋਕ ਦੇਸ਼ ਦਾ ਅਮਨ ਵਿਗਾੜ ਰਹੇ ਹਨ। ਸੋ ਇਨ੍ਹਾਂ ਨੂੰ ਸਬਕ ਸਿਖਾਇਆ ਜਾਵੇ।

ਮੱਖਣ ਸਿੰਘ ਦੀਆਂ ਅੱਖਾਂ ਅੱਗੇ ਹਨੇਰਾ ਜਿਹਾ ਛਾ ਗਿਆ। ਉਸ ਦੀਆਂ ਅੱਖਾਂ ਅੱਗੇ ਉਹੋ ਸਾਰਾ ਸੀਨ ਹੀ ਰੂਪਮਾਨ ਹੋ ਗਿਆ ਸੀ ਜਦੋਂ ਉਸ ਦੇ ਵੇਖਦਿਆਂ ਵੇਖਦਿਆਂ ਸੁਰਜੀਤ ਨੂੰ ਉਸ ਤੋਂ ਖੁਹ ਲਿਆ ਸੀ ਪੁਲਿ਼ਸ ਵਾਲ਼ਿਆਂ ਨੇ. ਇਨ੍ਹਾਂ ਨੂੰ ਕੋਈ ਪੁੱਛਣ ਵਾਲਾ ਹੋਵੇ, ਕੌਣ ਹੋਵੇ ਪੁੱਛਣ ਵਾਲਾ ? ਉਹ ਮਨ ਦੇ ਘੋੜੇ ਦੁੜਾ ਰਿਹਾ ਹੈ। ਪੁੱਛਣ ਵਾਲ਼ਾ ਹੋਵੇਂ ਬਈ ਤੁਸੀਂ ਵੱਡੇ ਅਮਨ ਦੇ ਰਾਖਿਉ ਦੱਸੋ ਬਈ ਕੀਹਨੇ ਕੀਤੈ ਅਮਨ ਭੰਗ ? ਇਹ ਤਾਂ ਸਗੋਂ ਤੁਸੀਂ ਜੋ ਗੁੰਡਿਆਂ ਨਾਲ ਮਿਲ਼ ਕੇ ਸਾਧਾਰਨ ਲੋਕਾਂ ਨਾਲ ਧੱਕਾ ਕਰ ਤੇ ਕਰਵਾ ਰਹੇ ਹੋ। ਇਹੀ ਤਾਂ ਉਨ੍ਹਾਂ ਦੇ ਪ੍ਰਭੂ ਅੰਗਰੇਜ਼ ਸਿਖਾ ਕੇ ਗਏ ਸਨ, ਕੁੱਟੋ ਜਿੰਨਾ ਹੋ ਸਕੇ ਲੋਕਾਂ ਨੂੰ ਕੁੱਟੋ। ਇਹ ਕੁੱਟੇ ਤੋਂ ਹੀ ਠੀਕ ਆਉਂਦੇ ਨੇ। ਸਦੀਆਂ ਤੋਂ ਹੀ ਨਹੀਂ ਹਜ਼ਾਰਾਂ ਸਾਲਾਂ ਤੋਂ ਜੋ ਕਿਰਤਾਂ ਕਰ ਕਰ ਕੇ ਦੇਸ਼ ਦੇ ਮਾਲ ਖ਼ਜ਼ਾਨਿਆਂ ਨੂੰ ਭਰ ਕੇ ਆਪ ਸਦਾ ਕੰਗਾਲ ਹੀ ਰਹੇ ਨੇ ਤੇ ਹਮੇਸ਼ਾ ਤੋਂ ਹੀ ਕੁੱਟ ਖਾਂਦੇ ਆ ਰਹੇ ਨੇ। ਉਹ ਦੇਸ਼ ਦਾ ਅਮਨ ਭੰਗ ਕਰਦੇ ਨੇ ਤੇ ਜੋ ਵਿਹਲੇ ਰਹਿ ਕੇ ਡੱਕਾ ਵੀ ਦੂਹਰਾ ਨਹੀਂ ਕਰਦੇ ਤੇ ਹੋਟਲਾਂ ਵਿਚ ਰੰਗ ਰਲ਼ੀਆਂ ਮਨਾਉਣ ਤੋਂ ਵਿਹਲ ਨਹੀਂ ਮਿਲਦੀ, ਉਹ ਦੇਸ਼ ਦੇ ਅਮਨ ਦੇ ਰਾਖੇ ਨੇ। ਪੰਜਾਂ ਸਾਲਾਂ 'ਚ ਜੀਹਦੇ ਘਰ ਚੁੱਲ੍ਹਾ ਨ੍ਹੀ ਸੀ ਤਪਦਾ ਹੁੰਦਾ। ਪੁੱਤਾਂ ਪੋਤਿਆਂ ਦੀ ਜਾਇਦਾਦ ਬਣਾ ਕੇ ਨਿਕਲਦੇ ਚੰਡੀਗੜ੍ਹ ਦੀ ਅਸੰਬਲੀ 'ਚੋਂ। ਜਿੰਨਾ ਵੱਡਾ ਲੁਟੇਰਾ, ਉਨਾ ਵੱਡਾ ਲੀਡਰ। ਇਹ ਨੇ ਅਮਨ ਦੇ ਪਹਿਰੇਦਾਰ।



ਵਾਹ ਮੇਰੇ ਰੱਬ ਜੀ ਤੂੰ ਬਹੁਤ ਵਧੀਆ ਨਿਆਂ ਕਰਦੈਂ। ਬਾਬਾ ਨਾਨਕ ਤਾਂ ਕਿਰਤ ਨੂੰ ਵਡਿਆ ਗਿਆ ਤੇ  ਇਹ ਕਹਿੰਦੇ ਨੇ ਕਿ ਉਹ ਕਿਤੇ ਭੁਲੇਖਾ ਖਾ ਗਿਆ। ਉਸ ਨੂੰ ਲਿਖਣਾ ਚਾਹੀਦਾ ਸੀ ਕਿ ਰਾਜ ਭਾਗ ਦੀ ਗੱਦੀ ਤੇ ਬੈਠੇ ਭਾਗੋ ਰੱਬ ਦੇ ਅਸਲ ਭਗਤ ਹੁੰਦੇ ਨੇ। ਕਿਰਤ ਕਰਨ ਵਾਲ਼ੇ ਤੇ ਕੰਮੀ ਕਮੀਨ ਹੁੰਦੇ ਨੇ ਉਨ੍ਹਾਂ ਦੇ ਚਾਕਰ। ਚਿੱਟ ਕੱਪੜੀਏ ਸਰਦਾਰਟੇ ਤੇ ਚੌਧਰੀਆਂ ਦੀ ਵਡਿਆਈ ਕਰਨੀ ਚਾਹੀਦੀ ਸੀ। ਬਾਬੇ ਨਾਨਕ ਨੂੰ। ਜ਼ਰੂਰ ਕਿਤੇ ਗਲਤੀ ਕਰ ਗਿਆ ਬਾਬਾ ਨਾਨਕ। ਤੇ ਹੁਣ ਇਹ ਪੁਲਸ ਵਾਲ਼ੇ ਲੋਕਾਂ ਨੂੰ ਬਾਬੇ ਨਾਨਕ ਦੀ ਗਲਤੀ ਸੁਧਾਰਨ ਲਈ ਅਮਨ ਕਾਇਮ ਰੱਖਣ ਦੀ ਸਿੱਖਿਆ ਦੇਣ ਭੇਜੇ ਗਏ ਸਨ।

ਜਿਉਂ ਹੀ ਇਕ ਕਿਸਾਨ ਆਗੂ ਨੇ ਡਲਾ ਚਲਾਉਣ ਵਾਲੇ ਦੇ ਸਿਰ 'ਚ ਝੰਡੇ ਵਾਲ਼ੇ ਡੰਡੇ ਦਾ ਵਾਰ ਕੀਤਾ ਸੀ। ਬਹੁਤਾ ਚਿਰ ਤਾਂ ਲੱਗਿਆ ਹੀ ਨਹੀਂ ਸੀ ਕਿ ਥੋੜ੍ਹਾ ਪਰ੍ਹਾਂ ਜਿਹੇ ਤੋਂ ਇਕ ਆਵਾਜ਼ ਆਈ ਸੀ- "ਸ਼ੂਟ!" ਇਹ ਡਿਊਟੀ ਮੈਜਿਸਟ੍ਰੇਟ ਦੀ ਆਵਾਜ਼ ਸੀ ਜਿਸ ਨੇ ਅਮਨ ਕਾਇਮ ਕਰਨ ਲਈ ਨਿਹੱਥੇ ਲੋਕਾਂ 'ਤੇ ਗੋਲ਼ੀ ਚਲਾਉਣ ਦਾ ਹੁਕਮ ਦੇ ਦਿੱਤਾ ਸੀ। ਇਕ ਦਮ ਹੀ ਤਾੜ ਤਾੜ ਗੋਲ਼ੀ ਚੱਲਣ ਲੱਗ ਪਈ। ਕੁੱਝ ਦੇਰ ਤੱਕ ਤਾਂ ਲੋਕ ਮੁਕਾਬਲਾ ਕਰਦੇ ਰਹੇ ਪਰ ਬਹੁਤੀ ਦੇਰ ਤੱਕ ਗੋਲ਼ੀਆਂ ਦਾ ਮੁਕਾਬਲਾ ਨਾ ਕਰ ਸਕੇ। ਇੱਧਰ ਉਧਰ ਭੱਜਣ ਲੱਗੇ। ਇਕ ਪਾਸੇ ਪੁਲਿ਼ਸ ਦੀਆਂ ਹਥਿਆਰ ਬੰਦ ਹੇੜ੍ਹਾਂ ਤੇ ਦੂਜੇ ਪਾਸੇ ਨਿਹੱਥੇ ਲੋਕ ਹੋਰ ਕੀ ਕਰਦੇ। ਪਰ ਸਾਡੇ ਆਗੂ ਨਹੀਂ ਭੱਜੇ। ਚਾਰ ਪੰਜ ਕੁ ਸੌ ਬੰਦਿਆਂ ਨਾਲ ਹੀ ਪੁਲਿ਼ਸ ਵਾਲਿਆਂ ਦਾ ਨੱਕ ਮੋੜਦੇ ਰਹੇ। ਪੁਲਿ਼ਸ ਵਾਲੇ ਪਾਸਿਉਂ ਪਹਿਲਾਂ ਰਬੜ ਦੀਆਂ ਗੋਲ਼ੀਆਂ ਵੀ ਵਰ੍ਹਾਈਆਂ ਗਈਆਂ ਸਨ ਤੇ ਫਿਰ ਅਸਾਲਟ ਰਫ਼ਲਾਂ 'ਚੋਂ ਵੀ ਫ਼ਾਇਰ ਖੋਲ੍ਹ ਦਿੱਤਾ ਸੀ। ਕਈ ਸਾਥੀਆਂ ਦੇ ਸਿੱਧੀਆਂ ਗੋਲ਼ੀਆਂ ਵੀ ਵੱਜੀਆਂ। ਲੱਕ ਤੋਂ ਹੇਠਾਂ ਤਾਂ ਪਤਾ ਹੀ ਨਹੀਂ ਕਿੰਨਿਆਂ ਕੁ ਦੇ ਵੱਜੀਆਂ ਹੋਣਗੀਆਂ। ਲੋਕਾਂ ਕੋਲ਼ ਤਾਂ ਝੰਡਿਆਂ ਵਾਲ਼ੇ ਡੰਡੇ ਅਤੇ ਇੱਟਾਂ ਵੱਟੇ ਹੀ ਸਨ। ਖਾਲੀ ਹੱਥ ਲੋਕ ਆਪਣੇ ਬਚਾਉ ਲਈ ਹੋਰ ਕੀ ਕਰ ਸਕਦੇ ਸੀ ?

ਪੁਲਿ਼ਸ ਆਪਣੀ ਕਾਰਵਾਈ ਕਰਕੇ ਪਿੱਛਏ ਹਟ ਗਈ ਸੀ, ਲੋਕ ਵੀ ਪਿੱਛੇ  ਹਟ ਗਏ। ਲੋਕਾਂ ਦੇ ਪਿੱਛੇ ਹਟਣ ਦੀ ਦੇਰ ਸੀ ਕਿ ਪੁਲਿਸ ਲੋਕਾਂ ਦਾ ਪਿੱਛਾ ਕਰਦੀ ਫਿਰ ਉਤੇ ਚੜ੍ਹ ਆਈ। ਲੋਕਾਂ ਦੇ ਇਕ ਵਾਰ ਜਿਵੇਂ ਪੈਰ ਉਖੜ ਗਏ ਸਨ ਤੇ ਪੁਲਿ਼ਸ ਹੋਰ ਹੋਰ ਉਤੇ ਚੜ੍ਹਦੀ ਆਉਂਦੀ ਸੀ। ਲੋਕ ਨੇੜੇ ਦੇ ਪਿੰਡ ਵਿਚ ਜਾ ਵੜੇ ਸਨ ਤੇ ਪੁਲਿਸ ਲੋਕਾਂ ਦੇ ਘਰਾਂ ਤੱਕ ਪਿੱਛਾ ਕਰਦੀ ਆ ਪਹੁੰਚੀ ਸੀ। ਜਦ ਕੋਈ ਪੇਸ਼ ਹੀ ਨਾ ਗਈ ਤਾਂ ਛੱਤਾਂ ਤੋਂ ਲੋਕਾਂ ਨੇ ਬਨੇਰਿਆਂ ਨਾਲੋਂ ਇੱਟਾਂ ਪੁੱਟ ਪੁੱਟ ਕੇ ਪੁਲਿਸ ਵਾਲਿਆਂ ਵੱਲ ਵਗਾਹੀਆਂ ਸਨ ਤਾਂ ਕਿਤੇ ਜਾ ਕੇ ਜਥੇਬੰਦੀਆਂ ਦੇ ਆਗੂ ਪਿੰਡ ਤੋਂ ਬਾਹਰ ਕੱਢੇ ਜਾ ਸਕੇ ਸਨ। ਲੋਕਾਂ ਨੇ ਪੂਰਾ ਇਕ ਘੰਟਾ ਪੁਲਿ਼ਸੀਆਂ ਦੀ ਕੋਈ ਪੇਸ਼ ਨਹੀਂ ਸੀ ਚੱਲਣ ਦਿੱਤੀ। ਜਦੋਂ ਲੋਕਾਂ ਦਾ ਜੋਸ਼ ਕੁੱਝ ਠੰਢਾ ਪਿਆ ਸੀ ਤਾਂ ਪੁਲਿ਼ਸ ਫਿਰ ਹਾਵੀ ਹੋ ਗਈ ਸੀ ਤੇ ਲੋਕਾਂ ਦੇ ਘਰਾਂ ਵਿਚ ਵੜ ਕੇ ਵਹਿਸ਼ਤ ਦੇ ਨੰਗੇ ਨਾਚ 'ਤੇ ਉਤਰ ਆਈ ਸੀ। ਕੀ ਬੁੱਢਾ, ਬੱਚਾ ਕੀ ਜਵਾਨ ਤੇ ਕੀ ਔਰਤ ਤੇ ਕੀ ਕੋਈ ਅੱਸੀਆਂ ਨੂੰ ਢੁੱਕੀ ਦਾਦੀ ਪੜਦਾਦੀ ਕੋਈ ਨਹੀਂ ਸੀ ਬਖ਼ਸ਼ਿਆ ਦਰਿੰਦਿਆਂ ਨੇ। ਲੋਕਾਂ ਦੇ ਹੱਡ ਗੋਡੇ ਤੋੜ ਕੇ ਪੁਲਿ਼ਸੀ ਅਫ਼ਸਰ ਤੀਂਘੜਦੇ ਫਿਰਦੇ ਸਨ। ਲੋਕਾਂ ਦੇ ਟਰੈਕਟਰ ਟਰਾਲੀਆਂ ਚਕਨਾਚੂਰ ਕਰ ਦਿੱਤੇ ਗਏ ਸਨ।

ਆਟਾ ਦਾਲ ਜਾਂ ਹੋਰ ਖਾਣ ਪੀਣ ਦਾ ਸਮਾਨ ਗਲ਼ੀਆਂ ਵਿਚ ਖਿਲਾਰ ਦਿੱਤਾ ਗਿਆ। ਦੁੱਧ ਵਾਧ ਨਾਲ਼ੀਆਂ ਵਿਚ ਰੋੜ੍ਹ ਦਿੱਤਾ ਗਿਆ। ਮਾਲ ਡੰਗਰ ਦੇ ਰੱਸੇ ਵੱਢ ਦਿੱਤੇ ਗਏ। ਕਿਹੜਾ

ਜ਼ੁਲਮ ਸੀ ਜੋ ਨਹੀਂ ਸੀ ਕੀਤਾ ਗਿਆ ? ਸਾਡੇ ਬਹੁਤ ਸਾਥੀਆਂ ਨੂੰ ਗ੍ਰਿਫ਼ਤਾਰੀ ਦਾ ਖ਼ਤਰਾ ਸੀ ਜਿਸ ਕਰਕੇ ਉਹ ਖੇਤਾਂ 'ਚੋਂ ਹੁੰਦੇ ਹੋਏ ਇਧਰ ਉਧਰ ਦੌੜ ਗਏ ਸਨ ਹੋਰਨਾਂ ਪਿੰਡਾਂ ਵੱਲ ਤੇ ਰੂਹਪੋਸ਼ ਹੋ ਗਏ ਸਨ। ਗੁਰਨਾਮ ਕੁਰ ਪਿੰਡ 'ਚੋਂ ਕਿਸੇ ਦੇ ਘਰੋਂ ਜ਼ਖ਼ਮਾਂ 'ਤੇ ਪੱਟੀਆਂ ਬੰਨ੍ਹ ਕੇ ਤੇ ਕੱਪੜੇ ਬਦਲ ਕੇ ਖੇਤਾਂ ਵਿੱਚੋਂ ਦੀ ਹੁੰਦੀ ਹੋਈ ਹਸਪਤਾਲ ਪਹੁੰਚੀ ਸੀ। ਉਸਨੂੰ ਇੱਥੇ ਆ ਕੇ ਹੀ ਪਤਾ ਲੱਗਿਆ ਸੀ ਕਿ ਤਿੰਨ ਸਾਥੀ ਸ਼ਹੀਦ ਹੋ ਗਏ ਸਨ ਤੇ ਕੋਈ ਪੰਦਰਾਂ ਜ਼ਖ਼ਮੀ ਸਨ। ਸ਼ਹੀਦ ਹੋਣ ਵਾਲਿਆਂ ਵਿਚ ਸੁਰਜੀਤ ਵੀ ਸੀ। ਇਕ ਚੱਠਿਆਂਵਾਲੇ ਦਾ ਸਾਥੀ ਪਿਆਰਾ ਸਿੰਘ ਤੇ ਇਕ ਪਿੰਡ ਥੰਮ੍ਹਣ ਦਾ ਮਜ਼ਦੂਰ ਸਾਥੀ ਸੀ। ਮਜ਼ਦੂਰ ਜਥੇਬੰਦੀਆਂ ਨੇ ਵੀ ਕਿਸਾਨਾਂ ਦਾ ਸਾਥ ਦਿੱਤਾ ਸੀ। ਇਕ ਲੜਕੀ ਸੀ ਕੋਈ ਬਲਜੀਤ। ਪਤਾ ਨ੍ਹੀ ਕਿਹੜੇ ਪਿੰਡ ਦੀ ਸੀ। 111 ਮੱਖਣ ਸਿੰਘ ਯਾਦ ਕਰਨ ਦੀ ਕੋਸ਼ਿਸ਼ ਕਰਦਾ ਹੈ। ਉਹ ਆਈ ਸੀ ਮੱਖਣ ਸਿੰਘ ਦੇ ਕੋਲ਼। ਬੋਲੀ ਸੀ-"ਬਾਪੂ ਜੀ ਕਿਸੇ ਗੱਲ ਦਾ ਪਤਾ ਲੱਗਿਆ ?" ਲਗਦਾ ਸੀ ਕਿ ਉਸ ਦੇ ਅੰਦਰ ਕੁੱਛ ਉਬਲ਼ ਰਿਹੇ ਜਿਸ ਨੂੰ ਉਹ ਬਾਹਰ ਨਹੀਂ ਕੱਢਣਾ ਚਾਹੁੰਦੀ।

ਹਾਂ ਭਾਈ ਦੋ ਸਾਥੀ ਸ਼ਹੀਦ ਹੋ ਗਏ ਨੇ।" ਮੱਖਣ ਸਿੰਘ ਨੇ ਅੰਦਰਲੀ ਪੀੜ ਨੂੰ ਜ਼ੋਰ ਨਾਲ ਦਬਾਉਂਦਿਆਂ ਸਹਿਜ ਹੋਣ ਦਾ ਜਿਵੇਂ ਵਿਖਾਵਾ ਕੀਤਾ ਸੀ।

"ਦੋ ਨ੍ਹੀ ਤਿੰਨ ਨੇ।" ਕੋਲ਼ ਖੜੋਤੀ ਉਨ੍ਹਾਂ ਦੇ ਪਿੰਡ ਵਾਲ਼ੀ ਚਰਨ ਕਹਿ ਰਹੀ ਸੀ ਤਾਂ ਉਸ ਦਾ ਚਿਹਰਾ ਇਕ ਦਮ ਹੀ ਪੀਲ਼ਾ ਭੂਕ ਹੋਇਆ ਪਿਆ ਸੀ। ਉਸਨੇ ਤਿੰਨਾਂ ਦੇ ਨਾਂ ਗਿਣਾਏ ਤਾਂ ਇਕ ਵਾਰ ਸਭ ਦਾ ਸੀਤ ਜਿਹਾ ਨਿਕਲ਼ ਗਿਆ। ਗੁਰਨਾਮ ਕੁਰ ਸਹਿਜ ਹੋਣ ਦਾ ਵਿਖਾਵਾ ਹੀ ਤਾਂ ਕਰ ਰਹੀ ਸੀ ਪਰ ਸਹਿਜ ਨਹੀਂ ਸੀ। ਸਹਿਜ ਤਾਂ ਮੱਖਣ ਸਿੰਘ ਵੀ ਨਹੀਂ ਸੀ। ਫਿਰ ਇਕ ਕੁੜੀ ਸੁਖਚੈਨ ਆਈ ਸੀ ਉਥੇ ਅੱਖਾਂ ਹੰਝੂਆਂ ਨਾਲ਼ ਭਰੀਆਂ- "ਕੋਈ ਪਤਾ ਲੱਗਿਆ ਬਈ ਕੌਣ ਕੌਣ...?" ਉਸਦੀਆਂ ਅੱਖਾਂ ਹੰਝੂਆਂ ਵਿਚਲਾ ਦਰਦ ਸ਼ਾਇਦ ਬਾਹਰ ਛਲਕ ਜਾਣਾ ਲੋਚਦਾ ਜਿਵੇਂ। ਮਰਿਆਂ ਬਾਰੇ ਪੁਛਣ ਲਈ ਉਸਨੂੰ ਜਿਵੇਂ ਕੋਈ ਸ਼ਬਦ ਨਹੀਂ ਸੀ ਮਿਲ ਰਹੇ। ਉਸਦੇ ਸ਼ਬਦਾਂ ਵਿਚਲਾ ਵਿਰਲਾਪ ਗੁਰਨਾਮ ਕੁਰ ਦੇ ਹਿਰਦੇ ਤੋਂ ਹੋ ਕੇ ਜਿਵੇਂ ਮੱਖਣ ਸਿੰਘ ਦੇ ਅੰਦਰ ਧਸਦਾ ਜਾਂਦਾ ਸੀ ਤਿੱਖੀ ਛੁਰੀ ਦੀ ਤਰ੍ਹਾਂ। "ਹਾਂ ਪਤਾ ਲੱਗ ਗਿਆ। ਕਰੀਮ ਈ ਗਈ ਐ, ਐਨ ਨਿੱਤਰਿਆ ਹੋਇਆ ਮੱਖਣ।" ਗੁਰਨਾਮ ਕੁਰ ਨੇ ਕਿੰਨੇ ਸਿਦਕ ਨਾਲ਼ ਕਿਹਾ ਸੀ।

"ਠੀਕ ਐ ਲੜਾਂਗੇ ਸਾਥੀ ਜਦੋਂ ਤੱਕ ਲੜਨ ਦੀ ਲੋੜ ਹੋਵੇਗੀ।" ਇਹ ਅੱਧ ਪਚੱਧ ਸਤਰਾਂ ਗੁਰਨਾਮ ਕੁਰ ਦੇ ਮੂੰਹੋਂ ਨਿਕਲੀਆਂ ਸਨ ਤਾਂ ਮੱਖਣ ਸਿੰਘ ਦਾ ਅੰਦਰ ਛਲਕ ਆਇਆ ਸੀ। ਹੋਰ ਕਈ ਸਨ ਜਿਨ੍ਹਾਂ ਦਾ ਬਦੋਬਦੀ ਰੋਣ ਨਿਕਲ ਗਿਆ ਸੀ। ਪਰ ਗੁਰਨਾਮ ਕੌਰ ਸੀ ਕਿ ਸ਼ੇਰ ਦੀ ਧੀ ਨੇ ਇਕ ਹਿੰਝ ਨ੍ਹੀ ਡੇਗੀ ਅੱਖਾਂ 'ਚੋਂ।

ਵੱਡੇ ਅਫ਼ਸਰ ਕਾਰਾ ਕਰਕੇ ਬੰਗਲਿਆਂ ਵਿਚ ਵਿਸਕੀਆਂ ਦੇ ਦੁਆਲੇ ਹੋ ਗਏ ਹੋਣਗੇ ਲੋਕਾਂ ਦੇ ਘਰਾਂ ਵਿਚ ਸੱਥਰ ਵਿਛਾ ਕੇ। ਪਰ ਵਿਚਾਰੇ ਸਾਧਾਰਨ ਸਿਪਾਹੀ ਤੇ ਹੌਲਦਾਰ ਇਕ ਟੰਗ 'ਤੇ ਖੜ੍ਹੇ ਹਸਪਤਾਲ ਵਿਚ ਪਹਿਰਾ ਦੇ ਰਹੇ ਸਨ। ਗੁਰਨਾਮ ਕੁਰ ਜਦੋਂ ਕੁੱਝ ਮਰਦਾਂ ਔਰਤਾਂ ਨਾਲ ਮੁਰਦਘਾਟ ਵੱਲ ਜਾਣ ਲੱਗੀ ਤਾਂ ਉਸਨੂੰ ਕੁੱਝ ਆਦਮੀਆਂ ਨੇ ਰੋਕਿਆ- "ਗੁਰਨਾਮ ਤੂੰ ਨਾ ਜਾਹ ਏਧਰ।" ਲਾਸ਼ਾਂ 'ਤੇ ਪਹਿਰਾ ਦੇ ਰਹੇ ਸਿਪਾਹੀ ਨੇ ਮੂੰਹ ਦੂਜੇ ਪਾਸੇ ਭੰਵਾ ਲਿਆ। ਉਹ ਤਾਂ ਨੀਵੀਂ ਵੀ ਪਾ ਗਿਆ ਸੀ ਜਿਵੇਂ ਅੱਖਾਂ ਵਿੱਚ ਆ ਗਿਆ ਪਾਣੀ ਲੁਕੋ ਰਿਹਾ ਹੋਵੇ। ਹਾਂ ਸਾਫ਼ ਹੀ ਪਤਾ ਲਗਦਾ ਸੀ ਕਿ ਉਸਨੇ ਜਾਣ ਬੁੱਝ ਕੇ ਇਉਂ ਕੀਤਾ ਸੀ। ਕੀ ਉਹ ਸਾਡੀ ਪੀੜ ਸਮਝਦਾ ਸੀ।



ਕਿਉਂ ਨ੍ਹੀ ਸਮਝਦਾ ਹੋਣਾ ? ਆਖ਼ਰ ਉਹ ਸਾਡਾ ਹੀ ਤਾਂ ਭਾਈ ਬੰਧੂ ਹੈ। ਕਿਸੇ ਕਿਸਾਨ ਜਾਂ ਖੇਤ ਮਜ਼ਦੂਰ ਦਾ ਖ਼ੂਨ ਹੀ ਹੋਵੇਗਾ। ਉਸਨੂੰ ਲੋਕਾਂ ਦੀ ਪੀੜ ਦੀ ਸਮਝ ਆ ਗਈ ਸੀ। ਇਹ ਕਿਵੇਂ ਹੋ ਸਕਦਾ ਹੈ ਕਿ ਨਾ ਆਈ ਹੋਵੇ ?"

ਕੁੱਝ ਲੋਕ ਲਾਸ਼ਾਂ ਕੋਲ ਚਲੇ ਗਏ ਸਨ। ਤਿੰਨ ਸਰੀਰ ਚੁੱਪ ਕੀਤੇ ਪਏ ਸਨ, ਜਿਵੇਂ ਘੂਕ ਸੁੱਤੇ ਹੋਏ ਹੋਣ। ਮੁਰਦਘਾਟ ਵਿਚ ਇਕ ਦਮ ਸਨਾਟਾ ਸੀ। ਇਸ ਤੋਂ ਪਹਿਲਾਂ ਮੱਖਣ ਸਿੰਘ ਨੇ ਕਦੇ ਮੁਰਦਘਾਟ ਨਹੀਂ ਸੀ ਵੇਖਿਆ। ਭੈ ਜਿਹਾ ਵੀ ਆਇਆ ਸੀ। ਗੁਰਨਾਮ ਕੌਰ ਸੁਰਜੀਤ ਦੇ ਬੁੱਲ੍ਹਾਂ 'ਤੇ ਅੰਗੂਠਾ ਨਾਲ਼ ਦੀ ਉਂਗਲ਼ ਫੇਰ ਰਹੀ ਸੀ ਜਿਵੇਂ ਕਹਿ ਰਹੀ ਹੋਵੇ- "ਸਾਥੀ ਜੀ ਮੈਨੂੰ ਕੋਈ ਸੁਨੇਹਾਂ ਨ੍ਹੀ ਦੇ ਕੇ ਜਾਣਾ ?" ਸੁਰਜੀਤ ਨੇ ਕੋਈ ਸੁਨੇਹਾ ਨਹੀਂ ਸੀ ਦਿੱਤਾ ? ਇਹ ਕੀ ਸੋਚ ਗਈ ਗੁਰਨਾਮ ਕੌਰ ? ਉਹ ਆਪ ਹੀ ਆਪਣੇ ਵਿਚਾਰ ਨੂੰ ਕੱਟ ਗਈ ਸੀ। ਸੁਰਜੀਤ ਐਡਾ ਵੱਡਾ ਸੁਨੇਹਾਂ ਤਾਂ ਦੇ ਗਿ ਸੀ ਲੋਕ ਘੋਲਾਂ ਦੀ ਖ਼ਾਤਰ ਕੁਰਬਾਨੀ ਕਰਨ ਦਾ। ਇਹੋ ਹੀ ਤਾਂ ਉਸਦਾ ਅੰਤਿਮ ਸੁਨੇਹਾਂ ਸੀ ਜੋ ਉਹ ਵਕਤ ਦੇ ਪਰ੍ਹਾਂ 'ਤੇ ਲਿਖ ਗਿਆ ਸੀ। ਕਿਸੇ ਪੁਸਤਕ ਦੇ ਇਹ ਸ਼ਬਦ ਮਨ ਮਸਤਕ ਵਿਚ ਗੂੰਜ ਰਹੇ ਸਨ ਗੁਰਨਾਮ ਕੌਰ ਦੇ। ਉਹ ਆਪਣੇ ਆਪ 'ਤੇ ਹੈਰਾਨ ਸੀ। ਇਕ ਔਰਤ ਹੋ ਕੇ ਐਨਾਂ ਜੇਰਾ ਕਿਵੇਂ ਕਰ ਗਈ ਉਹ ? ਉਸ ਦੀਆਂ ਅੱਖਾਂ 'ਚੋਂ ਇਕ ਵੀ ਹੰਝੂ ਕਿਉਂ ਨਾ ਆਇਆ ? ਕੀ ਉਸ ਦੀਆਂ ਅੱਖਾਂ ਪਥਰਾ ਗਈਆਂ ਸਨ। ਕਿਵੇਂ ਇਕ ਟੱਕ ਹੀ ਤਾਂ ਸੁਰਜੀਤ ਦੇ ਚਿਹਰੇ ਵੱਲ ਵੇਖੀ ਜਾ ਰਹੀ ਸੀ। ਕਦੇ ਬਲਵੰਤ ਦੇ ਵਾਲ਼ਾਂ ਵਿਚ ਉਂਗਲਾਂ ਫੇਰੀ ਜਾ ਰਹੀ ਸੀ ਤੇ ਕਦੇ ਦਾੜ੍ਹੀ ਵਿਚ ਤੇ ਕਦੇ ਬੁਲ੍ਹਾਂ ਨੂੰ ਪੋਟਿਆਂ ਨਾਲ ਛੁਹ ਰਹੀ ਸੀ- "ਸਾਥੀ ਜੀ ਬੋਲੋ ਕੁੱਝ ਤਾਂ ਕਹੋ ਮੈਨੂੰ। ਫਿਰ ਉਸ ਨੇ ਆਪ ਹੀ ਆਖ ਦਿੱਤਾ-" ਕਿੰਨਾ ਕੁੱਝ ਤਾਂ ਕਹਿ ਗਿਆ ਗੁਰਨਾਮ ਤੇਰਾ ਸਾਥੀ। ਹੁਣ ਵੀ ਤਾਂ ਇਹ ਕਿੰਨਾ ਕੁੱਝ ਆਖੀ ਜਾ ਰਿਹਾ ਹੈ- "ਦੇਖੀਂ ਗੁਰਨਾਮ ਦਿਲ ਥੋੜਾ ਨਾ ਕਰੀਂ। ਹੁਣ ਇਹ ਤੇਰੇ ਇਮਤਿਹਾਨ ਦਾ ਵੇਲ਼ੈ, ਸਮਝੀ ਗੁਰਨਾਮ ?" ਉਸ ਦੇ ਅੰਦਰੋਂ ਆਵਾਜ਼ ਆਈ ਸੀ- "ਸਮਝ ਗਈ ਸੁਰਜੀਤ ਸਮਝ ਗਈ ਆਂ ਮੈਂ। ਤੇਰੀਆਂ ਗੱਲਾਂ ਤਾਂ ਛੇਤੀ ਹੀ ਸਮਝ ਆਉਣ ਲੱਗ ਪਈਆਂ ਸਨ ਮੈਨੂੰ। ਹੁਣ ਵੀ ਸਮਝ ਗਈ ਆਂ ਮੈਂ ਸਾਰੀਆਂ ਗੱਲਾਂ। ਤੂੰ ਬੇਫ਼ਿਕਰ ਹੋ ਕੇ ਸੌਂ ਜਾ।" ਕਿਸੇ ਬੱਚੇ ਨਾਲ ਗੱਲਾਂ ਕਰੀਦੀਆਂ ਨੇ ਜਿਵੇਂ।

ਪੋਸਟਮਾਰਟਮ ਤੋਂ ਬਾਅਦ ਲਾਸ਼ਾਂ ਵਾਰਸਾਂ ਨੂੰ ਸੌਂਪ ਦਿੱਤੀਆਂ ਗਈਆਂ ਸਨ। ਉਦੋਂ ਤਾਂ ਇਕ ਦਮ ਹੀ ਛਾਲ਼ ਮਾਰ ਕੇ ਉਠੀ ਸੀ ਉਹ। ਮੱਖਣ ਸਿੰਘ ਕੋਲ ਹੀ ਖੜ੍ਹਾ ਸੀ। "ਦਿਲ ਵਿਚ ਇਸ ਕਤਲ ਦੇ ਵਿਰੁੱਧ ਰੋਹ ਦੀ ਅਗਨੀ ਬਾਲ਼ੋ। ਇਉਂ ਆਖੋ ਭੈਣੋ ਇਉਂ।" ਦਹਾੜ ਰਹੀ ਸੀ ਗੁਰਨਾਮ ਕੌਰ। ਕੀ ਇਹ ਗੱਲਾਂ ਸਾਰੇ ਲੋਕਾਂ ਨੂੰ ਸਮਝ ਆ ਗਈਆਂ ਸਨ। ਕਿਵੇਂ ਬਹੁਤੀਆਂ ਗੱਲਾਂ ਲੋਕਾਂ ਦੇ ਸਿਰਾਂ ਤੋਂ ਹਵਾਈ ਜਹਾਜ਼ ਵਾਂਗ ਹੀ ਲੰਘ ਜਾਂਦੀਆਂ ਹਨ।

ਲਾਸ਼ਾਂ ਟਰਾਲੀ ਵਿਚ ਧਰਨ ਵੇਲ਼ੇ ਗੁਰਨਾਮ ਕੌਰ ਕੁੱਝ ਕੁ ਭਾਵੁਕ ਹੋ ਗਈ ਪਰ ਸੰਭਲ ਗਈ ਸੀ। ਫਿਰ ਤਾਂ ਸਾਰੇ ਕਹਿਣ ਹੀ ਲੱਗ ਪਏ ਬਈ ਧੰਨ ਐ ਕੁੜੀ ਜਿਸ ਨੇ ਐਨਾ ਜੇਰਾ ਵਿਖਾਇਆ ਹੈ।

ਜਦੋਂ ਸੁਰਜੀਤ ਦੀ ਚਿਤਾ ਨੂੰ ਅਗਨੀ ਵਿਖਾਈ ਗਈ ਸੀ ਤਾਂ ਉਹਦੇ ਕੋਲ਼ੋਂ ਰਿਹਾ ਨਹੀਂ ਸੀ ਗਿਆ। ਬਹੁਤ ਹੀ ਭਾਵੁਕ ਹੋ ਗਈ ਸੀ। ਸੰਘ ਪਾੜਵੀਂ ਆਵਾਜ਼ ਵਿਚ ਨਾਹਰਾ ਲਾ ਦਿੱਤਾ ਸੀ- "ਸੁਰਜੀਤ ਸਾਥੀਆ ਤੇਰੀ ਸੋਚ 'ਤੇ ਪਹਿਰਾ ਦਿਆਂਗੇ ਠੋਕ ਕੇ।" ਫਿਰ ਹੋਰ ਅੱਗੇ "ਸੁਰਜੀਤ ਸਾਥੀਆ ਤੇਰਾ ਕਾਜ ਅਧੂਰਾ ਲਾ ਕੇ ਜਿੰਦੜੀਆਂ ਕਰਾਂਗੇ ਪੂਰਾ।" ਮੱਖਣ ਸਿੰਘ ਨੂੰ ਤਾਂ ਆਪ ਹੈਰਾਨੀ ਹੋ ਰਹੀ ਸੀ ਕਿ ਇੰਨਾ ਜੇਰਾ ਕਿਵੇਂ ਕਰ ਗਈ ਗੁਰਨਾਮ ਕੁਰ ? ਉਸ ਦੇ ਜੀਅ ਵਿਚ ਇਕ ਵਾਰ

ਇਹ ਜ਼ਰੂਰ ਆਇਆ ਸੀ- 'ਇੰਨਾ ਵੱਡਾ ਉਮਰ ਦਾ ਪਹਾੜ ਉਹ ਕਿਵੇਂ ਪਾਰ ਕਰੇਗੀ ?' ਉਸਦੀਆਂ
ਅੱਖਾਂ ਅੱਗੇ ਸਾਮਰਤੱਖ ਉਹ ਦ੍ਰਿਸ਼ ਘੁੰਮ ਰਿਹਾ ਸੀ ਜਦੋਂ ਉਸ ਨੇ ਸੁਰਜੀਤ ਦੇ ਬਰਾਬਰ ਬੈਠੀ ਨੇ ਉਸ
ਦੇ ਸਿਰ 'ਤੇ ਹੱਥ ਰੱਖੀ ਰੱਖਿਆ ਸੀ ਸਾਰੇ ਰਾਹ। ਸਾਰੇ ਰਾਹ ਸੁਰਜੀਤ ਦਾ ਸਾਥ ਦਿੱਤਾ ਸੀ। ਉਦੋਂ ਉਹ
ਬਿਲਕੁੱਲ ਵੀ ਨਹੀਂ ਸੀ ਰੋਈ। ਇਕ ਵੀ ਇੰਝ ਨਹੀਂ ਸੀ ਡਿੱਗੀ ਅੱਖ 'ਚੋਂ।

ਰਾਤ ਭਰ ਸੁਰਜੀਤ ਦੀ ਲਾਸ਼ ਨੂੰ ਬਰਫ਼ ਵਿਚ ਲਾ ਕੇ ਰੱਖੀ ਰੱਖਿਆ ਸੀ। ਮੱਖਣ ਸਿੰਘ ਕੰਧ
ਨਾਲ਼ ਢੋ ਲਾ ਕੇ ਬੈਠਾ ਰਿਹਾ ਸੀ ਸਾਰੀ ਰਾਤ। ਮੁੰਡਿਆਂ ਨੇ ਬਥੇਰਾ ਕਿਹਾ ਸੀ- "ਬਾਪੂ ਜੀ ਤੁਸੀਂ
ਥੋੜ੍ਹਾ ਚਿਰ ਢੂਹੀ ਸਿੱਧੀ ਕਰ ਲੋ...ਆਹ ਗਦੈਲੇ 'ਤੇ ਟੇਡੇ ਹੋ ਲੋ ਕੁਛ ਚਿਰ...।" ਪਰ ਮੱਖਣ
ਸਿੰਘ ਨਹੀਂ ਸੀ ਪਿਆ-ਬੱਸ ਇਕ ਦੋ ਵਾਰ ਗੋਡਿਆਂ 'ਚ ਸਿਰ ਦੇ ਕੇ ਹੀ ਸੁਸਤਾ ਗਿਆ ਸੀ। ਦੂਜੇ
ਦਿਨ ਹਜ਼ਾਰਾਂ ਲੋਕਾਂ ਦੇ ਇਕੱਠ ਦੀ ਹਾਜ਼ਰੀ ਵਿਚ ਲਾਲ ਝੰਡੇ ਵਿਚ ਲਪੇਟੀ ਲਾਸ਼ ਨੂੰ ਜਦੋਂ ਅਰਥੀ
'ਤੇ ਪਾਇਆ ਸੀ ਤਾਂ ਉਮਲ੍ਹ ਉਮਲ੍ਹ ਕੇ ਲੋਕ ਸੁਰਜੀਤ ਦੇ ਦਰਸ਼ਨ ਕਰਕੇ ਅੰਤਿਮ ਵਿਦਾਇਗੀ
ਦੇ ਰਹੇ ਸਨ। ਲੋਕ ਇਕ ਪਾਸਿਉਂ ਆਈ ਜਾਂਦੇ ਸਨ ਤੇ ਦੂਜੇ ਪਾਸਿਉਂ ਜਾਈ ਜਾਂਦੇ ਸਨ, ਕਤਾਰਾਂ
ਦੀਆਂ ਕਤਾਰਾਂ। ਪਾਰਟੀ ਦੇ ਲਾਲ ਝੰਡੇ ਵਿਚ ਲਪੇਟ ਕੇ ਰੱਖੀ ਹੋਈ ਸੀ ਲਾਸ਼। ਗੁਰਨਾਮ ਕੁਰ
ਲਾਸ਼ ਦੇ ਸਿਰਾਣੇ ਵਾਲ਼ੇ ਪਾਸੇ ਬੈਠੀ ਹੋਈ ਸੀ। ਇਕ ਬਿਰਧ ਮਾਈ ਨੇ ਦਖ਼ਲ ਦਿੱਤਾ ਸੀ- "ਪੁੱਤ
ਪੈਰਾਂ ਵਾਲ਼ੇ ਪਾਸੇ ਬੈਠ। ਸਿਰਾਣੇ ਵਾਲ਼ੇ ਪਾਸੇ ਨਾ ਬੈਠ, ਉਹ ਤੇਰੇ ਸਿਰ ਦਾ ਸਾਂਈਂ ਸੀ।"

ਗੁਰਨਾਮ ਕੁਰ ਨਹੀਂ ਸੀ ਉਠੀ। 'ਉਹ ਤਾਂ ਮੇਰਾ ਜੀਵਨ ਸਾਥੀ ਸੀ। ਉਸ ਨੇ ਕਦੇ ਵੀ ਸਿਰ
ਦਾ ਸਾਂਈਂ ਬਣ ਕੇ ਉਹ ਵਿਖਾਇਆ ਹੀ ਨਹੀਂ ਸੀ।'

ਜਿਉਂ ਹੀ ਲਾਸ਼ ਸਸਕਾਰ ਵਾਸਤੇ ਉਠਾਈ ਗਈ ਉਸਦਾ ਤਾਂ ਜਿਵੇਂ ਇਕਦਮ ਹੀ ਕੜ ਪਾਟ
ਗਿਆ। ਇਉਂ ਲਗਦਾ ਸੀ ਜਿਵੇਂ ਉਸਦੀਆਂ ਚੀਕਾਂ ਤਾਂ ਅੱਜ ਆਸਮਾਨ ਨੂੰ ਪਾੜ ਕੇ ਹੀ ਦਮ
ਲੈਣਗੀਆਂ। ਬੁੜ੍ਹੀਆਂ ਨੇ ਬਥੇਰਾ ਸਾਂਭਿਆ ਹੋਇਆ ਸੀ ਉਸਨੂੰ ਪਰ ਉਹ ਉਸ ਵਕਤ ਕਿਥੇ
ਸੰਭਲਣ ਵਾਲ਼ੀ ਸੀ। ਕਿਉਂ ਛੱਡ ਬੈਠੀ ਸੀ ਜ਼ਬਤ ਦਾ ਪੱਲਾ ? ਕਿਉਂ ਉਹ ਆਪਣੇ ਸਾਥੀ ਨਾਲ
ਕੀਤਾ ਵਾਹਦਾ ਤੋੜ ਬੈਠੀ ਸੀ ? ਕਿੱਥੇ ਰਿਹਾ ਸੀ ਕਾਬੂ ਉਹਦਾ ਸਭ ਕਾਸੇ 'ਤੇ ?

"ਸਬਰ ਕਰ ਗੁਰਨਾਮ ਸਬਰ ਕਰ।" ਗਲ਼ੀ ਗੁਆਂਢ ਦੀ ਕੋਈ ਔਰਤ ਕਹਿ ਰਹੀ ਸੀ-
ਜਿਹੜੀ ਲਿਖਤਕਾਰ ਐ ਕੋਈ ਨ੍ਹੀ ਮੇਟਣ ਵਾਲ਼ਾ।" ਸੁਣ ਕੇ ਉਹ ਜ਼ਰੂਰ ਸੰਭਲ਼ ਗਈ ਸੀ।
"ਕਿਉਂ ਕਰਾਂ ਸਬਰ ਭੈਣੋ, ਕਿਉਂ ਕੀਤਾ ਜਾਵੇ ਸਬਰ ? ਉਹ ਦਿਨ ਰਾਤ ਲੋਕ ਘੋਲਾਂ ਲਈ
ਸਮਰਪਤ ਸੀ ਤੇ ਇਸੇ ਕਰਕੇ ਸਮੇਂ ਤੋਂ ਪਹਿਲਾਂ ਤੁਰ ਗਿਆ। ਦਿਨ ਰਾਤ ਇਕ ਕਰਨ ਕਰਕੇ।
ਸੁਰਜੀਤ ਨੂੰ ਤਾਂ ਹਾਲਾਤ ਦੇ ਜ਼ਾਲਮ ਪੰਜਿਆਂ ਨੇ ਕਤਲ ਕੀਤੈ ਭੈਣੋ ਨੀ ਭੈਣੋ। ਸਰਜੀਤ ਇਕ
ਦਿਨ ਸਮਝਾਉਣ ਲੱਗਿਆ ਸੀ- "ਦੇਖ ਗੁਰਨਾਮ, ਚੰਗਾ ਸਾਹਿਤ ਹੀ ਮਨੁੱਖ ਦੇ ਅੰਦਰ ਚੰਗੀਆਂ
ਕਦਰਾਂ ਕੀਮਤਾਂ ਦਾ ਬੀ ਬੀਜਦੈ। ਮੈਂ ਤੇਰੇ ਕੋਲੋਂ ਹੋਰ ਕੁੱਝ ਨ੍ਹੀ ਮੰਗਦਾ। ਬੱਸ ਕਿਤਾਬਾਂ ਜ਼ਰੂਰ
ਪੜ੍ਹਿਆ ਕਰ ਤਾਂ ਜੋ ਜੀਵਨ ਵਿਚਲੇ ਚੰਗੇ ਮਾੜੇ ਦੀ ਸਮਝ ਆ ਜਾਏ।" ਜਿਵੇਂ ਕਿਸੇ ਬੱਚੇ ਨੂੰ
ਸਮਝਾਈਦਾ ਐ, ਇਉਂ ਹੀ ਤਾਂ ਸਮਝਾ ਰਿਹਾ ਸੀ ਸੁਰਜੀਤ। ਜਦੋਂ ਉਸਦੇ ਸੁਭਾਅ ਬਾਰੇ ਗੁਰਨਾਮ
ਕੁਰ ਨੇ ਆਪਣੇ ਬੇਬੇ ਬਾਪੂ ਨੂੰ ਸਾਰੀ ਗੱਲ ਦੱਸੀ ਤਾਂ ਉਹ ਧਰਤੀ ਨਮਸਕਾਰਨ- "ਸ਼ੁਕਰ ਐ
ਦਾਤਿਆ ਤੇਰੀ ਦਰਗਾਹ ਨੂੰ। ਤੈਂ ਕਿਹੜੀ ਵਿਧ ਘੜਿਆ ਸਾਡਾ ਜਵਾਈ ? ਹਰੇਕ ਦੀ ਧੀ ਇਉਂ
ਈ ਸੁਖੀ ਵਸੇ ਦਾਤਿਆ। ਸ਼ੁਕਰ ਐ ਰੱਬਾ।"

ਸ਼ਰਧਾਂਜਲੀ ਸਮਾਗਮ ਸਮੇਂ ਉਸ ਨੇ ਪੂਰੀ ਤਰ੍ਹਾਂ ਜ਼ਬਤ ਰੱਖਿਆ। ਭਾਵੇਂ ਕਈ ਔਰਤਾਂ ਉਸ
ਦੇ ਆਲ਼ੇ-ਦੁਆਲ਼ੇ ਬੈਠੀਆਂ ਹੋਈਆਂ ਸਨ ਕਿ ਕਿਤੇ ਉਹ ਫਿੱਸ ਨਾ ਪਵੇ। ਉਹ ਬਗੈਰ ਕਿਸੇ



ਸਹਾਰੇ ਦੇ ਬੈਠੀ ਸੀ ਜਦੋਂ ਕਿ ਉਸ ਨੂੰ ਸਹਾਰੇ ਦੀ ਡਾਢੀ ਲੋੜ ਸੀ। ਜਦੋਂ ਕਈ ਬੁਲਾਰੇ ਬੋਲ ਹਟੇ
ਤਾਂ ਉਹ ਆਪ ਹੀ ਉਠ ਕੇ ਸਟੇਜ ਦੇ ਕੋਲ ਚਲੀ ਗਈ ਸੀ। ਉਸਨੇ ਸਟੇਜ ਸਕੱਤਰ ਦੇ ਕੰਨ ਵਿਚ
ਕੁੱਝ ਕਿਹਾ ਸਕੱਤਰ ਨੇ ਹਾਂ ਵਿਚ ਸਿਰ ਹਿਲਾਇਆ ਸੀ। ਸ਼ਰਧਾਂਜਲੀ ਸਮਾਗਮ ਤੱਕ ਤਾਂ ਉਸ ਨੇ
ਆਪਣੇ ਆਪ ਨੂੰ ਕਾਇਮ ਕਰ ਲਿਆ ਸੀ। ਉਸਦਾ ਦਿਲ ਕਰ ਆਇਆ ਸੀ ਕਿ ਉਹ ਜ਼ਰੂਰ ਹੀ
ਸਮਾਗਮ ਵਿਚ ਬੋਲੇ। ਆਪਣੇ ਲੋਕਾਂ ਨਾਲ ਇਕਰਾਰ ਕਰੇ ਕਿ ਜੋ ਕਾਰਜ ਬਲਵੰਤ ਅਧੂਰਾ ਛੱਡ
ਗਿਆ ਹੈ, ਉਹ ਪੂਰਾ ਕੀਤਾ ਜਾਊਗਾ।... ਤੇ ਹੁਣ ਉਸ ਨੇ ਵੇਖਿਆ ਸੀ ਕਿ ਸਕੱਤਰ ਨੇ ਹਾਂ ਵਿਚ
ਸਿਰ ਹਿਲਾਉਣ ਵੇਲ਼ੇ ਅੱਖਾਂ ਪੂੰਝੀਆਂ ਸਨ।

"ਕਿਉਂ ਵੀਰ ਇਹ ਕੀ ? ਰੋਣਾ ਨ੍ਹੀ ਬਿਲਕੁੱਲ ਵੀ। ਆਹ ਵੇਖ ਮੇਰੇ ਵੱਲ। ਰੋਣਾ ਤਾਂ ਮੈਨੂੰ
ਚਾਹੀਦਾ ਸੀ ਪਰ ਦੇਖ ਮੈਂ ਨਹੀਂ ਰੋ ਰਹੀ।" ਇਨ੍ਹਾਂ ਕਹਿਣ 'ਤੇ ਸਗੋਂ ਉਹ ਹੋਰ ਵੀ ਜ਼ਿਆਦਾ ਫ਼ਫ਼ਕ
ਫ਼ਫ਼ਕ ਕੇ ਰੋਣ ਲੱਗ ਪਿਆ। ਉਸ ਨੇ ਭਰੇ ਗੱਚ ਨਾਲ ਗੁਰਨਾਮ ਕੁਰ ਦਾ ਨਾਂ ਲਿਆ ਤਾਂ ਉਹ
ਸਹਿਜ ਜਿਹੇ ਨਾਲ ਉਠ ਕੇ ਮਾਈਕ ਕੋਲ਼ ਗਈ। ਉਸ ਦੇ ਗਲ਼ੇ 'ਚੋਂ ਸ਼ਬਦਾਂ ਦੀ ਜਿਵੇਂ ਇਕ
ਲਹਿਰ ਜਿਹੀ ਉਠ ਖਲੋਤੀ। ਸ਼ਬਦ ਤਾਂ ਜਿਵੇਂ ਉਸਦੇ ਜਿਉਂਦੇ ਜਾਗਦੇ ਸਾਥੀ ਹੀ ਬਣ ਗਏ ਸਨ,
ਉਸਦਾ ਮੋਢਾ ਥਪਥਪਾ ਰਹੇ- "ਗੁਰਨਾਮ ਕੌਰੇ ਤੇਰੇ ਲਈ ਇਹ ਇਮਹਿਾਨ ਦੀ ਘੜੀ ਹੈ ਦੇਖੀਂ
ਕਿਸੇ ਪਰਚੇ 'ਚੋਂ ਥੋੜ੍ਹੇ ਨੰਬਰ ਨਾ ਰਹਿ ਜਾਣ। ਅਸੀਂ ਇੱਕ ਇੱਕ ਸ਼ਬਦ ਤੇਰੇ ਨਾਲ ਖੜ੍ਹਾਂਗੇ।
ਸ਼ਬਦਾਂ ਦੀ ਤੋਟ ਨਹੀਂ ਰਹੇਗੀ। ਤੂੰ ਹੌਸਲਾ ਕਰ ਗੁਰਨਾਮ ਕੌਰੇ।" ਜਿਵੇਂ ਇਹ ਸ਼ਬਦ ਤਾਂ ਸੁਰਜੀਤ
ਹੀ ਬੋਲ ਰਿਹਾ ਹੋਵੇ।

"ਸੁਰਜੀਤ ਪਰਚਾ ਕਰਨ ਦੀ ਜਾਚ ਤੂੰ ਹੀ ਤਾਂ ਦੱਸ ਕੇ ਗਿਐਂ, ਮੈਂ ਥੋੜ੍ਹੇ ਨੰਬਰ ਕਿਵੇਂ ਲੈ
ਸਕਦੀ ਹਾਂ ?" ਗੁਰਨਾਮ ਕੁਰ ਨੇ ਆਪਣੇ ਆਪ ਨੂੰ ਦਿਲਬਰੀ ਦਿੱਤੀ ਸੀ।

ਉਹ ਜੋ ਸ਼ਬਦ ਵੀ ਜੋੜ ਸਕੀ, ਜਿਉਂ ਹੀ ਉਸਦੇ ਮੂੰਹੋਂ ਨਿਕਲਣ ਲੱਗੇ ਤਾਂ ਸਭ ਪਾਸੇ ਇਕ
ਤਰ੍ਹਾਂ ਵੈਰਾਗਮਈ ਸਨਾਟਾ ਜਿਹਾ ਛਾ ਗਿਆ- "ਪਿਆਰੇ ਭੈਣੋ ਤੇ ਭਰਾਵੋ, ਮੈਂ ਸਮਝਦੀ ਹਾਂ ਕਿ
ਸੁਰਜੀਤ ਸਾਡੇ ਵਿਚਕਾਰ ਹੀ ਇਥੇ ਕਿਤੇ ਬਿਰਾਜਮਾਨ ਹੈ। ਉਹ ਸਾਥੋਂ ਜੁਦਾ ਨਹੀਂ ਹੋਇਆ, ਸਗੋਂ
ਉਹ ਤਾਂ ਅਮਰ ਹੋ ਗਿਆ ਹੈ। ਮੈਂ ਪਰਨ ਕਰਦੀ ਹਾਂ ਕਿ ਜੋ ਕਾਜ਼ ਉਹ ਸਾਡੇ ਸਾਰਿਆਂ ਲਈ
ਅਧੂਰਾ ਛੱਡ ਗਿਆ ਹੈ ਮੈਂ ਉਹਦਾ ਉਹ ਕਾਜ਼ ਪੂਰਾ ਕਰਨ ਦੀ ਪੂਰੀ ਵਾਹ ਲਾਊਂਗੀ। ਮੈਂ
ਆਪਣੀਆਂ ਦੋਹਾਂ ਧੀਆਂ ਵਿਚੋਂ ਸੁਰਜੀਤ ਨੂੰ ਵੇਖਣ ਦਾ ਯਤਨ ਕਰੂੰਗੀ।" ਫਿਰ ਕੀ ਸੀ ਉਸ ਦੇ
ਦੁਆਲ਼ੇ ਬੁੱਕਲਾਂ ਦੀਆਂ ਚਾਨਣੀਆਂ ਹੀ ਤਾਂ ਤਣ ਗਈਆਂ ਸਨ। ਉਨ੍ਹਾਂ ਚਾਨਣੀਆਂ ਦੀ ਬੁੱਕਲ਼
ਵਿਚ ਧੁੱਪ ਦਾ ਕਿਤੇ ਨਾਂ ਨਿਸ਼ਾਨ ਵੀ ਨਹੀਂ ਸੀ। ਉਸ ਨੂੰ ਲਗਦਾ ਸੀ ਜਿਵੇਂ ਸਾਰੇ ਹੀ ਲੋਕ ਕਹਿ
ਰਹੇ ਹੋਣ- "ਸੁਰਜੀਤ ਤੁਸੀਂ ਇੱਥੇ ਕਿਤੇ ਹੀ ਹੋ। ਕਿਤੇ ਨਹੀਂ ਗਏ ਤੁਸੀਂ।"

ਤੇ ਉਸ ਨੇ ਕਿਹਾ ਸੀ - "ਮੈਂ ਆਪਣੀਆਂ ਭੈਣਾਂ ਨੂੰ ਕਹਿਣਾ ਚਾਹੁੰਦੀ ਹਾਂ, ਜਿਨ੍ਹਾਂ ਦੇ
ਜੀਵਨ ਸਾਥੀ ਸ਼ਹੀਦ ਹੋ ਚੁੱਕੇ ਨੇ, ਇਹ ਕਹਿਣ ਕਿ ਅਸੀਂ ਆਪਣੇ ਸ਼ਹੀਦਾਂ ਨੂੰ ਰੋਵਾਂਗੀਆਂ
ਨਹੀਂ।"

ਮੱਖਣ ਸਿੰਘ ਦੀਆਂ ਅੱਖਾਂ ਮੋਟੇ ਮੋਟੇ ਹੰਝੂ ਨਾਲ਼ ਭਰ ਗਈਆਂ।...ਪਰ ਇਹ ਹੰਝੂ ਗ਼ਮ ਦੇ
ਨਹੀਂ... ਸਗੋਂ ਹੌਸਲੇ ਅਤੇ ਦ੍ਰਿੜ੍ਹਤਾ ਦੇ ਪ੍ਰਤੀਕ ਸਨ।

"ਸ਼ਾਬਾਸ਼ੇ ਧੀਏ ਤੈਂ ਤਾਂ ਮੇਰਾ ਪੁੱਤ ਜਿਉਂਦਾ ਕਰ 'ਤਾ। ਜਿਉਂਦਾ ਹੈ ਮੇਰਾ ਪੁੱਤ।" ਮੱਖਣ
ਸਿੰਘ ਵੀ ਭਾਵੁਕ ਹੋਇਆ ਦੋਵੇਂ ਹੱਥ ਜੋੜ ਕੇ ਖੜ੍ਹਾ ਹੋ ਗਿਆ ਸੀ।

*ਫੋਨ-94175-81936*

*ਸਫ਼ਰਨਾਮਾ*

# ਮਿੱਤਰਾਂ ਦੀ ਜਿੱਤ/ਜਿੰਦਰ

ਮੈਂ ਖ਼ਾਲਿਦ ਫ਼ਰਹਾਦ ਧਾਰੀਵਾਲ ਨੂੰ ਆਉਣ ਦੀ ਹਾਂ ਤਾਂ ਕਰ ਦਿੱਤੀ ਸੀ ਪਰ ਮਾਨਸਿਕ ਰੂਪ 'ਚ ਤਿਆਰ ਨਹੀਂ ਸੀ ਹੋ ਰਿਹਾ। ਮੇਰੇ ਸਾਹਮਣੇ ਵੱਡਾ ਸੁਆਲ ਸੀ ਕਿ ਹੁਣ ਮੈਂ ਕੀ ਕਰਨ ਜਾਣਾ ਹੈ। ਮੈਂ ਪਾਕਿਸਤਾਨ ਦਾ ਦਿਲ-ਲਾਹੌਰ ਦੇਖ ਲਿਆ ਸੀ। ਸ਼ਾਲੀਮਾਰ ਗਾਰਡਨ, ਮਹਾਰਾਜ ਰਣਜੀਤ ਸਿੰਘ ਦੀ ਸਮਾਧ, ਗੁਰਦੁਆਰਾ ਡੇਰਾ ਸਾਹਿਬ, ਗੁਰਦੁਆਰਾ ਸ਼ਹੀਦ ਗੰਜ, ਮੀਨਾਰ-ਏ-ਪਾਕਿਸਤਾਨ, ਅਨਾਰਕਲੀ ਬਾਜ਼ਾਰ, ਫੂਡ ਸਟਰੀਟ, ਡਿਫੈਂਸ ਕਾਲੋਨੀ। ਮੈਂ ਦੇਖੀਆਂ ਹੋਈਆਂ ਥਾਵਾਂ ਦੀ ਉਂਗਲਾਂ 'ਤੇ ਗਿਣਤੀ ਕੀਤੀ। ਕਸੂਰ, ਨਨਨਕਾਣਾ ਸਾਹਿਬ, ਜੜ੍ਹਾਂ ਵਾਲੀ, ਆਪਣੇ ਨਾਨਕਿਆਂ ਦਾ ਪਿੰਡ ਚੱਕ ਨੰ. 54, ਸੱਚਾ ਸੌਦਾ, ਸ਼ੇਖ਼ੂਪੁਰਾ, ਜੰਡਿਆਲਾ ਸ਼ੇਰ ਖਾਂ (ਵਾਰਿਸ ਸ਼ਾਹ ਦੀ ਮਜ਼ਾਰ), ਬਹੁਤ ਸ਼ਹਿਰ ਦੇਖ ਲਏ ਸਨ। ਇਕਬਾਲ ਕੈਸਰ, ਖ਼ਾਲਿਦ ਫ਼ਰਹਾਦ ਧਾਰੀਵਾਲ, ਮਲਿਕ ਮੇਹਰ ਅਲੀ, ਸਾਈਦ ਭੁੱਟਾ, ਮਕਸੂਦ ਸਾਕਿਬ, ਅਸ਼ਕ ਰਹੀਲ, ਜਮੀਲ ਅਹਿਮਦ ਪਾਲ, ਕਰਾਮਤ ਅਲੀ ਮੁਗਲ, ਕਮਰ ਉਜ਼ ਜਮ੍ਹਾਂ ਤੇ ਇਲਿਆਸ ਘੁੰਮਣ ਆਦਿ ਸਾਹਿਤਕ ਦੋਸਤਾਂ ਨੂੰ ਮਿਲ ਲਿਆ ਸੀ। ਤੇ ਉੱਪਰੋਂ ਠੰਢ! ਠੰਢ ਦਿਨ-ਬ-ਦਿਨ ਵਧ ਰਹੀ ਸੀ। ਮੈਨੂੰ ਕੰਬਣੀ ਜਿਹੀ ਛਿੜਦੀ। ਮੈਂ ਸਵੇਰ ਨੂੰ ਛੇ-ਸਾਢੇ ਛੇ ਵਜੇ ਰਜਾਈ 'ਚੋਂ ਨਿਕਲਦਾ। ਸ਼ਾਮ ਨੂੰ ਲੰਬੀ ਸੈਰ ਕਰਕੇ ਮੁੜ ਰ੍ਰਜਾਈ ਲੈ ਕੇ ਪੜ੍ਹਨ ਬੈਠ ਜਾਂਦਾ। ਪਾਕਿਸਤਾਨ ਜਾਣ ਲਈ ਕਿਸੇ ਵੀ ਤਰ੍ਹਾਂ ਦਾ ਉਤਸ਼ਾਹ ਪੈਦਾ ਹੀ ਨਹੀਂ ਸੀ ਹੋ ਰਿਹਾ।

ਮਲਿਕ ਮੇਹਰ ਅਲੀ ਤੇ ਖ਼ਾਲਿਦ ਦੇ ਪਿਆਰ ਅੱਗੇ ਮੈਂ ਹਮੇਸ਼ਾ ਹੀ ਨਤਮਸਤਕ ਹੋਇਆ ਹਾਂ। ਉਹ ਕਮਬਖ਼ਤ ਐਨਾ ਮੋਹ ਕਰਦੇ ਹਨ ਕਿ ਇਨ੍ਹਾਂ ਨੂੰ ਸ਼ਬਦਾਂ ਦਾ ਰੂਪ ਨਹੀਂ ਦਿੱਤਾ ਜਾ ਸਕਦਾ। ਪਰ ਪਿਛਲੀ ਫੇਰੀ ਦੀ ਖੱਜਲ ਖਰਾਬੀ ਐਦਾਂ ਯਾਦ ਕਰਾ ਦਿੰਦੀ ਜਿਵੇਂ ਰੋਟੀ ਖਾਂਦਿਆਂ-ਖਾਂਦਿਆਂ ਵਿਚ ਜਿਹੇ ਵੱਡਾ ਸਾਰਾ ਕੋਕੜੂ ਆ ਗਿਆ ਹੋਵੇ। ਉੱਤਰੀ ਵਜ਼ੀਰਿਸਤਾਨ 'ਚ ਹੋਇਆ ਮਿਲਟਰੀ ਐਕਸ਼ਨ ਤੇ ਲਾਹੌਰ 'ਚ ਹੋਈਆਂ ਅੱਠ ਮੌਤਾਂ ਨੇ ਸਾਡੀਆਂ ਸਾਰੀਆਂ ਸਕੀਮਾਂ 'ਤੇ ਪਾਣੀ ਫੇਰ ਦਿੱਤਾ ਸੀ। ਮੈਂ, ਸੁਖਦੇਵ ਸਿੰਘ ਸਿਰਸਾ ਤੇ ਅਲੀ ਜਾਵੇਦ ਪੌਣੇ ਅੱਠ ਵਜੇ ਹੀ ਵਾਘਾ ਬਾਰਡਰ 'ਤੇ ਆ ਗਏ ਸੀ। ਗੇਟ ਦਸ ਵਜੇ ਖੁੱਲ੍ਹਣੇ ਸਨ। ਆਖਿਰਾਂ ਦੀ ਗਰਮੀ। ਬੈਠਣ ਲਈ ਕੋਈ ਥਾਂ ਨਹੀਂ। ਕੁਝ ਪਲ ਸੱਜੇ ਪਾਸੇ ਪੈਂਦੇ ਅੰਬਾਂ ਦੇ ਰੁੱਖਾਂ ਹੇਠ ਗੁਜ਼ਾਰੇ। ਫੇਰ ਖੱਬੇ ਹੱਥ ਪੈਂਦੀ ਛੋਟੀ ਜਿਹੀ ਮਾਰਕੀਟ 'ਚ ਪਏ ਬੈਂਚਾਂ 'ਤੇ ਆ ਬੈਠੇ। ਖ਼ਾਲਿਦ ਦਾ ਉਤਰਿਆ ਹੋਇਆ ਚਿਹਰਾ ਮੈਥੋਂ ਦੇਖਿਆ ਨਹੀਂ ਗਿਆ ਸੀ। ਇਸ ਫੇਰੀ 'ਤੇ ਮੈਂ ਝੰਗ ਸਿਆਲ, ਹੜੱਪਾ ਤੇ ਆਪਣੇ ਨਾਨਕਿਆਂ ਦੇ ਪਿੰਡ ਚੱਕ ਨੰਬਰ 54 ਜਾਣ ਦਾ ਪ੍ਰੋਗਰਾਣ ਬਣਾਇਆ ਸੀ। ਮੈਂ ਤਾਂ ਆਪਣੇ ਨਾਨਕਿਆਂ ਦੇ ਘਰ 'ਚ ਬੈਠੇ ਬਜ਼ੁਰਗ ਲਈ ਕ੍ਰੀਮ ਕੱਲਰ ਦੀ ਲੋਈ ਵੀ ਲੈ ਕੇ ਗਿਆ ਸੀ। ਪਰ ਮੈਂ ਕੀ ਕਰ ਸਕਦਾ ਸੀ? ਸਮੇਂ ਨੂੰ ਇਹੀ ਕੁਝ ਮੰਜ਼ੂਰ ਸੀ। ਅਲੀ ਜਾਵੇਦ ਨੇ ਤਾਂ ਇਸ ਡਰ ਦੇ ਮਾਰਿਆਂ ਹੋਇਆਂ ਚਾਹ ਦਾ ਕੱਪ ਵੀ ਨਹੀਂ ਪੀਤਾ ਸੀ ਕਿ ਜੇ ਢਿੱਡ 'ਚ ਪਰੈਸ਼ਰ ਬਣ ਗਿਆ ਤਾਂ ਉਹ ਕਿੱਥੇ ਜਾ ਕੇ ਫਾਰਿਗ ਹੋਵੇਗਾ। ਬਾਰਡਰ ਤੋਂ ਦਸ ਕੁ ਮੀਲ ਉਰੇ ਅਸੀਂ ਨਾਸ਼ਤੇ ਤੇ ਚਾਹ ਲਈ ਰੁਕੇ ਸੀ। ਮੈਂ ਨਾਲ ਹੀ ਪੈਂਦੀ ਮਸਜਿਦ ਦੀ ਲੈਟਰੀਨ 'ਚ ਗਿਆ ਸੀ ਤੇ ਵੁਜ਼ੂ ਕਰਨ ਵਾਲੀ ਥਾਂ 'ਤੇ ਮੂੰਹ ਧੋਤਾ ਸੀ। ਲਾਹੌਰ 'ਚ ਤਾਂ ਸਕਾਈਵੇਅ ਵਾਲਿਆਂ ਦੇ ਅੱਡੇ 'ਤੇ ਬਣੀਆਂ ਲੈਟਰੀਨਾਂ ਅੱਗੇ ਲਾਈਨ ਲੱਗੀ ਸੀ। ਅਸੀਂ ਮਸਾਂ-ਮਸਾਂ ਦੋ ਘੰਟੇ ਬਿਤਾਏ ਸਨ ਤੇ ਮਨ ਨੇ ਵਾਰ-ਵਾਰ ਇਹੀ ਕਿਹਾ



ਸੀ ਕਿ ਹੁਣ ਮੁੜ ਕੇ ਇੱਥੇ ਨਹੀਂ ਆਉਣਾ। ਜੇ ਅਸੀਂ ਆਜ਼ਾਦੀ ਨਾਲ ਘੁੰਮ ਫਿਰ ਨਹੀਂ ਸਕਦੇ ਤਾਂ ਆਉਣ ਦਾ ਕੀ ਫਾਇਦਾ! ਮੈਨੂੰ ਸੀਰੀਅਸ ਹੋਇਆਂ ਦੇਖ ਖ਼ਾਲਿਦ ਨੇ ਪੁੱਛਿਆ ਸੀ, "ਜਿੰਦਰ ਭਾਜੀ, ਕੀ ਸੋਚਣੇ ਪਏ ਹੋ?" ਮੈਂ ਸੁਖਦੇਵ ਸਿੰਘ ਵਾਲੀ ਗੱਲ ਸੁਣਾ ਦਿੱਤੀ ਸੀ। "ਪਾਕਿਸਤਾਨ 'ਚ ਆ ਕੇ ਸਾਡੀ ਸਥਿਤੀ ਉਸ ਕੁੱਕੜ ਵਰਗੀ ਹੋ ਜਾਂਦੀ ਆ ਜਿਹਨੂੰ ਟੋਕਰੇ ਹੇਠ ਤਾੜ ਦਿੱਤਾ ਗਿਆ ਹੋਵੇ। ਅਸੀਂ ਉੱਧਰ ਵੀ ਕੁੱਕੜ ਆਂ ਪਰ ਆਪਣੀ ਮਰਜ਼ੀ ਨਾਲ ਬਾਂਗ ਦੇ ਸਕਦੇ ਆਂ। ਘੁੰਮ ਫਿਰ ਸਕਦੇ ਆਂ ਭਾਵੇਂ ਕਈ ਬਾਦਲ-ਸ਼ਾਦਲ ਸਾਨੂੰ ਘੂਰਦੇ ਆ...।" ਮੈਂ ਸੁਖਦੇਵ ਨੂੰ ਕਿਹਾ ਸੀ – "ਟੋਕਰੇ ਹੇਠ ਕੁੱਕੜ ਉੱਪਰ ਰੱਖੀ ਹੋਈ ਡਬਲ ਇੱਟ।" ਖ਼ਾਲਿਦ ਹੌਲੀ ਜਿਹੇ ਬੋਲਿਆ, "ਠੀਕ ਆਹਣੇ ਹੌਂ ਜੀ।"

'ਪਾਕਿਸਤਾਨ ਅਕੈਡਮੀ ਆਫ ਲੈਟਰਸ' ਵੱਲੋਂ ਇਸਲਾਮਾਬਾਦ 'ਚ ਸਾਹਿਤਕ ਪ੍ਰੋਗਰਾਮ ਕਰਵਾਇਆ ਜਾ ਰਿਹਾ ਸੀ। ਮੈਨੂੰ ਉਨ੍ਹਾਂ ਨੇ ਸਪੈਸ਼ਲ ਤੌਰ 'ਤੇ ਬੁਲਾਇਆ ਸੀ। ਇਸਲਾਮਾਬਾਦ ਤੋਂ ਫੋਨ ਆਇਆ ਸੀ ਕਿ ਉਨ੍ਹਾਂ ਨੇ ਪੰਜਾਬੀ ਦੇ ਦੋ ਤੇ ਹਿੰਦੀ ਦਾ ਇਕ ਲੇਖਕ ਬੁਲਾਉਣਾ ਹੈ। ਇਸ ਦੀ ਜ਼ੁੰਮੇਵਾਰੀ ਮੇਰ 'ਤੇ ਪਾਈ ਗਈ ਕਿ ਮੈਂ ਦੋ ਜਣਿਆਂ ਦੀ ਚੋਣ ਕਰਾਂ। ਮੈਂ ਬਲਦੇਵ ਸਿੰਘ ਨੂੰ ਟੈਲੀਫੋਨ ਕੀਤਾ ਤਾਂ ਉਸ ਢਿੱਲੀ ਜਿਹੀ ਆਵਾਜ਼ 'ਚ ਕਿਹਾ, "ਅੱਗੇ ਦੋ-ਤਿੰਨ ਵਾਰੀ ਜਾ ਆਏ ਐਂ। ਹੁਣ ਜਾ ਕੇ ਕੀ ਕਰਾਂਗੇ। ਮੈਨੂੰ ਕਈ ਕੰਮ ਐ। ਜੁਆਕਾਂ ਨੂੰ ਸਕੂਲੇ ਛੱਡਣਾ ਹੁੰਦੈ। ਲਿਆਉਣਾ ਹੁੰਦੈ। ਆਹ ਕੇਂਦਰੀ ਸਭਾ ਦੀਆਂ ਪ੍ਰਧਾਨਗੀਆਂ ਨਈਂ ਪਿੱਛਾ ਛੱਡਦੀਐਂ। ਸੋਚ ਕੇ ਕੱਲ੍ਹ ਨੂੰ ਫੋਨ ਕਰੂੰਗਾ।" ਉਸ ਮੁੜ ਕੇ ਫੋਨ ਹੀ ਨਾ ਕੀਤਾ। ਮੈਂ ਦੇਸ ਰਾਜ ਕਾਲੀ ਨੂੰ ਕਿਹਾ ਤਾਂ ਉਹ ਬੋਲਿਆ, "ਕਿਉਂ ਗਰੀਬ ਮਾਰ ਕਰਨ ਲੱਗੇ ਹੋਂ। ਪਹਿਲਾਂ ਹੀ ਇੰਗਲੈਂਡ ਦੀ ਰੀਫਿਊਜਲ ਦੀ ਸਟੈਂਪ ਲੱਗੀ ਹੋਈ ਆ। ਹੁਣ ਪਾਕਿਸਤਾਨ ਜਾ ਕੇ ਆਪਣਾ ਅਗਾ ਰੋਕਣਾ। ਫੇਰ ਵੀ ਮੈਨੂੰ ਸੋਚਣ ਦਾ ਮੌਕਾ ਦਿਓ। ਮੈਂ ਤੁਹਾਨੂੰ ਸੋਚ ਕੇ ਫੋਨ ਕਰੂੰਗਾ।" ਮੈਂ ਦੋ-ਤਿੰਨ ਦਿਨ ਟੈਲੀਫੋਨ ਉਡੀਕਿਆ। ਤੀਜੇ ਦਿਨ ਡਾ. ਹਰਬੰਸ ਸਿੰਘ ਧੀਮਾਨ ਦਾ ਕਿਸੇ ਕੰਮ ਲਈ ਫੋਨ ਆ ਗਿਆ। ਮੈਂ ਉਸ ਨੂੰ ਜਾਣ ਲਈ ਸੁਲਾਹ ਮਾਰੀ। ਉਸ ਇਕਦਮ ਹਾਂ ਕਹਿ ਦਿੱਤੀ। ਤੀਜਾ ਲੇਖਕ ਅਜਿਹਾ ਚਾਹੀਦਾ ਸੀ ਜਿਸ ਨੂੰ ਹਿੰਦੀ ਤੇ ਪੰਜਾਬੀ ਦੋਵੇਂ ਭਾਸ਼ਾਵਾਂ 'ਚ ਮੁਹਾਰਤ ਹਾਸਿਲ ਹੋਵੇ। ਮੈਂ ਸੁਭਾਸ਼ ਨੀਰਵ ਨੂੰ ਫੋਨ ਕੀਤਾ। ਉਸ ਦਾ ਪਾਸਪੋਰਟ ਹੀ ਨਹੀਂ ਬਣਿਆ ਸੀ। ਬਲਬੀਰ ਮਾਧੋਪੁਰੀ ਨੂੰ ਪੁੱਛਿਆ ਤਾਂ ਉਸ ਨੇ ਦਲਿਤ ਲੇਖਕ ਸਿਉਰਾਜ ਸਿੰਘ ਬੇਚੈਨ ਦਾ ਨਾਂ ਲਿਆ। ਮੈਂ ਸਿਉਰਾਜ ਸਿੰਘ ਬੇਚੈਨ ਨੂੰ ਇਸਲਾਮਾਬਾਦ ਦਾ ਈਮੇਲ ਅਡਰੈਸ ਐੱਸ.ਐੱਮ.ਐੱਸ. ਕੀਤਾ ਤੇ ਆਪਣਾ ਬਾਇਓਡੇਟਾ ਭੇਜਣ ਲਈ ਕਿਹਾ। ਬੇਚੈਨ ਨੇ ਬਾਇਓਡੇਟਾ ਭੇਜ ਦਿੱਤਾ। ਦੂਜੇ ਦਿਨ ਮੈਂ ਬੇਚੈਨ ਨੂੰ ਫੋਨ ਕੀਤਾ ਤਾਂ ਉਸ ਦੀ ਆਵਾਜ਼ 'ਚ ਓਪਰਾਪਨ ਲੱਗਿਆ। ਉਸ ਤਾਂ ਐਦਾਂ ਗੱਲ ਕੀਤੀ ਜਿਵੇਂ ਉਹ ਮੈਥੋਂ ਬਹੁਤ ਵੱਡਾ ਲੇਖਕ ਹੋਵੇ। ਮੈਂ ਸੋਚਿਆ ਕਿ ਸ਼ਾਇਦ ਪਹਿਲੀ ਵਾਰ ਫੋਨ 'ਤੇ ਗੱਲ ਕਰਨ ਕਰਕੇ ਅਜਿਹਾ ਹੋਇਆ ਹੋਵੇ ਪਰ ਮੇਰੇ 'ਤੇ ਉਸ ਦਾ ਪ੍ਰਭਾਵ ਚੰਗਾ ਨਾ ਪਿਆ। ਬਲਬੀਰ ਮਾਧੋਪੁਰੀ ਨੇ ਉਸ ਦਾ ਨਾਂ ਲਿਆ ਸੀ ਤੇ ਮਾਧੋਪੁਰੀ ਨਾਲ ਮੇਰੇ ਅਜਿਹੇ ਸੰਬੰਧ ਹਨ ਕਿ ਮੈਂ ਉਹਨੂੰ ਨਾਂਹ ਕਰ ਹੀ ਨਹੀਂ ਸਕਦਾ। ਜੇ ਉਹ ਮੈਨੂੰ ਕਹੇ ਕਿ ਜਿੰਦਰ ਨਹਿਰ 'ਚ ਛਾਲ ਮਾਰ ਦੇ ਤਾਂ ਮੈਂ ਸੱਤ ਬਚਨ ਕਹਿ ਕੇ ਮਾਰ ਦਵਾਂਗਾ। ਉਸੇ ਦਿਨ ਰਾਤ ਨੂੰ ਸੁਭਾਸ਼ ਨੀਰਵ ਦਾ ਫੋਨ ਆਇਆ। ਉਸ ਦਿੱਲੀ ਯੂਨੀਵਰਸਿਟੀ ਦੇ ਪ੍ਰੋ. ਰਾਜਿੰਦਰ ਗੌਤਮ ਬਾਰੇ ਦੱਸਿਆ ਕਿ ਉਹ ਹਿੰਦੀ ਤੇ ਪੰਜਾਬੀ ਦੋਵੇਂ ਭਾਸ਼ਾਵਾਂ ਪੜ੍ਹ ਤੇ ਲਿਖ ਲੈਂਦਾ ਹੈ। ਮੈਂ ਉਹਨੂੰ ਉਸ ਦਾ ਬਾਇਓਡੇਟਾ ਸਿੱਧਾ ਹੀ ਭੇਜਣ ਲਈ ਕਿਹਾ। ਇਸਲਾਮਾਬਾਦ ਤੋਂ ਮੈਨੂੰ ਈਮੇਲ ਆਈ। ਉਨ੍ਹਾਂ ਪੁੱਛਿਆ ਕਿ ਕੀ ਮੈਂ ਹੀ ਇਹ ਨਾਂ

ਰੀਕਮੈਂਡ ਕੀਤੇ ਹਨ। ਮੈਂ 'ਹਾਂ' 'ਚ ਜੁਆਬ ਭੇਜਿਆ। ਉਨ੍ਹਾਂ ਡਾ. ਹਰਬੰਸ ਸਿੰਘ ਧੀਮਾਨ ਤੇ ਪ੍ਰੋ. ਰਾਜਿੰਦਰ ਗੌਤਮ ਦੇ ਨਾਂ 'ਤੇ ਸਟੈਂਪ ਲਾ ਦਿੱਤੀ ਤੇ ਨਾਲ ਹੀ ਸਾਨੂੰ ਤੇ ਪਾਕਿਸਤਾਨ ਅੰਬੈਸੀ ਨੂੰ ਇੰਵੀਟੇਸ਼ਨ ਲੈਟਰ ਈ-ਮੇਲ ਕਰ ਦਿੱਤੇ। ਸਾਡੇ ਤਿੰਨਾਂ 'ਚੋਂ ਡਾ. ਹਰਬੰਸ ਸਿੰਘ ਧੀਮਾਨ ਨੂੰ ਜ਼ਿਆਦਾ ਚਾਅ ਸੀ।

ਮਿਸਿਜ਼ ਆਏ ਦਿਨ ਕਹਿ ਦਿੰਦੇ, "ਮੈਂ ਤੁਹਾਨੂੰ ਕਿਤੇ ਜਾਣੋ ਨ੍ਹੀਂ ਰੋਕਦੀ। ਇਸ ਵਾਰ ਮੇਰਾ ਮਨ ਨ੍ਹੀਂ ਕਰਦਾ ਕਿ ਤੁਸੀਂ ਪਾਕਿਸਤਾਨ ਜਾਓ। ਮੈਨੂੰ ਡਰ ਲੱਗਦਾ। ਦੇਖੋ ਉੱਥੇ ਰੋਜ਼ ਹੀ ਤਾਂ ਕੋਈ ਨਾ ਕੋਈ ਮਰ ਰਿਹਾ। ਬੰਬ ਫਟ ਰਹੇ ਆ।"

"ਤੁਹਾਡਾ ਰੱਬ 'ਚ ਵਿਸ਼ਵਾਸ ਹੈ ਨਾ?"

"ਹਾਂ, ਮੈਂ ਆਪਣੇ ਸਤਿਗੁਰੂ 'ਤੇ ਭਰੋਸਾ ਰੱਖਦੀ ਹਾਂ।"

"ਫੇਰ ਤਾਂ ਜੀਊਣ-ਮਰਨ ਵੀ ਉਸੇ ਦੇ ਹੱਥਾਂ 'ਚ ਹੋਵੇਗਾ।"

"ਹਾਂ-ਹੈ।"

"ਜੇ ਮਰਨਾ ਉਸ ਦੇ ਹੱਥਾਂ ਦੀ ਖੇਡ ਹੈ ਤਾਂ ਜਿੱਥੇ ਮੈਂ ਮਰਨਾ ਹੈ-ਉੱਥੇ ਹੀ ਮਰਾਂਗਾ। ਨਾਲੇ 'ਗੀਤਾ' 'ਚ ਵੀ ਕ੍ਰਿਸ਼ਨ ਜੀ ਕਹਿੰਦੇ ਆਂ- 'ਮੈਂ ਹੀ ਪੈਦਾ ਕਰਨ ਵਾਲਾ ਹਾਂ ਤੇ ਮੈਂ ਹੀ ਨਾਸ਼ ਕਰਦਾ ਹਾਂ।' ਮੈਂ ਇਨ੍ਹਾਂ ਗੱਲਾਂ ਨਾਲ ਉਨ੍ਹਾਂ ਨੂੰ ਨਿਰ-ਉੱਤਰ ਕਰ ਦਿੰਦਾ। ਪਰ ਹਰੇਕ ਰਾਤ ਨੂੰ ਇਹੀ ਕਹਾਣੀ ਦੁਹਰਾਈ ਜਾਂਦੀ।

ਜਦੋਂ ਮੇਰੀਆਂ ਗੱਲਾਂ/ਸਮਝੌਤੀਆਂ ਬੇਅਸਰ ਹੋਣ ਲੱਗੀਆਂ ਤਾਂ ਮੈਂ ਨਵਾਂ ਪੈਂਤਰਾ ਅਪਣਾਇਆ, 'ਤੁਹਾਡਾ ਦਿਉਰ ਬਹੁਤ ਖੈੜੇ ਪਿਆ।"

"ਜਦੋਂ ਉਹਦਾ ਫੋਨ ਆਇਆ, ਮੇਰੇ ਨਾਲ ਗੱਲ ਕਰਾਇਓ। ਮੈਂ ਖਿਚੂੰਗੀ ਉਹਦੇ ਕੰਨ।"

"ਉਹ ਕਿਹੜਾ ਨਿਆਣਾ।"

"ਬਹੁਤੀ ਗੱਲ ਆ ਤਾਂ ਸੈਫ਼ੀ ਦੇ ਵਿਆਹ 'ਤੇ ਉਹਨੂੰ ਬੁਲਾ ਲਿਉ।"

"ਲੈ ਤੁਹਾਡੀ ਹਿੰਦ ਸਰਕਾਰ ਲੱਗੀ ਆ ਉਹਨੂੰ ਵੀਜ਼ਾ ਦੇਣ।"

"ਸਰਕਾਰ ਦੇ ਉਹਨੇ ਕਿਹੜੇ ਮਾਂਹ ਪੁੱਟੇ ਨੇ।"

"ਤੁਹਾਨੂੰ ਸਰਕਾਰਾਂ ਦਾ ਕਿਹੜਾ ਪਤਾ।"

"ਮੁੱਕਦੀ ਗੱਲ-ਮੈਂ ਤੁਹਾਨੂੰ ਇਸ ਵਾਰ ਨ੍ਹੀਂ ਜਾਣ ਦੇਣਾ। ਅਗਲੇ ਮਹੀਨੇ ਆਪਾਂ ਲਾਡੀ ਦੇ ਵਿਆਹ 'ਤੇ ਇੰਗਲੈਂਡ ਜਾਣਾ। ਉੱਥੇ ਜਾ ਕੇ ਖ਼ਾਲਿਦ ਨਾਲ ਦੋ ਘੰਟੇ ਗੱਲਾਂ ਕਰ ਲਿਓ। ਕਦੇ ਮੇਰੀ ਵੀ ਮੰਨ ਲਿਆ ਕਰੋ। ਬੰਦਿਆਂ ਵਾਲਾ ਅੜਾਊਪਨ ਕਦੇ ਤਾਂ ਛੱਡ ਦਿਆ ਕਰੋ।"

ਖ਼ਾਲਿਦ ਜਾਂ ਮਲਿਕ ਦਾ ਫੋਨ ਆਉਂਦਾ ਤਾਂ ਮੈਂ ਉਹਨੂੰ ਛੇੜਦਾ, "ਦੇਖ ਲਓ-ਜੇ ਪਾਕਿਸਤਾਨ 'ਚ ਆ ਕੇ ਮੈਨੂੰ ਕੁਸ਼ ਹੋ ਗਿਆ ਤਾਂ ਮੇਰੀ ਮਿਸਿਜ ਨੇ ਸਾਰੀ ਉਮਰ ਤੁਹਾਨੂੰ ਦੋਹਾਂ ਨੂੰ ਗਾਲ੍ਹਾਂ ਕੱਢਣੀਆਂ।"

ਮਲਿਕ ਕਹਿੰਦਾ, "ਹਿੱਕ ਆਰ ਆਓ ਤਾਂ ਸਈਂ-ਪਹਿਲੀ ਗੋਲੀ ਸਾਡੀ ਹਿਕ 'ਚ ਵਜੇਗੀ।"

ਖ਼ਾਲਿਦ ਕਹਿੰਦਾ, "ਭਾਜੀ, ਕੁਝ ਨਹੀਂ ਹੋਣ ਦਿੰਦੇ।"

ਪਹਿਲੀ ਜਨਵਰੀ ਨੂੰ ਪੰਜ ਕੁ ਵਜੇ ਜਦੋਂ ਮੈਂ ਦਿੱਲੀ ਦੇ ਬੱਸ ਅੱਡੇ 'ਤੇ ਉਤਰਿਆ ਤਾਂ ਸੀਤ ਹਵਾਵਾਂ ਨੇ ਮੇਰਾ ਸੁਆਗਤ ਕੀਤਾ। ਮੈਂ ਜੈਕਟ ਪਾਈ ਹੋਈ ਸੀ ਪਰ ਫੇਰ ਵੀ ਮੈਨੂੰ ਲੋਈ ਦਾ ਸਹਾਰਾ ਲੈਣਾ ਪਿਆ। ਮੈਂ ਹਰਬੰਸ ਸਿੰਘ ਧੀਮਾਨ ਨੂੰ ਚਰਨਜੀਤ ਸਿੰਘ ਚੰਨ ਕੋਲ ਮਿਲਣਾ ਸੀ। ਉਹਦੇ ਤਿੰਨ ਫੋਨ ਆ ਚੁੱਕੇ ਸੀ। ਚੰਨ ਨੂੰ ਮਿਲਣਾ ਮੇਰੀ ਕਮਜ਼ੋਰੀ ਹੈ। ਦਿੱਲੀ ਜਾਵਾਂ ਤਾਂ ਚੰਨ ਨੂੰ



ਨਾ ਮਿਲਾਂ, ਇਹ ਹੋ ਨਹੀਂ ਸਕਦਾ। ਜਿੰਨੀ ਵਧੀਆ ਚਾਹ ਉਹ ਪਿਲਾਉਂਦਾ ਹੈ, ਓਨੀ ਵਧੀਆ ਚਾਹ ਮੈਨੂੰ ਦਿੱਲੀ 'ਚ ਕਦੇ ਨਹੀਂ ਮਿਲੀ। ਤੇ ਅਪਣਤ। ਇਸ ਦੇ ਕੀ ਕਹਿਣੇ। ਉਹ ਦਿੱਲੀ 'ਚ ਬੈਠਾ ਪੰਜਾਬੀ ਸਾਹਿਤ ਦਾ ਇਨਸਾਈਕਲੋਪੀਡੀਆ ਹੈ। ਕੋਈ ਉਸ ਕੋਲ ਚਲਾ ਜਾਵੇ, ਇਕ ਘੰਟੇ 'ਚ ਦਿੱਲੀ ਦੇ ਸਾਰਿਆਂ ਲੇਖਕਾਂ ਨੂੰ ਪਤਾ ਲੱਗ ਜਾਂਦਾ ਹੈ ਕਿ ਅੱਜ ਫਲਾਣਾ ਲੇਖਕ ਪੰਜਾਬ ਤੋਂ ਆਇਆ ਹੈ। ਮੈਨੂੰ ਚਾਹ ਦੇ ਨਾਲ-ਨਾਲ ਕਈ ਚੰਗੀਆਂ ਕਿਤਾਬਾਂ ਵੀ ਮਿਲ ਜਾਂਦੀਆਂ ਹਨ। ਮੈਂ ਆਪਣੀ ਪਸੰਦ ਦੀਆਂ ਚਾਰ-ਪੰਜ ਕਿਤਾਬਾਂ ਤਾਂ ਲੈ ਹੀ ਆਉਂਦਾ ਹਾਂ। ਉਹ ਕਹਿ ਦਿੰਦਾ ਹੈ, "ਹੋਰ ਚਾਹੀਦੀਆਂ ਨੇ ਤਾਂ ਲੈ ਜਾਓ। ਤੁਹਾਡੇ ਨਾਲੋਂ ਕਿਤਾਬਾਂ ਕਿਤੇ ਚੰਗੀਆਂ ਨੇ।"

ਚੰਨ ਕੋਲ ਗਿਆ ਤਾਂ ਉਸ ਦੇ ਦਫ਼ਤਰ ਦੀ ਡੈਕੋਰੇਸ਼ਨ ਬਦਲੀ ਹੋਈ ਸੀ। ਹੁਣ ਦਫ਼ਤਰ ਜ਼ਿਆਦਾ ਹੀ ਆਧੁਨਿਕ ਲੱਗ ਰਿਹਾ ਸੀ। ਮੈਨੂੰ ਇੱਥੇਂ ਆ ਕੇ ਰਾਹਤ ਮਿਲੀ। ਮੈਂ ਬੱਸ-ਸਟੈਂਡ ਤੋਂ ਚਾਂਦਨੀ ਚੌਕ ਤਕ ਤੁਰ ਕੇ ਹੀ ਆਇਆ ਸੀ। ਮੈਨੂੰ ਇਸ ਗੱਲ ਦਾ ਪਤਾ ਸੀ ਕਿ ਜਿੰਨਾ ਚਿਰ ਬੱਸ ਨੇ ਲਾਉਣਾ ਹੈ, ਉਸ ਤੋਂ ਪਹਿਲਾਂ ਮੈਂ ਤੁਰ ਕੇ ਆ ਜਾਣਾ ਹੈ। ਬੱਸ ਤਾਂ ਜੂੰ ਦੀ ਤੋਰੇ ਚਲਦੀ ਹੈ। ਜੈਨ ਮੰਦਿਰ ਕੋਲ ਆ ਕੇ ਪਤਾ ਲੱਗਦਾ ਹੈ ਕਿ ਦਿੱਲੀ 'ਚ ਕਿੰਨੀ ਭੀੜ ਹੈ। ਅੱਜ ਵੀ ਕਾਰਾਂ ਦਾ ਇਕ ਕਿਸਮ ਦਾ ਜਾਮ ਹੀ ਲੱਗ ਗਿਆ ਸੀ। ਅਗਾਂਹ ਇਕ ਕਦਮ ਪੁੱਟਣਾ ਔਖਾ ਸੀ। ਲੋਕ ਕਾਰਾਂ, ਥ੍ਰੀਵੀਲ੍ਹਰਾਂ ਵਿਚਕਾਰੋਂ ਜਿੱਥੋਂ ਵੀ ਮਾੜੀ-ਮੋਟੀ ਵਿਹਲ ਮਿਲਦੀ, ਲੰਘ ਰਹੇ ਸਨ। ਦੋਵੇਂ ਪਾਸੀਂ ਲੋਕਾਂ ਦਾ ਹਜੂਮ ਸੀ ਤੇ ਐਨੇ ਹਜੂਮ 'ਚ ਵੀ ਪਟੜੀਆਂ 'ਤੇ ਚੀਜ਼ਾਂ ਵਿਕ ਰਹੀਆਂ ਸਨ। ਲੋਕਾਂ ਨੂੰ ਇਕ ਦੂਜੇ ਨਾਲੋਂ ਅਗਾਂਹ ਲੰਘਣ ਦੀ ਕਾਹਲ ਸੀ ਪਰ ਲੰਘਣਾ ਔਖਾ ਸੀ। ਮੈਂ ਸੱਜੇ-ਖੱਬੇ, ਜਿੱਥੋਂ ਵੀ ਰਾਹ ਬਣਿਆ, ਵਿਚੋਂ ਦੀ ਲੰਘਦਾ ਹੋਇਆ ਵਾਚ ਮਾਰਕੀਟ ਅੰਦਰ ਆ ਵੜਿਆ। ਇੱਥੇ ਦੁਕਾਨਾਂ 'ਚ ਕੈਮਰੇ ਲੱਗੇ ਸਨ ਤੇ ਟੀ.ਵੀ. ਸਕਰੀਨਾਂ 'ਤੇ ਆਪਣੀ ਫੋਟੋ ਦੇਖ ਕੇ ਅਟਪਟਾ ਜਿਹਾ ਲੱਗਿਆ ਸੀ ਕਿ ਜੈਕਟ ਉੱਪਰ ਦੀ ਲੋਈ। ਸਿਰ 'ਤੇ ਟੋਪੀ।

ਚੰਨ ਦੀ ਚਾਹ ਤੇ ਗੱਲਾਂ ਨੇ ਮੇਰਾ ਥਕੇਵਾਂ ਲਾਹ ਦਿੱਤਾ। ਉਹ ਦੱਸ ਰਿਹਾ ਸੀ, "ਸ਼ਿਵ ਬਟਾਲਵੀ ਦੇ ਬੇਟੇ ਡਾ. ਮੇਹਰਬਾਨ ਦਾ ਫੋਨ ਆਇਆ ਕਿ ਉਨ੍ਹਾਂ 'ਆਰਸੀ' ਦੀਆਂ ਪੁਰਾਣੀਆਂ ਫਾਈਲਾਂ ਦੇਖਣੀਆਂ ਨੇ...ਉਨ੍ਹਾਂ ਨੂੰ ਮੇਰੇ 'ਤੇ ਭਰੋਸਾ ਸੀ...ਮੈਂ ਰੇਣੂਕਾ ਹੋਰਾਂ ਨੂੰ ਫੋਨ ਕੀਤਾ... ਉਹ ਦਿਖਾਉਣੀਆਂ ਮੰਨ ਗਏ...ਮੇਹਰਬਾਨ ਕਹਿੰਦਾ ਕਿ ਤੁਸੀਂ ਵੀ ਨਾਲ ਚੱਲੋ...ਮੈਂ ਕਿਹਾ ਕਿ ਜਿਹੜਾ ਕੰਮ ਫੋਨ 'ਤੇ ਹੋ ਸਕਦਾ, ਉਸ 'ਚ ਨਾਲ ਜਾਣ ਦੀ ਕੀ ਲੋੜ ਆ...ਪਰ ਉਹ ਮੰਨੇ ਹੀ ਨਾ। ਉਹ ਕਾਰ 'ਤੇ ਆ ਰਿਹਾ ਸੀ। ਨਾਲ ਉਸ ਦੇ ਤਿੰਨ ਦੋਸਤ ਸੀ...ਉਹ ਕਹਿੰਦਾ ਕਿ ਉਹ ਕਾਰ 'ਤੇ ਲੈ ਜਾਣਗੇ...ਕਾਰ 'ਤੇ ਵਾਪਸ ਛੱਡ ਜਾਣਗੇ...ਮੈਂ ਨਿਰੰਜਨ ਨੂੰ ਕਿਹਾ ਕਿ ਉਹ ਇਨ੍ਹਾਂ ਨੂੰ 'ਆਰਸੀ' ਦੀਆਂ ਸਾਰੀਆਂ ਫਾਈਲਾਂ ਦਿਖਾ ਦੇਵੇ... ਨਾਲ ਜਾ ਕੇ। ਜਿਹੜੇ ਪੰਨਿਆਂ ਦੀਆਂ ਇਨ੍ਹਾਂ ਨੂੰ ਫੋਟੋ ਕਾਪੀਆਂ ਚਾਹੀਦੀਆਂ, ਕਰਾ ਦੇਵੇ...ਚਲੋ ਜੀ... ਉਨ੍ਹਾਂ ਦਾ ਕੰਮ ਹੋ ਗਿਆ...ਫੇਰ ਅਰੁਣਾ ਬਟਾਲਵੀ ਦਾ ਫੋਨ ਆਇਆ-ਚੰਨ ਜੀ, ਮੈਨੂੰ ਪਤਾ ਇਹ ਕੰਮ ਤੁਸੀਂ ਹੀ ਕਰ ਸਕਦੇ ਸੀ...।"

ਮੈਂ ਕਿਹਾ, "ਇਸੀ ਕਾ ਨਾਮ ਚੰਨ ਹੈ।"

ਚੰਨ ਖਿੜਖਿੜਾ ਕੇ ਹੱਸ ਪਿਆ।

ਅਸੀਂ ਰਾਤ ਦੇ ਪ੍ਰਬੰਧ ਲਈ ਸੀਸਗੰਜ ਗੁਰਦੁਆਰਾ ਸਾਹਿਬ ਵੱਲ ਜਾ ਰਹੇ ਸੀ ਕਿ ਧੀਮਾਨ ਨੇ ਕਿਹਾ, "ਯਾਰ ਤੂੰ ਕਮਾਲ ਕਰਤੀ। ਪੰਜ ਕਿਤਾਬਾਂ ਚੁੱਕ ਲਿਆਇਆਂ। ਮੈਂ ਇਕ ਵਾਰ ਕਿਤਾਬ ਮੰਗੀ ਤਾਂ ਚੰਨ ਨੇ ਕਿਹਾ ਸੀ ਕਿ ਜਿੱਥੋਂ ਚੁੱਕੀ ਆ, ਉੱਥੇ ਹੀ ਰੱਖ ਦਿਓ।"

ਮੈਂ ਧੀਮਾਨ ਨੂੰ ਕੀ ਦੱਸਦਾ?

2 ਜਨਵਰੀ ਨੂੰ ਪਾਕਿਸਤਾਨ ਅੰਬੈਸੀ 'ਚ ਵੀਜ਼ਾ ਲੈਣ ਗਏ ਤਾਂ ਠੰਢ ਘੁੱਟ-ਘੁੱਟ ਜੱਫੀਆਂ
ਪਾ-ਪਾ ਕੇ ਮਿਲੀ। ਸੀਤ ਲਹਿਰ ਵਗ ਰਹੀ ਸੀ। ਪਰ ਵੱਖ-ਵੱਖ ਥਾਈਂ ਕੁਰਸੀਆਂ 'ਤੇ ਬੈਠੇ,
ਸਾਹਮਣੇ ਮੇਜ਼ ਰੱਖੀ ਟਾਈਪਿਸਟ ਦੇਖੇ ਤਾਂ ਮੈਨੂੰ ਸੰਤੁਸ਼ਟੀ ਹੋਈ ਕਿ ਇਨ੍ਹਾਂ ਨੂੰ ਦੇਖੋ ਕਿ ਰੋਜ਼ੀ-
ਰੋਟੀ ਲਈ ਠੰਢ ਦੀ ਪ੍ਰਵਾਹ ਨਹੀਂ ਕਰਦੇ। ਤੇ ਮੇਰੇ ਵਰਗਾ ਚਾਰ-ਚਾਰ ਕੱਪੜੇ ਪਾਈ ਤੇ ਉੱਪਰੋਂ
ਦੀ ਗਰਮ ਲੋਈ ਦਾ ਬੁੱਕਲ ਮਾਰੀ ਠਰੂ-ਠਰੂ ਕਰ ਰਿਹਾ ਹੈ। ਮੈਂ ਇਕ ਸਰਦਾਰ ਜੀ ਕੋਲ ਰੁਕਿਆ
ਤੇ ਉਸਨੂੰ ਪੁੱਛਿਆ ਕਿ ਕੀ ਸਾਡੇ ਲਈ ਫਾਰਮ ਭਰਨਾ ਜ਼ਰੂਰੀ ਹੈ। ਉਹਨੇ ਮੇਰਾ ਇੰਵੀਟੇਸ਼ਨ
ਲੈਟਰ ਦੇਖਿਆ ਤੇ ਕਿਹਾ ਕਿ ਕਾਊਂਟਰ ਨੰਬਰ ਪੰਜ 'ਤੇ ਜਾਉ। ਉੱਥੋਂ ਹੀ ਪਤਾ ਚਲੇਗਾ ਕਿ ਕੀ
ਮੈਨੂੰ ਫਾਰਮ ਭਰਨ ਦੀ ਲੋੜ ਹੈ। ਵਿੰਡੋ ਖੁੱਲ੍ਹਣ ਦਾ ਸਮਾਂ ਸਾਢੇ ਅੱਠ ਵਜੇ ਸੀ। ਉੱਥੇ ਤੀਹ-ਚਾਲੀ
ਜਣੇ ਸਨ। ਵਧੇਰੇ ਪੰਜਾਬ ਤੋਂ ਆਏ ਸਨ। ਉਨ੍ਹਾਂ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਜਾਣਾ ਸੀ।
ਇਨ੍ਹਾਂ 'ਚੋਂ ਇਕ ਪਰਿਵਾਰ ਬਠਿੰਡੇ ਲਾਗਲੇ ਕਿਸੇ ਪਿੰਡ ਦਾ ਸੀ। ਉਨ੍ਹਾਂ 'ਚੋਂ ਜੁਆਨ ਜਿਹੇ
ਲੱਗਦੇ ਮੁੰਡੇ ਨੇ ਮੇਰਾ ਪਾਸਪੋਰਟ ਦੇਖਿਆ ਤਾਂ ਝੱਟ ਬੋਲਿਆ, "ਬਾਈ ਜੀ, ਤੁਹਾਨੂੰ ਤਾਂ ਵੀਜ਼ਾ
ਮਿਲਿਆ ਲਓ। ਐਨੀ ਵਾਰ ਪਹਿਲਾਂ ਗਏ ਹੋ। ਐਨੇ ਦੇਸ਼ਾਂ 'ਚ ਘੁੰਮ-ਫਿਰ ਆਏ ਓਂ... ਸਾਡਾ
ਤਾਂ ਇਹ ਪੰਜਵਾਂ ਗੇੜੈ। ਇਹ ਗੇੜੇ ਤੇ ਗੇੜਾ ਮਰਵਾਈ ਜਾਂਦੇ ਐ। ਸਾਡਾ ਪਿੰਡ ਬਠਿੰਡੇ ਛਾਉਣੀ
ਦੇ ਨੇੜੇ ਪੈਂਦੇ। ਸ਼ਾਇਦ ਇਸੇ ਕਰਕੇ ਟਾਲੀ ਜਾਂਦੇ ਐ। ਅਸੀਂ ਵੀ ਮਨ ਪੱਕਾ ਕੀਤਾ ਹੋਇਐ ਕਿ
ਵੀਜ਼ਾ ਲੈ ਕੇ ਹੀ ਹਟਣੈ।" ਉਸ ਦਾ ਦੂਜਾ ਸਾਥੀ, ਜਿਸ ਨੇ ਸਿਰ 'ਤੇ ਪੱਗ ਬੰਨੀ ਹੋਈ ਸੀ, ਨੇ
ਕਿਹਾ, "ਤੁਸੀਂ ਵੀ ਰਾਤੀਂ ਸੀਸਗੰਜ ਗੁਰਦੁਆਰੇ ਠਹਿਰੇ ਸੀ ਨਾ? ਉਸ ਮੁੰਡੇ ਨੇ ਐਨੇ ਘੁਰਾੜੇ
ਮਾਰੇ ਕਿ ਰਹੇ ਅੱਲ੍ਹਾ ਦਾ ਨਾਂ। ਮੈਨੂੰ ਤਾਂ ਇਕ ਬਿੰਦ ਵੀ ਨੀਂਦ ਨ੍ਹੀਂ ਆਈ।"

ਰਾਜਿੰਦਰ ਗੌਤਮ ਵੀ ਆ ਗਿਆ ਸੀ। ਸਾਹਮਣੇ ਬੋਰਡ 'ਤੇ ਲਿਖਿਆ ਸੀ ਕਿ ਫਾਰਮ ਦੇ
ਨਾਲ ਆਈਡੀ ਪਰੂਫ ਵਜੋਂ ਡਰਾਈਵਿੰਗ ਲਾਇਸੈਂਸ, ਵੋਟਰ ਕਾਰਡ, ਰਾਸ਼ਨ ਕਾਰਡ ਆਦਿ 'ਚੋਂ
ਕਿਸੇ ਇਕ ਦੀ ਫੋਟੋਕਾਪੀ ਨਾਲ ਨੱਥੀ ਕਰਨੀ ਜ਼ਰੂਰੀ ਹੈ। ਧੀਮਾਨ ਕੋਲ ਕਾਪੀਆਂ ਸਨ। ਗੌਤਮ
ਤੇ ਮੇਰੇ ਕੋਲ ਨਹੀਂ ਸਨ। ਮੈਂ ਆਪਣੇ ਦਫ਼ਤਰ ਦਾ ਪੁਰਾਣਾ ਆਈ ਕਾਰਡ ਫੋਟੋਕਾਪੀ ਕਰਵਾਉਣ
ਲਈ ਗੌਤਮ ਨੂੰ ਦਿੱਤਾ। ਉਸ ਕਾਰ 'ਚ ਬੈਠੇ ਮੁੰਡੇ ਨੂੰ ਫੋਟੋਕਾਪੀ ਕਰਵਾਉਣ ਲਈ ਭੇਜਿਆ।
ਵਿੰਡੋ ਨੌਂ ਵਜੇ ਖੁੱਲ੍ਹੀ ਤਾਂ ਉਨ੍ਹਾਂ ਦੱਸਿਆ ਕਿ ਫਾਰਮ ਭਰਨੇ ਜ਼ਰੂਰੀ ਹਨ। ਚਾਰ ਫੋਟੋ ਲੱਗਣੀਆਂ
ਸਨ। ਗੌਤਮ ਕੋਲ ਤਿੰਨ ਫੋਟੋ ਸਨ। ਉਹ ਇਕ ਹੋਰ ਫੋਟੋ ਬਣਾਉਣ ਚਲੇ ਗਿਆ। ਮੈਂ ਤੇ ਧੀਮਾਨ
ਟਾਈਪਿਸਟ ਕੋਲ ਫਾਰਮ ਭਰਾਉਣ ਲਈ ਬੈਠ ਗਏ। ਸ਼ਕਲ-ਸੂਰਤ ਤੋਂ ਟਾਈਪਿਸਟ ਬਹੁਤ
ਗਰੀਬੜਾ ਜਿਹਾ ਲੱਗਿਆ। ਉਹ ਦੋ ਜਣੇ ਸਨ। ਮੈਂ ਚਾਹ ਲਈ ਸੁਲਾਹ ਮਾਰੀ ਤਾਂ ਉਹ ਇਸ
ਅੰਦਾਜ 'ਚ ਬੋਲਿਆ-ਅੰਨ੍ਹ ਕੀ ਭਾਲੇ ਦੋ ਅੱਖਾਂ। ਅਸੀਂ ਚਾਹ ਵਾਲੀ ਰੇਹੜੀ ਕੋਲ ਆ ਖੜੇ।
ਚਾਰ ਕੱਪ ਚਾਹ ਦਾ ਆਰਡਰ ਦਿੱਤਾ। ਸਾਡੇ ਚਾਹ ਪੀਂਦਿਆਂ-ਪੀਂਦਿਆਂ ਦਵਿੰਦਰ ਸਿੰਘ ਵੀ
ਰੇਹੜੀ ਕੋਲ ਆ ਖੜਿਆ। ਉਹਦਾ ਪਿੰਡ ਖਟਕੜ ਕਲਾਂ ਹੈ ਪਰ ਹੁਣ ਪਿਛਲੇ ਕਈ ਸਾਲਾਂ ਤੋਂ
ਉਹ ਦਿੱਲੀ ਰਹਿ ਰਹੇ ਹਨ। ਉਸਨੇ ਦੱਸਿਆ, "ਮੈਂ ਬਿਜਨੈਸ ਦੇ ਸੰਬੰਧ 'ਚ ਸ਼ੇਖੂਪੁਰੇ ਜਾਣਾ।
ਪੇਪਰ ਮਿੱਲ 'ਚ। ਅੰਬੈਸੀ ਵਾਲਿਆਂ ਨੇ ਮੇਰੇ ਦਸ ਗੇੜੇ ਲਵਾ ਦਿੱਤੇ। ਉੱਪਰੋਂ ਡੰਡਾ ਚਾੜ੍ਹਿਆ ਤਾਂ
ਕਿਤੇ ਜਾ ਕੇ ਵੀਜ਼ਾ ਦਿੱਤਾ। ਖੈਰ ਵੀਜ਼ਾ ਮਿਲ ਗਿਆ। ਮੈਂ ਦਿੱਲੀਉਂ ਬੱਸ 'ਚ ਲਾਹੌਰ ਜਾਊਂਗਾ।"
ਧੀਮਾਨ ਪੈਸੇ ਦੇਣ ਲੱਗਾ ਤਾਂ ਦਵਿੰਦਰ ਸਿੰਘ ਨੇ ਮਲੋਜ਼ੋਰੀ ਪੈਸੇ ਦੇ ਦਿੱਤੇ। ਅਸੀਂ ਸ਼ੇਖੂਪੁਰੇ
ਮਿਲਣ ਦਾ ਵਾਅਦਾ ਕਰਕੇ ਮੁੜ ਵਿੰਡੋ ਨੰ.ਪੰਜ 'ਤੇ ਆ ਗਏ। ਵਿੰਡੋ ਵੱਲ ਜਾਂਦਿਆਂ ਮੈਨੂੰ ਇਸ



ਗੱਲ ਦਾ ਅਹਿਸਾਸ ਹੋਇਆ ਕਿ ਇਸ ਦੁਨੀਆ 'ਤੇ ਚੰਗੇ ਲੋਕਾਂ ਦੀ ਕੋਈ ਘਾਟ ਨਹੀਂ ਹੈ। ਮੈਂ
ਦਵਿੰਦਰ ਨੂੰ ਕਿਹਾ, "ਆਹ ਚਾਹ ਵਾਲਾ ਪੁੰਨ ਤਾਂ ਅਸੀਂ ਲੈਣਾ ਸੀ, ਉਹ ਤੂੰ ਲੈ ਗਿਆਂ।" ਤਾਂ
ਉਸ ਕਿਹਾ, "ਤੁਸੀਂ ਤਾਂ ਮੇਰੇ ਵੱਡੇ ਭਰਾ ਹੋ।" ਮੈਨੂੰ ਇਸ ਗੱਲ ਦੀ ਸੰਤੁਸ਼ਟੀ ਹੋਈ ਕਿ ਟਾਈਪਿਸਟ
ਤੇ ਉਸਦੇ ਸਾਥੀ ਨੂੰ ਚਾਹ ਦੀ ਲੋੜ ਸੀ ਤੇ ਅਸੀਂ ਉਨ੍ਹਾਂ ਦੀ ਇਹ ਲੋੜ ਪੂਰੀ ਕੀਤੀ ਸੀ। ਮੈਨੂੰ
ਯਕਦਮ ਯਾਦ ਆਇਆ ਕਿ ਮੈਂ ਅਗਸਤ 2012 ਦੇ ਦੂਜੇ ਹਫ਼ਤੇ ਟਰੰਟੋ ਦੇ ਬੱਸ ਸਟੇਸ਼ਨ 'ਤੇ
ਖੜਾ ਨਿਊਯਾਰਕ ਦੀ ਬੱਸ ਦੀ ਉਡੀਕ ਕਰ ਰਿਹਾ ਸੀ। ਮੇਰੀ ਵਾਪਸੀ ਟਿਕਟ ਸੀ ਤੇ ਇਕ ਦਿਨ
ਪਹਿਲਾਂ ਪ੍ਰੇਮ ਮਾਨ ਨੇ ਕਿਹਾ ਸੀ ਕਿ ਮੈਂ ਇਕ ਘੰਟਾ ਪਹਿਲਾਂ ਭਾਵ 7.45 ਵਾਲੀ ਬੱਸ ਫੜ ਲਵਾਂ।
ਮੈਨੂੰ ਬਲਬੀਰ ਕੌਰ ਸੰਘੇੜਾ 7.20 'ਤੇ ਬੱਸ ਸਟੇਸ਼ਨ ਛੱਡ ਗਏ। ਮੈਂ ਸਵਾਰੀਆਂ ਦੀ ਲਾਈਨ 'ਚ ਜਾ
ਖੜਿਆ ਤੇ ਡਰਾਈਵਰ-ਕਮ-ਕੰਡਕਟਰ ਨੇ ਦੱਸਿਆ ਕਿ ਇਸ ਬੱਸ 'ਚ ਕੋਈ ਸੀਟ ਖਾਲੀ ਨਹੀਂ, ਸੋ ਮੈਨੂੰ
8.45 ਵਾਲੀ ਹੀ ਬੱਸ 'ਤੇ ਜਾਣਾ ਪਵੇਗਾ। ਮੇਰੇ ਕੋਲ ਟੈਲੀਫੋਨ ਨਹੀਂ ਸੀ। ਮੇਰੀ ਵੱਡੀ ਚਿੰਤਾ ਇਹੀ ਸੀ ਕਿ
ਸੰਘੇੜਾ ਹੋਰਾਂ ਨੇ ਪ੍ਰੇਮ ਮਾਨ ਨੂੰ ਫੋਨ 'ਤੇ ਦੱਸਿਆ ਹੋਣਾ ਕਿ ਮੈਂ 7.45 ਵਾਲੀ ਬੱਸ 'ਤੇ ਆ ਰਿਹਾਂ। ਪ੍ਰੇਮ ਮਾਨ
ਹੋਰੀਂ ਨੂੰ ਮੈਨੂੰ ਨਿਊਯਾਰਕ ਦੇ ਬੱਸ ਸਟੇਸ਼ਨ 'ਤੇ ਉਡੀਕਣਗੇ। ਮੈਂ ਇਕ ਸਾਊਥ ਅਫਰੀਕਨ ਕੋਲੋਂ ਮੋਬਾਇਲ
ਮੰਗਿਆ ਤਾਂ ਉਸਨੇ ਨਾਂਹ ਕਰ ਦਿੱਤੀ। ਬੱਸ ਚੱਲੀ ਤਾਂ ਮੈਂ ਆਪਣੇ ਸੱਜੇ ਪਾਸੇ ਬੈਠੀ ਗੋਰੀ ਮੁਟਿਆਰ ਨੂੰ
ਬੇਨਤੀ ਕੀਤੀ ਤਾਂ ਉਹਨੇ ਦੱਸਿਆ ਕਿ ਉਹਦੇ ਮੋਬਾਇਲ 'ਚ ਪੈਸੇ ਨਹੀਂ ਹਨ। ਮੇਰੇ ਅੱਗੇ ਬੈਠੇ ਕੋਰੀਅਨ
ਮੁੰਡੇ ਨੇ ਮੇਰੇ ਕਹਿਣ ਤੋਂ ਬਿਨਾਂ ਹੀ ਮੈਨੂੰ ਪੁੱਛਿਆ ਸੀ ਕਿ ਕਿਹਨੂੰ ਫੋਨ ਕਰਨਾ ਹੈ। ਮੈਂ ਕਾਰਨ ਦੱਸਿਆ ਤਾਂ
ਉਸ ਝਟਪਟ ਹੀ ਨੰਬਰ ਮਿਲਾ ਕੇ ਆਪਣੀ ਮੋਬਾਇਲ ਮੈਨੂੰ ਫੜਾ ਦਿੱਤਾ।

ਸਾਡੇ ਪਾਸਪੋਰਟ ਤੇ ਫਾਰਮ ਜਮ੍ਹਾਂ ਹੋ ਗਏ। ਉਦੋਂ ਹੀ ਗੌਤਮ ਵੀ ਆ ਗਿਆ। ਉਸ ਕੋਲ
ਇੰਵੀਟੇਸ਼ਨ-ਲੈਟਰ ਨਹੀਂ ਸੀ। ਮੈਂ ਪਾਕਿਸਤਾਨ ਅਕੈਡਮੀ ਆਫ ਲੈਟਰਸ ਦਾ ਉਹ ਲੈਟਰ, ਜੋ
ਉਨ੍ਹਾਂ ਅੰਬੈਸੀ ਨੂੰ ਲਿਖਿਆ ਸੀ, ਦਿਖਾਇਆ। ਇਸ 'ਚ ਸਾਡੇ ਤਿੰਨਾਂ ਦੇ ਨਾਂ ਸ਼ਾਮਿਲ ਸਨ। ਬਾਬੂ
ਮੰਨ ਗਿਆ ਤੇ ਉਸ ਦੱਸਿਆ ਕਿ ਸਾਡੇ 'ਚੋਂ ਕੋਈ ਇਕ ਜਣਾ ਕੱਲ੍ਹ ਨੂੰ ਨੌਂ ਵਜੇ ਆਪਣੇ
ਪਾਸਪੋਰਟ ਲੈ ਜਾਏਉ। ਮੈਂ ਬੜਾ ਜ਼ੋਰ ਲਾਇਆ ਕਿ ਉਹ ਅੱਜ ਹੀ ਪਾਸਪੋਰਟ ਦੇ ਦੇਵੇ ਪਰ ਉਹ
ਆਪਣੀ ਗੱਲ 'ਤੇ ਅੜਿਆ ਰਿਹਾ, "ਅਸੀਂ ਸੇਮ ਡੇ ਵੀਜਾ ਨਹੀਂ ਦਿੰਦੇ। ਤੁਸੀਂ ਦਿੱਲੀ ਘੁੰਮੋ
ਫਿਰੋ। ਰਾਤ ਨੂੰ ਗੁਰਦੁਆਰੇ ਰਹਿ ਛੱਡਿਓ। ਸਵੇਰ ਨੂੰ ਆਏਉ।" ਮੈਂ ਠੰਢ ਦਾ ਵਾਸਤਾ ਪਾਇਆ
ਪਰ ਉਸ ਮੇਰੀ ਇਕ ਨਾ ਮੰਨੀ। ਅਸੀਂ ਇਹਦੀ ਜ਼ੁੰਮੇਵਾਰੀ ਗੌਤਮ ਦੀ ਲਾ ਦਿੱਤੀ। ਗੌਤਮ ਨੇ ਮੈਨੂੰ
ਨੇੜਲੇ ਸਟੇਸ਼ਨ ਤੋਂ ਕਸ਼ਮੀਰੀ ਗੇਟ ਜਾਣ ਲਈ ਗੱਡੀ ਫੜਨ ਲਈ ਕਿਹਾ ਤੇ ਸਟੇਸ਼ਨ 'ਤੇ ਛੱਡ
ਦਿੱਤਾ।

ਗੱਡੀ ਭਰੀ ਹੋਈ ਸੀ। ਅੰਦਰ ਜਾਂਦਿਆਂ ਹੀ ਨਿੱਘ ਜਿਹਾ ਆਇਆ। ਮੈਂ ਧੀਮਾਨ ਨੂੰ ਛੇੜਿਆ,
"ਜਾ ਅੱਲ੍ਹਾ, ਜੇ ਤੂੰ ਸੱਚਾ ਹੈ ਤਾਂ ਇਨ੍ਹਾਂ ਦੋਹਾਂ ਦਾ ਵੀਜ਼ਾ ਲਵਾਂ ਦਈਂ ਤੇ ਮੈਨੂੰ ਇਨਕਾਰ ਕਰਵਾ
ਦਈਂ।"

ਧੀਮਾਨ ਬੋਲਿਆ, "ਯਾਰ ਕਿਉਂ ਸਾਡਾ ਦਿਲ ਤੋੜਦਾਂ! ਸਾਨੂੰ ਉੱਥੇ ਕੋਈ ਵੀ ਜਾਣਦਾ
ਨ੍ਹੀਂ।"

'ਧੀਮਾਨ ਜੀ, ਮੈਂ ਜਾਣਾ ਨ੍ਹੀਂ ਚਾਹੁੰਦਾ ਤੇ ਮੈਥੋਂ ਦੋਸਤਾਂ ਨੂੰ ਨਾਂਹ ਵੀ ਨ੍ਹੀਂ ਕਰ ਹੋਈ।"

"ਹੁਣ ਤੁਸੀਂ ਸਾਡੇ ਕਰਕੇ ਜਾਣਾ ਐ।"

"ਮੈਂ ਮਨੋ ਤਿਆਰ ਨ੍ਹੀਂ ਹੋ ਰਿਹਾ।"

"ਮਨ ਨੂੰ ਮਾਰੋ ਗੋਲੀ। ਤੁਸੀਂ ਹੁਣ ਰਿਟਾਇਰ ਹੋ। ਸੋਚੋ-ਹੁਣ ਬਾਕੀ ਕਿੰਨੀ ਕੁ ਜ਼ਿੰਦਗੀ ਰਹਿ

ਗਈ ਐ। ਮੈਂ ਤਾਂ ਕਹਿਣਾ ਹੁਣਾਂ ਕਿ ਮੈਂ ਹੁਣ ਬੋਨਸ ਦੀ ਜ਼ਿੰਦਗੀ ਜੀਅ ਰਿਹਾ ਹਾਂ।"

"ਮਨ ਨੂੰ ਮਾਰ ਕੇ ਵੀ ਨ੍ਹੀਂ ਸਰਦਾ। ਬਸ ਐਵੇਂ ਸੁਸਤੀ ਜਿਹੀ ਪਈ ਹੋਈ ਆ।"

"ਤੁਹਾਨੂੰ ਤਾਂ ਐਨੇ ਬੰਦ ਜਾਣਦੇ ਐ।"

"ਤੁਸੀਂ ਮੇਰਾ ਨਾਂ ਲੈ ਲਿਓ-ਉਹ ਤੁਹਾਨੂੰ ਹੱਥਾਂ 'ਤੇ ਚੁੱਕ ਲੈਣਗੇ।"

"ਯਾਰ-ਫੇਰ ਉਹੀ ਗੱਲ-ਤੁਸੀਂ ਜਾਣਾ ਐ। ਬਸ ਜਾਣਾ ਐ-ਦੂਜੀ ਗੱਲ ਨ੍ਹੀਂ ਕਰਨੀ।"

"ਜੋ ਅੱਲ੍ਹਾ ਨੂੰ ਮੰਜ਼ੂਰ।"

ਮੇਰੀ ਇਸ ਗੱਲ ਨਾਲ ਧੀਮਾਨ ਨੂੰ ਕੁਝ ਕੁ ਹੌਂਸਲਾ ਹੋ ਗਿਆ।

ਮੈਟਰੋ ਕਿਸੇ ਸਟੇਸ਼ਨ 'ਤੇ ਰੁਕੀ ਸੀ।

ਧੀਮਾਨ ਨੂੰ ਇਸ ਗੱਲ ਦਾ ਲਾਲਚ ਸੀ ਕਿ ਜੇ ਉਹ ਗੱਡੀ 'ਤੇ ਗਿਆ ਤਾਂ ਉਸਦੇ 58 ਕੁ ਰੁ. ਲੱਗਣੇ ਹਨ। ਮੈਂ ਬੱਸ 'ਚ ਫਰੀ ਸਫ਼ਰ ਕਰਨਾ ਸੀ। ਧੀਮਾਨ ਚਾਂਦਨੀ ਚੌਕ ਸਟੇਸ਼ਨ 'ਤੇ ਉਤਰ ਗਿਆ ਤੇ ਮੈਂ ਕਸ਼ਮੀਰੀ ਗੇਟ।

ਮਿਸਿਜ਼ ਦਾ ਫੋਨ ਆਇਆ ਤਾਂ ਮੈਂ ਦੱਸ ਦਿੱਤਾ ਕਿ ਵੀਜ਼ੇ ਬਾਰੇ ਕੱਲ੍ਹ ਨੂੰ ਪਤਾ ਚੱਲੇਗਾ। ਮੈਂ ਅੱਠ-ਸਾਢੇ ਅੱਠ ਵਜੇ ਘਰ ਆਵਾਂਗਾ।

ਦੂਜੇ ਦਿਨ ਸਵਾ ਨੌਂ ਵਜੇ ਗੌਤਮ ਦਾ ਫੋਨ ਆਇਆ, "ਜਿੰਦਰ ਜੀ, ਬੁਰੀ ਖ਼ਬਰ ਹੈ। ਹਮ ਦੋਨੋਂ ਕੋ ਵੀਜ਼ਾ ਮਿਲ ਗਯਾ ਹੈ। ਆਪ ਕੇ ਬਾਰੇ ਮੇਂ ਉਨਹੋਂ ਨੇ ਕਹਾ ਹੈ ਕਿ ਆਪ ਕੀ ਇੰਟਰਵਿਊ ਹੋਗੀ।"

ਮੈਂ ਪੁੱਛਿਆ, "ਮੇਰਾ ਪਾਸਪੋਰਟ ਕਹਾਂ ਹੈ?"

"ਉਨਕੇ ਪਾਸ ਹੀ ਹੈ।"

"ਮੇਰਾ ਪਾਸਪੋਰਟ ਬਹੁਤ ਕੀਮਤੀ ਹੈ। ਠੰਢ ਬਹੁਤ ਹੈ। ਮੈਂ ਇੰਟਰਵਿਊ ਕੇ ਲੀਏ ਦਿੱਲੀ ਨਹੀਂ ਆਊਂਗਾ। ਆਪ ਐਸਾ ਕੀਜੀਏ। ਮੇਰਾ ਪਾਸਪੋਰਟ ਵਾਪਸ ਲੇਕਰ ਮੁਝੇ ਆਜ ਹੀ ਅੱਛੇ ਸੇ ਕੋਰੀਅਰ ਸੇ ਭੇਜ ਦੇਂ। ਮੈਨੇ ਜਲਦੀ ਹੀ ਇੰਗਲੈਂਡ ਕੇ ਲੀਏ ਅਪਲਾਈ ਕਰਨਾ ਹੈ।"

"ਆਪ ਕੇ ਸਾਥ ਬਿਨਾਂ ਹਮਾਰਾ ਕਯਾ ਹੋਗਾ? ਹਮੇਂ ਤੋ ਕੋਈ ਜਾਣਤਾ ਭੀ ਨਹੀਂ।"

"ਆਪ ਜਾਏਂਗੇ ਤੋ ਜਾਨਨੇ ਲਗ ਜਾਏਂਗੇ।"

"ਜਿੰਦਰ ਜੀ, ਆਪ ਹਮਾਰੇ ਲੀਏ ਦਿੱਲੀ ਆ ਜਾਏਂ। ਕੋਈ ਕਾਨੂੰਨੀ ਬਾਤ ਹੋਗੀ-ਇਸੀ ਲੀਏ ਬੁਲਾਯਾ ਹੈ।"

"ਗੌਤਮ ਜੀ, ਮੈਂ ਨਹੀਂ ਆਊਂਗਾ। ਠੰਢ ਬਹੁਤ ਹੈ। ਦਿੱਲੀ ਦੂਰ ਹੈ। ਪਲੀਜ਼ ਮੇਰਾ ਪਾਸਪੋਰਟ ਲੇਕਰ ਜਲਦੀ ਵਾਪਸ ਭੇਜਦੇਂ।"

"ਏਕ ਬਾਰ ਫਿਰ ਸੋਚ ਲੋ।"

"ਇਟਸ ਮਾਈ ਫਾਈਨਲ ਡੀਸੀਜਨ।" ਮੈਂ ਫੋਨ ਕੱਟ ਦਿੱਤਾ।

ਗੌਤਮ ਨੇ ਅੱਧੇ ਘੰਟੇ ਬਾਅਦ ਦੱਸਿਆ ਕਿ ਉਹਨੇ ਮੇਰਾ ਪਾਸਪੋਰਟ ਵਾਪਸ ਲੈ ਲਿਆ ਹੈ ਤੇ ਉਹ ਸ਼ਾਮ ਨੂੰ ਮੈਨੂੰ ਕੋਰੀਅਰ ਕਰਵਾ ਦੇਵੇਗਾ। ਮੈਂ ਧੀਮਾਨ ਨੂੰ ਛੇੜਿਆ, "ਧੀਮਾਨ ਸਾਹਿਬ ਵਧਾਈਆਂ। ਹੁਣ ਕੱਛਿਆਂ 'ਚ ਨਾਲੇ ਪਾ ਲਉ।"

"ਤੁਹਾਨੂੰ ਵੀ ਵਧਾਈਆਂ। ਅਸੀਂ ਤਾਂ ਤੁਹਾਡੇ ਮਗਰ-ਮਗਰ ਜਾਣਾ ਐ।"

"ਪਰ ਮੈਨੂੰ ਤਾਂ ਵੀਜ਼ਾ ਨ੍ਹੀਂ ਮਿਲਿਆ।"

"ਕਿਉਂ ਮਜ਼ਾਕ ਕਰਦੇ ਹੋ।"



"ਸੱਚ ਕਹਿ ਰਿਹਾਂ।"

"ਮੈਂ ਨ੍ਹੀਂ ਮੰਨਦਾ। ਤੁਸੀਂ ਮੈਨੂੰ ਗੌਤਮ ਦਾ ਮੋਬਾਇਲ ਨੰਬਰ ਦਿਓ।"

ਮੈਂ ਉਹਨੂੰ ਗੌਤਮ ਦਾ ਮੋਬਾਇਲ ਨੰਬਰ ਲਿਖਵਾਇਆ ਤੇ ਆਪਣੇ ਆਪ ਨੂੰ ਭਾਰ ਮੁਕਤ ਹੋਇਆ ਸਮਝਿਆ। ਚਲੋ ਇਹ ਵੀ ਕਜਈਆ ਨਿਬੜਿਆ। ਮੈਂ ਸੰਗਮ ਪ੍ਰਕਾਸ਼ਨ ਲਈ ਦੋ ਪੁਸਤਕਾਂ ਸੰਪਾਦਤ ਕਰ ਰਿਹਾ ਸੀ। ਮੈਂ ਅਸ਼ੋਕ ਕੁਮਾਰ ਨੂੰ ਵੀਜ਼ਾ ਨਾ ਮਿਲਣ ਬਾਰੇ ਦੱਸਿਆ ਤਾਂ ਉਸ ਕਿਹਾ, "ਵੀਰ ਜੀ, ਇਹ ਕਿਵੇਂ ਹੋ ਗਿਆ? ਤੁਸੀਂ ਤਾਂ ਪਹਿਲਾਂ ਵੀ ਕਈ ਵਾਰ ਜਾ ਆਏ ਹੋ। ਫੇਰ ਜਿਸ ਕੋਲ ਅਮਰੀਕਾ ਦਾ ਦਸ ਸਾਲ ਦਾ ਵੀਜ਼ਾ ਹੋਵੇ ਉਹਨੂੰ ਤਾਂ ਕੋਈ ਵੀ ਦੇਸ਼ ਨਾਂਹ ਨ੍ਹੀਂ ਕਰਦਾ।"

ਗਿਆਰਾਂ ਕੁ ਵਜੇ ਇਸਲਾਮਾਬਾਦ ਤੋਂ ਮਲਿਕ ਮੇਹਰ ਅਲੀ ਦਾ ਫੋਨ ਆਇਆ, "ਸਲਾਮਾ ਲੇਕਮ। ਹੋਰ ਸਭ ਸੁਖ-ਖੈਰੀਅਤ ਏ।" ਮੈਂ ਵੀਜ਼ਾ ਨਾ ਮਿਲਣ ਬਾਰੇ ਦੱਸਿਆ ਤਾਂ ਮਲਿਕ ਮੇਹਰ ਅਲੀ ਨੇ ਕਿਹਾ, "ਜੀ, ਜੀ ਇਹ ਕੇਂਦਾਂ ਹੋ ਗਿਆ। ਤੁਸੀਂ ਆਣ ਦੀ ਤਿਆਰੀ ਕਰੋ। ਤੁਹਾਨੂੰ ਵੀਜ਼ਾ ਨਾ ਮਿਲੇ-ਇਹ ਤਾਂ ਅਸਾਡੀ ਇਨਸਲਟ ਹੋਈ ਏ ਨਾ। ਕੋਈ ਗੱਲ ਨਾ-ਮੈਂ ਹੁਣੇ ਸਾਹਿਬ ਕੋਲੋਂ ਫੋਨ ਕਰਵਾਣਾ...ਤੁਸੀਂ ਦਿੱਲੀ ਹੋ...ਪਰ ਇਕ ਦਿਨ ਰੁਕ ਜਾਣਾ ਸੀ...ਤੁਹਾਡਾ ਪਾਸਪੋਰਟ...ਦਿੱਲੀ ਗੌਤਮ ਹੋਰਾਂ ਕੋਲ ਏ ਨਾ।...ਉਹਨੂੰ ਕਹਿ ਦਿਓ...ਪਾਸਪੋਰਟ ਵਾਪਸ ਨਾ ਭੇਜਣ...ਤੁਹਾਨੂੰ ਵੀਜ਼ਾ ਮਿਲੇਗਾ...ਬਸ ਤੁਸੀਂ ਨਾਂਹ ਨਹੀਂ ਕਰਨੀ ਜੇ।"

ਮੈਂ ਰਜਾਈ ਦੀ ਬੁੱਕਲ ਮਾਰੀ ਤੇ ਪੜ੍ਹਨ 'ਚ ਰੁਝ ਗਿਆ। ਮਿਸਿਜ਼ ਬਿਆਸ ਗਏ ਸਨ। ਡੇਰਾ ਬਿਆਸ 'ਚ ਉਨ੍ਹਾਂ ਵੀਰਵਾਰ ਦੀ ਸੇਵਾ 'ਚ ਆਪਣਾ ਨਾਂ ਲਿਖਵਾਇਆ ਹੋਇਆ। ਜਦੋਂ ਮਿਸਿਜ਼ ਘਰ ਨਾ ਹੋਣ ਤਾਂ ਮੇਰੇ ਪੜ੍ਹਨ 'ਚ ਕੋਈ ਵਿਘਨ ਨਹੀਂ ਪੈਂਦਾ। ਮੇਰੀ ਜ਼ੁੰਮੇਵਾਰੀ ਆਪਣੇ ਬੇਟੇ ਸੈਫੀ ਤੇ ਉਸਦੇ ਨੌਕਰ ਲਈ ਚਾਹ ਬਣਾਉਣ ਦੀ ਹੁੰਦੀ ਹੈ। ਤਿੰਨ ਕੁ ਵਜੇ ਖ਼ਾਲਿਦ ਦਾ ਫੋਨ ਆਇਆ, "ਉਹ ਸਵੇਰ ਦੇ ਅੰਬੈਸੀ ਟੈਲੀਫੋਨ ਮਿਲਾ ਰਹੇ ਨੇ। ਮਿਲਦਾ ਨ੍ਹੀਂ ਪਿਆ। ਦੇਖਿਓ ਤੁਸੀਂ ਨਾਂਹ ਨਾ ਕਰੇਉ। ਤੁਸੀਂ ਆਉਣ ਦੀ ਤਿਆਰੀ ਕਰੋ। ਤੁਹਾਨੂੰ ਵੀਜ਼ਾ ਮਿਲੂਗਾ ਹੀ ਮਿਲੂਗਾ।" ਉਨ੍ਹਾਂ ਗੌਤਮ ਨੂੰ ਵੀ ਫੋਨ ਕਰ ਦਿੱਤਾ ਕਿ ਜਿੰਨਾ ਚਿਰ ਉਹ ਆਂਹਦੇ ਨਹੀਂ-ਜਿੰਦਰ ਨੂੰ ਪਾਸਪੋਰਟ ਵਾਪਸ ਨਹੀਂ ਭੇਜਣਾ... "ਅਸੀਂ ਸਾਰੇ ਤਾਂ ਕਿੰਨੇ ਦਿਨਾਂ ਦਾ ਤੁਹਾਡਾ ਇੰਤਜਾਰ ਕਰ ਰਹੇ ਹਾਂ- ਜੇ ਤੁਸੀਂ ਹੀ ਨਾ ਆਏ ਤਾਂ ਕੀ ਸੁਆਦ ਆਊਗਾ ਪ੍ਰੋਗਰਾਮ ਦਾ। ਯਾਰਾਂ ਬਿਨਾਂ ਕਾਹਦੀ ਈਦ। ਵੇਖਣਾ-ਹੁਣ ਨਾਂਹ ਨਾ ਕਰੇਉ।..." ਚਾਰ ਕਾ ਦਿਨ ਪਹਿਲਾਂ ਮਲਿਕ ਮੇਹਰ ਅਲੀ ਦਾ ਫੋਨ ਆਇਆ ਤਾਂ ਮੈਂ ਕਿਹਾ ਸੀ, "ਠੰਢ ਬਹੁਤ ਆ।" ਅੱਗੋਂ ਜੁਆਬ ਮਿਲਿਆ, "ਤੁਸੀਂ ਕੇਹੜਾ ਬਾਹਰ ਜਾਣਾ ਜੇ। ਆਪਣੇ ਘਰੇ ਆਣਾ।" ਉਸਦੀ ਐਨੀ ਗੱਲ ਨੇ ਹੀ ਮੈਨੂੰ ਭਾਵੁਕ ਕਰ ਦਿੱਤਾ ਸੀ।

ਧੀਮਾਨ ਦਾ ਫੋਨ ਸੀ, "ਤੁਸੀਂ ਸਾਡੇ ਨਾਲ ਧੋਖਾ ਕਰ ਗਏ।"

"ਇਹ ਤਾਂ ਅੰਬੈਸੀ ਵਾਲਿਆਂ ਦੀ ਮਰਜ਼ੀ ਆ।"

"ਆਹ ਜਿਹੜੀ ਤੁਸੀਂ ਆਪਣੇ ਦਫ਼ਤਰ ਦੇ ਪੁਰਾਣੀ ਆਈਕਾਰਡ ਦੀ ਫੋਟੋ ਕਾਪੀ ਲਾਈ ਸੀ ਨਾ-ਉਹਦੇ ਕਰਕੇ ਹੀ ਉਨ੍ਹਾਂ ਵੀਜ਼ਾ ਨ੍ਹੀਂ ਦਿੱਤਾ।"

"ਸੋਚਦੇ ਹੋਣੇ ਜਿਹੜਾ ਬੰਦਾ ਚਾਰ-ਪੰਜ ਵਾਰ ਇੰਗਲੈਂਡ, ਅਮਰੀਕਾ ਤੇ ਕੈਨੇਡਾ ਜਾ ਕੇ ਆਇਆ, ਉਹਨੇ ਇਸਲਾਮਾਬਾਦ ਦਾ ਕੀ ਦੇਖਣਾ।"

"ਤੁਸੀਂ ਤਾਂ ਪਹਿਲਾਂ ਹੀ ਕਈ ਵਾਰ ਪਾਕਿਸਤਾਨ ਗਏ ਹੋ। ਹੁਣ ਫੇਰ ਸਾਡਾ ਕੀ ਹੋਊਗਾ?"

"ਤੁਸੀਂ ਦੋਵੇਂ ਜਣੇ ਜਾਓ। ਖ਼ਾਲਿਦ ਬਹੁਤ ਪਿਆਰਾ ਦੋਸਤ ਆ। ਉਹਨੇ ਤੁਹਾਨੂੰ ਕਿਸੇ

ਗੱਲੋਂ ਔਖੇ ਨ੍ਹੀਂ ਹੋਣ ਦੇਣਾ।"

"ਸਾਨੂੰ ਤਾਂ ਕੋਈ ਜਾਣਦਾ ਨ੍ਹੀਂ। ਪੰਦਰਾਂ-ਵੀਹ ਹਜ਼ਾਰ ਪੁੱਟਣਾ।"

"ਤੁਸੀਂ ਜਾਉ-ਅੱਲ੍ਹਾ ਭਲੀ ਕਰੂਗਾ।" ਮੈਂ ਐਨਾ ਕਹਿ ਕੇ ਫੋਨ ਬੰਦ ਕਰ ਦਿੱਤਾ ਸੀ। ਮੈਨੂੰ ਪਤਾ ਸੀ ਕਿ ਧੀਮਾਨ ਦੀ ਸੋਚਾਂ ਦੀ ਲੜੀ ਇਕੋ ਨੁਕਤੇ 'ਤੇ ਅੜੀ ਖੜੀ ਸੀ।

ਸਵਾ ਕੁ ਚਾਰ ਵਜੇ ਫੇਰ ਮਲਿਕ ਮੇਹਰ ਅਲੀ ਦਾ ਫੋਨ ਆਇਆ, "ਅਸਾਡੀ ਵੀਜ਼ਾ ਕਾਉਂਸਲਰ ਇਸਹਾਰ ਆਸ਼ਮੀ ਨਾਲ ਗੱਲ ਹੋ ਗਈ ਏ...ਗੌਤਮ ਦਾ ਨੰਬਰ ਨਹੀਂ ਮਿਲ ਰਿਹਾ ਜੇ...ਉਹਨੂੰ ਕਹੋ ਕਿ ਉਹ ਹੁਣੇ ਹੀ ਅੰਬੈਸੀ ਚਲੇ ਜਾਣ...ਵੀਜ਼ਾ ਮਿਲ ਜਾਵੇਗਾ...ਹੁਣ ਤੁਸੀਂ ਨਾਂਹ ਨਾ ਕਰਿਆ ਜੇ।ਅਸਾਂ ਤਾਂ ਤੁਹਾਨੂੰ ਮਿਲਣਾ ਜੇ....ਤੁਹਾਨੂੰ ਕਿਹਾ ਸੀ ਨਾ ਵੀਜ਼ਾ ਮਿਲੇਗਾ...ਜੋ ਕੁਝ ਹੋਇਆ ਅਸਾਂ ਨੂੰ ਦਸ ਦਿਓ।"

ਗੈਸ 'ਤੇ ਰੱਖਿਆ ਚਾਹ ਵਾਲਾ ਪਾਣੀ ਉਬਾਲੇ ਮਾਰ ਰਿਹਾ ਸੀ ਕਿ ਮੋਬਾਇਲ ਦੀ ਫੇਰ ਘੰਟੀ ਵੱਜੀ, "ਹੈਲੋ ਜੀ...ਰਾਜਿੰਦਰ ਪਾਲ ਬੋਲ ਰਹੇ ਹੋ...ਜੀ...ਜੀ...ਹਰਜਿੰਦਰ ਪਾਲ। ਹਾਂ-ਜੀ...ਹਾਂ-ਜੀ...ਮੈਂ ਪਾਕਿਸਤਾਨ ਅੰਬੈਸੀ ਸੇ ਬੋਲ ਰਹਾਂ ਹੂੰ...ਆਪਣੇ ਬੰਦੇ ਸੇ ਕਹੋ ਆਪ ਕਾ ਪਾਸਪੋਰਟ ਲੈ ਕੇ ਆ ਜਾਏ... ਤੁਮੇਂ ਵੀਜ਼ਾ ਮਿਲ ਜਾਏਗਾ...ਜੀ-ਜੀ...ਛੇ ਵਜੇ ਤੱਕ ਮਿਲਾ ਜਾ ਸਕਤਾ...ਜਾਂ ਸਵੇਰ ਕੋ ਨੌਂ ਵਜੇ... ਯਹੀ ਅਭੀ ਜਾਏਂ ਤੋ ਯੇਹ ਨੰਬਰ ਨੋਟ ਕੀਜੀਏ...ਫਿਰ 202 ਕੀ ਐਕਸਟੈਨਸ਼ਨ ਮਾਂਗ ਲੇ... ਇਸਹਾਰ ਹਾਸ਼ਮੀ ਨੇ ਬੋਲਾ...ਯੇਹ ਬਤਾ ਦੇਂ... ਸੌਰੀ...ਹਮਾਰੇ ਸੇ ਗਲਤੀ ਹੋ ਗਈ।"

ਮੈਂ ਗੌਤਮ ਨੂੰ ਫੋਨ ਕੀਤਾ, "ਤੁਸੀਂ ਹੁਣੇ ਅੰਬੈਸੀ ਜਾ ਆਓ। ਦੋਸਤਾਂ ਦੀ ਜਿੱਤ ਹੋ ਗਈ ਆ।"

*ਮੋਬ-98148-03254*

* * *

*ਵਾਹਗਿਓਂ ਪਾਰ ਦੀ ਪੰਜਾਬੀ ਕਹਾਣੀ*

# ਜੀ. ਸੀ. ਓ. ਜੀ. ਸੀ.
# (ਗੌਰਮਿੰਟ ਕਾਲਜ ਲਾਹੌਰ ਦੇ ਨਾਂ)

*—ਅਫ਼ਜ਼ਲ ਤੌਸੀਫ਼*

ਗੌਰਮਿੰਟ ਕਾਲਜ ਲਾਹੌਰ ਦਾ ਇਕ ਸਦੀ ਪੂਰੀ ਹੋਈ। ਜੁਬਲੀ ਉੱਤੇ ਪੁਰਾਣੇ ਤਾਲਬ-ਇਲਮ ਦੂਰੋਂ ਨੇੜਿਓਂ ਸੱਦੇ ਗਏ। ਭਾਰਤ ਤੋਂ ਲੈ ਕੇ ਅਮਰੀਕਾ ਕੈਨੇਡਾ ਤਾਈਂ, ਸਾਰੇ ਪਾਸੇ ਪੁਰਾਣੇ "ਰਾਵੀਅਨ" ਖਿੰਡੇ ਪਏ ਨੇ। ਉੱਨ੍ਹੀਵੀਂ ਸਦੀ ਵਿਚ ਕਾਇਮ ਕੀਤੇ ਜਾਣ ਵਾਲੇ ਏਸ ਕਾਲਜ ਨੇ ਆਪਣੀ ਸ਼ਾਨਦਾਰ ਰੀਤ-ਰਵਾਇਤ ਬਣਾਈ। ਸਦੀ ਪੂਰੀ ਹੁੰਦੇ ਹੁੰਦੇ ਹਜ਼ਾਰਾਂ ਵਿਦਿਆਰਥੀ ਆਪਣੇ ਖਾਸ ਰੰਗ ਨਾਲ ਸਜਾ ਕੇ ਦੁਨੀਆਂ ਵਿਚ ਭੇਜੇ ਗਏ। ਵਧੀਆ ਅੰਗੇਜ਼ੀ, ਚੰਗਾ ਵਿਚਾਰ? ਉਨਾਬੀ ਰੰਗ ਦਾ ਬਲੇਜ਼ਰ Courage to learn ਸਿਖਣ ਦਾ ਹੌਂਸਲਾ ਤੇ ਮਿਸ਼ਾਲ ਵਾਲਾ ਮਾਟੋ। ਫੇਰ ਵੀ ਡਾਰੋਂ ਵਿਛੜ ਕੇ ਕੱਲਾ ਕੱਲਾ ਕਿੱਥੇ ਖਲੋਵੇ। ਦੁਨੀਆਂ ਦੀ ਭੀੜ ਵਿਚ ਕੋਈ ਕਿਤੇ, ਕੋਈ ਕਿਤੇ ਗਵਾਚ ਗਿਆ।

ਹੁਣ ਜਦੋਂ ਵੀਹਵੀਂ ਸਦੀ ਵਿਚ ਆ ਕੇ ਕਾਲਜ ਨੇ ਆਪਣੇ ਗੋਦੀ ਖਿਡਾਏ ਬੱਚਿਆਂ ਨੂੰ ਹਾਕ ਮਾਰੀ ਤਾਂ ਪਤਾ ਲੱਗਾ ਬੱਚੇ ਅੱਗੋਂ ਆਪ ਬੱਚਿਆਂ ਦੇ ਬਾਬੇ ਬਣ ਚੁੱਕੇ ਸਨ। "ਆਓ ਰਲ ਕੇ



ਜਸ਼ਨ ਕਰੀਏ" ਹੋਕਾ ਸਾਰੇ ਫੈਲ ਗਿਆ। ਉਂਝ ਸਾਰਿਆਂ ਦੇ ਨਾਂ ਰਜਿਸਟਰਾਂ ਵਿੱਚ ਲਿਖੇ ਪਏ ਸੀ। ਉਹ ਨਾਂ ਜੋ ਏਥੇ ਦਾਖਲ ਹੋਣ ਆਏ ਸੀ। ਕੇਹੇ ਸ਼ਰਮਾਕਲ ਜੇਹੇ ਅਧੂਰੇ ਜੇਹੇ ਕੁੜੀਆਂ ਮੁੰਡੇ ਸਨ। ਪਰ ਜਦੋਂ ਪੂਰੇ "ਰਾਵੀਅਨ" ਬਣ ਕੇ ਨਿਕਲੇ ਤਾਂ ਉਹਨਾਂ ਦੇ ਸਿਰ ਇਤਬਾਰ ਭਰੇ ਸੁਪਨਿਆਂ ਨਾਲ ਲੱਦੇ ਹੋਏ ਸਨ। ਆਪਣੇ ਜੀ.ਸੀ. (G.C) ਦਾ ਜਸ਼ਨ ਮਨਾਉਣ ਵਾਸਤੇ ਬਹੁਤ ਸਾਰੇ ਲੋਕ ਆਏ। ਅਜੀਬ ਅਜੀਬ ਹਾਲਤਾਂ ਪਰ ਸਾਰੇ ਕਿੱਥੇ। ਪੁਰਾਣੇ ਰਜਿਸਟਰਾਂ ਅੰਦਰ ਕੁਝ ਨਾ ਉਹਨਾਂ ਜਵਾਨਾਂ ਦੇ ਵੀ ਸਨ, ਜਿਨ੍ਹਾਂ ਦੀਆਂ ਕਬਰਾਂ ਉੱਤੇ ਲੰਮੀ ਲੰਮੀ ਘਾਹ ਉੱਗ ਖਲੋਤੀ ਏ। ਕੁਝ ਉਹ ਜਿਨ੍ਹਾਂ ਦੇ ਬਦਨ ਦੀ ਰਾਖ਼ ਦਰਿਆਵਾਂ ਰਾਹੀਂ ਸਮੁੰਦਰਾਂ ਦੇ ਢਿੱਡ ਤੋੜੀ ਜਾ ਚੁੱਕੀ ਸੀ। ਰਾਵੀ ਝਨਾਂ ਤੋਂ ਲੈ ਕੇ ਗੰਗਾ ਜਮਨਾ ਤੋੜੀ ਪੰਜਾਬ ਦਾ ਹਿੰਦੂ ਸਿੱਖ ਸਿਵੇ ਦੀ ਸਵਾਹ ਦਰਿਆ ਵਿਚ ਰੋੜ੍ਹਦੇ ਨੇ, ਪਰ ਜਦੋਂ ਕੋਈ ਰਾਵੀ ਪਰੇ ਤਾਂ ਉਹਦੀ ਇੱਛਾ ਰਾਵੀ ਦਰਿਆ ਦੀਆਂ ਲਹਿਰਾਂ ਨਾਲ ਨੱਚਣ ਦੀ ਹੁੰਦੀ ਏ।

ਸੌ ਸਾਲਾ ਜਸ਼ਨ ਦੀ ਤਿਆਰੀ ਲਈ ਪੁਰਾਣੇ ਰਜਿਸਟਰ ਖੁੱਲੇ ਤਾਂ ਪਤਾ ਚੱਲਿਆ। ਸ਼ੁਰੂ ਤੋਂ ਜੀ.ਸੀ. (G.C) ਅੰਦਰ ਦਾਖਲ ਹੋਣ ਵਾਲੇ ਬਹੁਤੇ ਵਿਦਿਆਰਥੀ ਤਾਂ ਹਿੰਦੂ-ਸਿੱਖ ਹੋਇਆ ਕਰਦੇ ਸੀ। ਉਨ੍ਹਾਂ ਵਿੱਚੋਂ ਜੋ ਜੀਊਂਦੇ ਸਨ, ਉਹ 1947 ਵਿਚ ਮਾਈਗਰੇਟ ਹੋਕਰ (ਛੱਡ ਕੇ ਚਲੇ ਗਏ) ਕਿੱਥੇ ਕਿੱਥੇ ਜਾ ਵੱਸੇ, ਕੋਈ ਪਤਾ ਨਹੀਂ। ਪਰ ਉਹਨਾਂ ਦੇ ਪੁਰਾਣੇ ਪਤੇ ਰਜਿਸਟਰਾਂ ਅੰਦਰ ਲਿਖੇ ਪਏ ਸਨ ਤੇ ਅਜੇ ਵੀ ਸੁਰੱਖਿਅਤ ਸਨ। ਹੈਰਾਨੀ ਦੀ ਗੱਲ ਏ ਏਥੇ ਐਸੇ ਸ਼ਹਿਰਾਂ ਦੀਆਂ ਜਾਣੀਆਂ ਪਛਾਣੀਆਂ ਗਲੀਆਂ ਵਿਚ ਉਹਨਾਂ ਦੇ ਘਰ ਸੀਗੇ। ਬਥੇਰੇ ਮਕਾਨ ਹਾਲੇ ਤਾਈਂ, ਉਸੇ ਤਰ੍ਹਾਂ ਖੜੇ ਨੇ। ਕਈਆਂ ਦੇ ਮੱਥੇ ਉੱਤੇ ਨਾਂ ਵੀ ਲਿਖੇ ਹੋਏ ਰਹਿ ਗਏ। ਸੀਮਿੰਟ ਵਿਚ ਜੰਮ ਕੇ ਪੱਕੇ ਹੋ ਗਏ। ਪਰ ਸ਼ਹਿਰ ਦੇ ਚੇਤੇ ਵਾਲੀ ਕੰਧ ਤੋਂ ਧੋਤੇ ਗਏ। ਹੁਣ ਖਬਰੇ ਕੇਡੇ ਯਤਨਾਂ ਨਾਲ ਉਹਨਾਂ ਦੇ ਨਵੇਂ ਪਤੇ ਲੱਭੇ ਗਏ ਹੋਣਗੇ। ਅਖਬਾਰਾਂ ਰਾਹੀਂ ਜੁਬਲੀ ਦੀ ਵਿਆਖਿਆ ਵੀ ਚੰਗੀ ਹੋ ਗਈ। ਪੁਰਾਣੇ ਵਿਦਿਆਰਥੀ ਦੂਰੋਂ ਦੂਰੋਂ ਬੜੇ ਚਾਵਾਂ ਨਾਲ ਆਏ।

ਉੱਚੇ ਉੱਚੇ ਇਤਿਹਾਸਕ ਮੀਨਾਰਾਂ ਵਾਲਾ ਗੌਰਮਿੰਟ ਕਾਲਜ ਉਸ ਦਿਨ ਬੜਾ ਹੀ ਭੇਤਾਂ-ਭਰਿਆ ਲੱਗਾ। ਜਦੋਂ ਪੂਰੀ ਦੁਨੀਆਂ ਤੋਂ ਚਿੱਟੇ ਸਿਰਾਂ ਵਾਲੇ ਤੇ ਐਨਕਾਂ ਵਾਲੇ ਓਲਡ ਵਿਦ੍ਿਆਰਥੀ ਏਥੇ ਆ ਕੇ ਉੱਤਰੇ। ਹੁਣ ਉਹ ਸਾਰੇ ਆਪਣੇ ਨਾਲ ਬੜਾ ਕੁਝ ਅਨੋਖਾ ਤੇ ਵੱਖਰਾ ਲੈ ਕੇ ਆਏ ਸਨ। ਪਰ ਇੱਕ ਸ਼ੈਅ ਇਕੋ ਜੇਹੀ ਸੀ। ਸਾਰੇ ਰਾਵੀਅਨ ਸਨ। ਕੌਣ ਕੌਣ ਸੀ? ਇੱਕ ਸੋਹਣਾ (Graceful) ਬੁੱਢਾ ਬਾਬਾ ਕਾਲਜ ਕਲਰ ਲਾ ਕੇ, ਕੋਟ ਤੇ ਟਾਈ ਲਾਈ, ਪਰ ਅੱਖਾਂ ਤੋਂ ਅੰਨ੍ਹਾ ਸੀ, ਉਮਰ ਅੱਸੀ ਕੁ ਵਰ੍ਹੇ ਹੋਣੀ ਐ। ਉਹ ਵੀ ਕਾਲਜ ਦਾ ਪਹਿਲਾ ਵਿਦਿਆਰਥੀ ਤੇ ਨਹੀਂ ਸੀ ਪਰ ਸਾਇੰਸ ਵਿਭਾਗ ਦਾ ਇੱਕ ਤਾਰਾ ਏਥੋਂ ਐਫ.ਸੀ ਕਰਕੇ ਡਾਕਟਰ ਬਣਿਆ ਸੀ। ਉਹਨੇ ਕਾਲਜ ਗੇਟ ਤੇ ਆ ਕੇ ਹੱਥ ਜੋੜ ਦਿੱਤੇ। ਝੁਕ ਕੇ ਆਪਣੀ ਮਾਂ ਵਰਗੀ ਦਰਸਗਾਹ ਦੀ ਸਰਦਲ ਨੂੰ ਪ੍ਰਨਾਮ ਕੀਤਾ। ਮਹਿਮਾਨਾਂ ਵਾਲੀ ਕਿਤਾਬ ਉਤੇ ਦਸਤਖਤ ਕਰਨ ਤੋਂ ਪਹਿਲਾਂ ਉਹਨੇ ਇਕ ਅਮਰ ਵਾਕ ਲਿਖਿਆ, "ਮੇਰੇ ਕਾਲਜ ਮੈਂ ਤੇਰੇ ਮੀਨਾਰਾਂ ਨੂੰ ਸਲਾਮ ਕਰਦਾ ਹਾਂ।"

ਬਲਰਾਜ ਸਾਹਨੀ ਤਾਂ ਫਨਕਾਰ ਸੀ। ਉਸ ਦੀ ਫਲਕਾਰੀ ਸਾਰੀ ਦੀ ਸਾਰੀ ਤਕਰੀਰ ਵਿਚ ਉੱਤਰ ਗਈ। ਉਹਨੇ ਪੁਰਾਣੇ ਵੇਲਿਆਂ ਨੂੰ ਆਵਾਜ਼ ਦਿੱਤੀ। ਉਸ ਦੁਖਾਂਤ ਵੱਲ ਇਸ਼ਾਰਾ ਕੀਤਾ ਜੋ ਲੋਕਾਂ ਨੂੰ ਵਤਨੋਂ ਬੇਵਤਨੋਂ ਕਰ ਛੱਡਦੀਏ। ਉਹ ਆਪ ਜਜ਼ਬਾਤੀ ਸੀ, ਸਾਰਾ ਹਾਲ ਏਸ ਤਰ੍ਹਾਂ,

ਉਹਨਾਂ ਪੁਰਾਣੇ ਦਰੱਖਤ ਪਛਾਣੇ ਤੇ ਝੁਕ ਝੁਕ ਸਲਾਮ ਕੀਤੀ। ਸਕਾਲਰਗਾਰਡਨ ਅੱਗੇ ਆ ਕੇ ਤਾਂ ਹਰ ਕਿਸੇ ਦੀਆਂ ਅੱਖਾਂ ਭਰ ਆਈਆਂ। ਯਾਦਾਂ ਦਾ ਇੱਕ ਮੇਲਾ ਹਰ ਕਿਸੇ ਦੇ ਦਿਲ ਵਿਚ ਤੇ ਅੱਖਾਂ ਵਿਚ ਲੱਗਿਆ ਹੋਇਆ ਸੀ। ਆਪ ਕਾਲਜ ਦੀਆਂ ਕੰਧਾਂ ਉੱਤੇ ਹਰ ਕਿਸੇ ਲਈ ਇੱਕ ਵੱਖਰੀ ਫਿਲਮ ਚੱਲ ਰਹੀ ਸੀ। ਹਰ ਇੱਕ ਜੀਵਨ ਦੀ ਉਹ ਬਹੁਤ ਚਮਕੀਲੀ ਸਵੇਰ ਸੀ, ਜਦੋਂ ਹੱਥਾਂ ਵਿਚ ਦਾਖਲੇ ਦੇ ਫਾਰਮ ਤੇ ਦਿਲ ਵਿਚ ਆਸਾਂ ਦੇ ਫੁੱਲ ਲੈ ਕੇ ਆਏ ਸਨ। ਜੀ.ਸੀ. G.C. ਵਿਚ ਦਾਖਲਾ। ਫੇਰ ਉਹ ਜ਼ਮਾਨੇ ਜੋ ਏਥੇ ਗੁਜ਼ਰੇ, ਉਹ ਜਲਸੇ, ਉਹ ਖੇਡਾਂ, ਉਹ ਮੁਕਾਬਲੇ, ਉਹ ਦੋਸਤੀਆਂ ਜੋ ਏਥੇ ਪੱਕੀਆਂ ਹੋਈਆਂ। ਫੇਰ ਉਹ ਦਿਨ ਖਵਾਬ ਵਰਗਾ ਜਦੋਂ ਗ਼ਰੂਰ ਨਾਲ ਸਿਰ ਉੱਚਾ ਕਰ ਕੇ, ਕਾਲਾ ਗਾਊਨ ਪਾ ਕੇ ਕਨਵੋਕੇਸ਼ਨ ਦਾ ਜਲੂਸ ਟੁੱਟਿਆ। ਰਖ਼ਸਤੀ ਦਾ ਦਿਨ, ਅਲਵਿਦਾਈ ਪਾਰਟੀ। ਸ਼ਾਮ ਦੇ ਉਦਾਸ ਜੇਹੇ ਰੰਗ। ਆਖਰੀ ਗਰੁੱਪ ਫੋਟੋ। ਸ਼ਾਮ ਦਾ ਉਹ ਦਾ ਰੰਗ। ਹਰ ਕਿਸੇ ਦਾ ਪ੍ਰਭਾਵ ਏਨਾ ਈ ਸੀ। ਪਰ ਜੇ.ਸੀ. ਦੇ ਭੇਤ। ਉਹਦੇ ਸਲੋਪ, ਲਾਨ, ਘਾਟੀਆ ਕਲਾਸ ਰੂਮ। ਪੌੜੀਆਂ ਤੇ ਮੁਨਾਰੇ! ਉਹ ਨਾ ਅਣਮਿੱਟ ਜੇਹੇ ਸੌਂਧੀ ਪੁਤਰਸ,...ਸਰਾਜ.... ਕੇਹੇ ਲੀਜਿੰਡ।

ਨਵੇਂ ਰਾਵੀਨਜ਼ ਨੇ ਪੁਰਾਣੇ ਕੋਲੋਂ ਪੁਰਾਣੇ ਵੇਲਿਆਂ ਦੀਆਂ ਗੱਲਾਂ ਸੁਣੀਆਂ। ਬੜੀਆਂ ਨਵੀਆਂ ਗੱਲਾਂ। ਹੈਰਾਨੀ ਨਾਲ ਉਹਨਾਂ ਨਵੇਂ ਸਿਰੇ ਤੋਂ ਕਾਲਜ ਦੀਆਂ ਕੰਧਾਂ ਵੱਲ ਤੱਕਿਆ। ਕੀ ਉਹੋ ਥਾਂ ਸੀ? (The face is this) ਜਿੱਥੇ ਸ਼ਹਿਰੇ-ਯਾਰਾਂ ਦੀਆਂ ਸ਼ਹਿਰ-ਜ਼ਾਦੀਆਂ ਰਹਿੰਦੀਆਂ ਸੀ? ਹਜ਼ਾਰਾਂ ਦਾਸਤਾਨ ਦੀ ਦੁਨੀਆਂ! ਕੀ ਸੱਚੀ ਮੁੱਚੀ ਏਸ ਇਮਾਰਤ ਦੀ ਇੱਟ ਇੱਟ ਨਾਲ ਯਾਦਾਂ ਦੀਆਂ ਪਰੀਆਂ ਸਿਰ ਟਿਕਾਈ ਖੜੀਆਂ?

ਜੋ ਕੱਲ ਸੀ- ਉਹ ਅੱਜ ਨਹੀਂ, ਜੋ ਅੱਜ, ਉਹ ਕੱਲ ਨੂੰ ਕਿੱਥੇ! ਪਰ ਸਾਰਿਆਂ ਲਈ ਜੋ ਵਿਛੜ ਕੇ ਮਿਲੇ। ਅੱਜ ਦੇ ਦਿਨ ਬੜਾ ਕੁਝ ਸੀ। ਕਈ ਸਾਥੀ ਮਿਲੇ। ਕਈ ਵਾਕਫ, ਕਲਾਸਫੈਲੋ, ਹੋਸਟਲ ਦੇ ਰੂਮ-ਮੇਟ, ਕਿਤਾਬਾਂ ਦੇ ਕੀੜੇ। ਕਈ ਪੁਰਾਣੇ ਰਕੀਬ, ਜੱਫੀ ਪਾ ਕੇ ਮਿਲੇ। ਹੁਣ ਕਾਹਦੀ ਦੁਸ਼ਮਣੀ! ਸਾਰੇ ਇਕੋ ਜੇਹੇ ਹੋ ਚੁੱਕੇ ਸਨ। ਉੱਲਡ ਬੁਆਏਜ਼ (ਪੁਰਾਣੇ ਵਿਦਿਆਰਥੀ, ਹੁਣ ਇੱਕ ਦੂਜੇ ਦੇ ਬੁੱਢੇ ਚਿਹਰੇ ਉੱਤੇ ਜਵਾਨ ਅੱਖਾਂ ਦੀ ਉਹ ਚਮਕ ਸੀ। ਜੋ ਵੇਲੇ ਦੀ ਧੁੰਦ ਵਿਚ ਕਿਤੇ ਗਵਾਚ ਚੁੱਕੇ ਸੀ। ਹੁਣ ਇਹਨਾਂ ਯਾਦਾਂ ਦਾ ਖਜ਼ਾਨਾ ਹਰ ਕਿਸੇ ਦਾ ਆਪਣਾ ਆਪਣਾ। ਹੁਣ ਉਸ ਖਜ਼ਾਨੇ ਦੀ ਵੰਡ ਦਾ ਵੇਲਾ ਸੀ। ਪਰ ਵੇਲਾ ਬਹੁੰ ਤਿੱਖਾ ਤੰਗ ਤੇ ਸ਼ਿਕਾਰੀ ਵਾਂਗ ਹਰ ਕਿਸੇ ਦੇ ਪਿੱਛੋਂ ਨੱਸ ਰਿਹਾ ਸੀ, ਵੀਜ਼ਾ ਤਾਂ ਇੱਕ ਦਿਨ ਦਾ ਮਿਲਿਆ ਸੀ, ਪਰ ਜੁਬਲੀ ਦੇ ਪ੍ਰੋਗਰਾਮ ਲੰਮੇ ਚੌੜੇ।

"ਫੁਰਸਤ ਕਹਾ ਕਿ ਤੇਰੀ ਤਮੰਨਾ ਕਰੇ ਕੋਈ" ਉਹ ਸਾਰੇ ਹੀ ਨਿੱਕੇ ਨਿੱਕੇ ਨਿਆਣੇ ਜਹੇ ਬਣ ਗਏ। ਚੋਰੀ ਚੋਰੀ ਬਾਹਰ ਨਿਕਲਣ ਦਾ ਯਤਨ ਕਰਨ ਲੱਗੇ। ਕਾਲਜ ਦੀਆਂ ਹੱਦਾਂ ਅੰਦਰ ਹੀ ਰਹਿਣ ਦੀ ਪਾਬੰਦੀ ਜੋ ਸੀ। ਉਹਨਾਂ ਸਾਰਿਆਂ ਉੱਤੇ ਜੋ ਏਸੇ ਸ਼ਹਿਰ ਦੀਆਂ ਗਲੀਆਂ ਵਿਚ ਖੇਡਦੇ ਰਹੇ ਸੀ। ਹੁਣ ਉਹ ਸਾਰੇ ਗੈਰ-ਮੁਲਕੀ ਬਣ ਚੁੱਕੇ ਸੀ ਨਾ। ਆਪਣੀ ਜੰਮਣ-ਭੋਂ ਵਿੱਚ ਪ੍ਰਦੇਸੀ! ਵੇਲਾ ਬੜਾ ਚੰਡਾਲ ਏ। ਹਕੂਮਤਾਂ ਦੇ ਆਪਣੇ ਮਾਮਲੇ। ਸਾਰੇ ਮਾਮਲੇ ਮਸ਼ੀਨੀ ਜੇਹੇ। ਖਬਰੇ ਕੀ ਲੁਕਾਉਣਾ ਚਾਹੁੰਦੀਆਂ ਨੇ ਲੋਕਾਂ ਕੋਲੋਂ, ਉਹਨਾ ਸਾਰਿਆਂ ਕੋਲੋਂ, ਜੋ ਹਜ਼ਾਰ ਵਾਰੀ ਕਲਪਣਾ ਦੀ ਅੱਖ ਨਾਲ ਸ਼ਹਿਰ ਵੇਖ ਚੁੱਕੇ ਸੀ। ਗਲੀ ਗਲੀ ਕੂਚਾ ਕੂਚਾ ਪਛਾਣਦੇ ਸੀ। ਉਹਨਾਂ



ਅੱਗੇ ਪਾਬੰਦੀ ਦੀ ਜ਼ੰਜੀਰ? ਪਰ ਦਿਲ ਦਾ ਜ਼ੋਰ ਬੜਾ ਮੂੰਹ ਜ਼ੋਰ ਨਿਕਲਿਆ। ਕਿਵੇਂ ਹੋ ਸਕਦਾ ਸੀ ਕਿ ਮੁੱਦਤਾਂ ਪਿੱਛੋਂ ਕੋਈ ਲਾਹੌਰ ਆਵੇ ਤੇ ਅਨਾਰ-ਕਲੀ ਨਾ ਜਾਵੇ। ਮਾਲ-ਰੋਡ ਦਾ ਚੱਕਰ ਨਾ ਲਾਵੇ। ਸੋ ਗੌਰਮਿੰਟ ਕਾਲਜ ਦੇ ਪੁਰਾਣੇ ਵਿਦਿਆਰਥੀ, ਵਿਹਲ ਦੇ ਮਿਲਦੇ ਪਹਿਲੇ ਪਲ ਦੀ ਉਡੀਕ ਕੀਤੇ ਬਗੈਰ ਅਨਾਰ-ਕਲੀ ਜਾ ਨਿਕਲੇ। ਖਰੀਦਣ ਤਾਂ ਕੀ ਸੀ! ਆਪਣੀਆਂ ਖੂਬਸੂਰਤ ਜਵਾਨੀਆਂ ਲੱਭਦੇ ਫਿਰੇ।

ਕਿੱਥੇ ਗਈਆਂ ਉਹ ਪਰੀਆਂ? ਸੱਜੀਆਂ ਸਕਰੀਆਂ ਟੋਲੀਆਂ ਬਣ ਕੇ ਫਿਰਦੀਆਂ ਉਹਨਾਂ ਦੀਆਂ ਵੀ ਕਈ ਕਿਸਮਾਂ ਹੁੰਦੀਆਂ ਸਨ। ਸੁਨਹਿਰੀ, ਪਿਆਜ਼ੀ ਰੰਗ ਦੀਆਂ ਹਿੰਦੂ-ਸਿੱਖ ਕੁੜੀਆਂ ਸੈਂਡਲ ਪਾਈ, ਮੋਰਨੀ ਦੀ ਚਾਲ ਚੱਲਦੀਆਂ। ਗੋਰੀਆਂ ਗੁਲਾਬੀ ਜਵਾਨੀਆਂ ਸਕਰਟ ਸਾਏ ਵਿਚ ਖਾਲਸ ਅੰਗਰੇਜਣੀਆਂ ਜਾਂ ਨਿਖਾਲਸ ਐਂਗਲੋ ਇੰਡੀਅਨ ਮਿਸੀ. ਬਾਬਾ ਲੋਕ।...ਕੋਈ ਕੋਈ ਕਿਤੇ ਕਿਤੇ ਤੁਰਕੀ ਬੁਰਕਿਆਂ ਵਿਚ ਅੱਖਾਂ ਮਟਕਾਉਂਦੀਆਂ, ਮੁਸਲਮਾਨ ਕੁੜੀਆਂ ਜਿਹਨਾਂ ਦੇ ਰੰਗ ਰੂਪ ਉਹਨਾਂ ਦੇ ਕਜ਼ਨ ਹੀ ਵੇਖ ਸਕਦੇ ਸੀ। ਕੋਈ ਅਸਮਤ ਆਰਾ, ਕੋਈ ਮੁਮਤਾਜ਼ ਬੇਗਮ। ਪਰ ਹੁਣ ਸਾਰੀਆਂ ਤੇ ਬਹੁਤ ਸਾਰੀਆਂ ਮੁਸਲਮਾਨ ਕੁੜੀਆਂ ਸਲਵਾਰ ਕਮੀਜ਼, ਗਲ ਵਿਚ ਦੁਪੱਟੇ, ਮੂੰਹ ਨੰਗਾ, ਹੇੜਾਂ ਦੀਆਂ ਹੇੜਾਂ ਫਿਰਦੀਆਂ ਦਿਸੀਆਂ। ਕਿੱਥੇ ਗਈਆਂ ਉਹ ਆਪਣੀਆਂ ਪ੍ਰੀਤੀ, ਮੋਹਿਨਾ, ਓਫੀਆ ਤੇ ਪ੍ਰੇਮਾ ਵਰਗੀਆਂ?

ਬਖ਼ਸ਼ੀ ਸਾਨਿਆਲ ਹੈਰਾਨ ਹੁੰਦਾ ਰਿਹਾ। ਉਹ ਲੰਡਨ ਆਪੇ ਆਪਣੇ ਤੋਂ ਜੀ.ਸੀ. (ਕਾਲਜ) ਦੇ ਸਮਾਗਮ ਉੱਤੇ ਆਇਆ ਸੀ। ਆਪਣੇ ਵੇਲੇ ਦਾ ਲੰਮਾ ਤੇ ਸੁੰਦਰ ਮਸ਼ਹੂਰ ਹੋਇਆ। ਰੱਜ ਕੇ ਅਮੀਰ ਘਰ ਦਾ। ਰਾਏ ਬਹਾਦਰ ਬਖ਼ਸ਼ੀ ਚੇਤ ਰਾਮ ਬੈਰਿਸਟਰ ਦਾ ਪੋਤਾ। ਬੜੀ ਵੱਡੀ ਜ਼ਿਮੀਂਦਾਰੀ ਦੇ ਨਾਲ, ਬਰਫ ਦੇ ਕਾਰਖਾਨੇ ਤੇ ਹੋਰ ਖਬਰੇ ਕੀ ਕੀ। ਉਹਦਾ ਪਤਾ ਜੁਬਲੀ ਕਮੇਟੀ ਨੂੰ ਕਿਧਰੋਂ ਨਹੀਂ ਸੀ ਮਿਲਿਆ। ਕਿਸੇ ਉਸ ਦੇ ਜਮਾਤੀ ਨੂੰ ਪਤਾ ਨਹੀਂ ਸੀ ਉਹ ਕਿੱਥੇ ਰਹਿੰਦਾ। ਖ਼ੈਰ ਜਦੋਂ ਜਸ਼ਨ ਦੀ ਤਿਆਰੀ ਜ਼ੋਰਾਂ ਤੇ ਆਈ ਤਾਂ ਇਕ ਮੈਲਾ ਕੇ ਮਾੜਾ ਜਿਹਾ ਬਾਬਾ ਚੇਅਰਮੈਨ ਜਸ਼ਨ ਕਮੇਟੀ ਕੋਲ ਆਇਆ "ਸਾਹਿਬ ਜੀ, ਤੁਸੀਂ ਏਸ ਕਾਲਜ ਦੇ ਪੁਰਾਣੇ ਪੜ੍ਹੇ ਹੋਏ ਮੁੰਡਿਆਂ ਨੂੰ ਸੱਦ ਰਹੇ ਹੋ। ਸਾਡੇ ਛੋਟੇ ਸਾਹਿਬ ਨੂੰ ਵੀ ਕਾਰਡ ਪਾਓ। ਉਹਨਾਂ ਦਾ ਪਤਾ ਉਹਨੇ ਇੱਕ ਲਿਫਾਫ਼ਾ ਅੱਗੇ ਕੀਤਾ। ਖ਼ਤ ਲੰਡਨ ਤੋਂ ਪਾਕਿਸਤਾਨ ਦੇ ਕਿਸੇ ਗੁਲਾਮ ਰਸੂਲ ਦੇ ਨਾਂ ਲਿਖਿਆ ਗਿਆ ਸੀ। ਲਿਫਾਫੇ ਦੇ ਪਾਸੇ ਲੰਡਨ ਦਾ ਪਤਾ ਭੇਜਣ ਵਾਲੇ ਦਾ ਨਾਂ ਸੀ। ਪਰ ਲਿਫਾਫ਼ੇ ਦੇ ਕੋਨੇ ਉੱਤੇ ਹੋਰ ਲੈਟਰਪੈਡ Ravion ਪ੍ਰਿੰਟ ਹੋਇਆ ਸੀ। "ਇਹ ਕੌਣ ਨੇ, ਤੁਹਾਡੇ ਕੀ ਲੱਗਦੇ ਨੇ?" ਚੇਅਰਮੈਨ ਦੇ ਪੁੱਛਣ ਤੇ ਬਜ਼ੁਰਗ ਨੇ ਦੱਸਿਆ। "ਇਹ ਸਾਡੇ ਨਿੱਕੇ ਸਾਹਿਬ ਨੇ। ਬਖ਼ਸ਼ੀ ਸਾਨਿਆਲ ਸਾਹਿਬ ਸਾਨਿਆਲ ਦੇ ਪੁੱਤਰ। ਤੁਸੀਂ ਇਹਨਾਂ ਨੂੰ ਜ਼ਰੂਰ ਬੁਲਾਓ। ਲਾਹੌਰ ਨੂੰ ਬੜਾ ਯਾਦ ਕਰਦੇ ਨੇ। ਇਸ ਬਹਾਨੇ ਆਪਣੀ ਕੋਠੀ ਵੀ ਵੇਖ ਜਾਣਗੇ। ਮੈਂ ਵੀ ਉਹਨਾਂ ਨੂੰ ਮਿਲ ਲਵਾਂਗਾ। ਜ਼ਿੰਦਗੀ ਦਾ ਕੀ ਭਰੋਸਾ।"

ਪਤਾ ਲੱਗਾ ਉਹ ਬਾਬਾ, ਬਖ਼ਸ਼ੀ ਖਾਨਦਾਰ ਦਾ ਪੁਰਾਣਾ ਨੌਕਰ ਸੀ, ਅੱਜ ਤਾਈਂ ਉਹਨਾਂ ਨੂੰ ਭੁੱਲ ਨਹੀਂ ਸਕਿਆ। ਸਗੋਂ ਖਤੋ-ਕਿਤਾਬਤ ਵੀ ਰੱਖੀ ਹੋਈ ਹੈ ਤਾਹੀਓਂ ਤਾਂ ਉਹ ਖਤ ਲੈ ਕੇ ਆਇਆ ਸੀ। ਜਿਸਨੇ ਸਾਨਿਆਲ ਬਖ਼ਸ਼ੀ ਦਾ ਪੂਰਾ ਪਤਾ ਲਿਖਿਆ ਹੋਇਆ ਸੀ। ਓਹੋ ਸਾਨਿਆਲ ਬਖ਼ਸ਼ੀ ਜਿਸ ਦਾ ਨਾਂ ਕਾਲਜ ਦੇ ਰੋਲਆਫ ਆਨਰਜ਼ ਤੇ ਦਰਜ ਸੀ ਤੇ ਰਜਿਸਟਰ ਵਿਚ ਲਾਹੌਰ ਦਾ

ਪਤਾ ਸੀ। ਪਰ ਵੰਡ ਪਿਛੋਂ ਉਹ ਕਿੱਥੇ ਚਲਾ ਗਿਆ ਕਿਸੇ ਨੂੰ ਵੀ ਪਤਾ ਨਹੀਂ ਸੀ।

ਇਹ ਬਖ਼ਸ਼ੀ ਖਾਨਦਾਨ 1947 ਈ. ਵਿਚ ਲਾਹੌਰ ਤੋਂ ਨਿਕਲ ਗਿਆ ਸੀ। ਪਰ ਹਿੰਦੁਸਤਾਨ ਜਾ ਕੇ ਉਹਨਾਂ ਨੂੰ ਕੋਈ ਸ਼ਹਿਰ ਚੰਗਾ ਨਾ ਲੱਗਿਆ। ਕੋਈ ਥਾਂ ਲਾਹੌਰ ਵਰਗੀ ਨਾ ਮਿਲੀ, ਜਿਸਨੂੰ ਉਹ ਆਪਣਾ ਦੂਸਰਾ ਵਤਨ ਬਣਾ ਸਕਦੇ। ਦਿੱਲੀ ਨਾ ਬੰਬਈ। ਅਖੀਰ ਉਹਨਾਂ ਨੇ ਆਪਣੇ ਲੇਖਾਂ ਦੇ ਕਲੇਮ ਛੱਡ ਦਿੱਤੇ। ਸੋਚਿਆ ਜਦ ਲਾਹੌਰ ਛੱਡਿਆ, ਤਾਂ ਸਭ ਕੁਝ ਛੱਡਿਆ। ਸਾਰਾ ਟੱਬਰ ਲੰਡਨ ਜਾ ਵੱਸਿਆ। ਉਂਝ ਵੀ ਦਾਨਿਆਲ ਬਖ਼ਸ਼ੀ ਬੜੇ ਪਾਏ ਦਾ ਬੈਰਿਸਟਰ ਸੀ। ਪੁੱਤਰ ਸਾਨਿਆਲ ਬਖ਼ਸ਼ੀ ਗੌ. ਕਾਲਜ ਲਾਹੌਰ ਤੋਂ ਪੁਰਸਕਾਰਾਂ ਨਾਲ ਲੱਦਿਆ ਹੋਇਆ ਨਿਕਲਿਆ ਸੀ। ਬੀ.ਏ. ਆਨਰਜ਼ ਰੀਕਾਰਡ ਤੋੜ ਪਾਸ ਕੀਤਾ। ਹਾਕੀ ਅਲੈਵਿਨ ਦਾ ਕੈਪਟਿਨ-ਸਟੇਜ ਦਾ ਰੋਮੀਓ ਜੂਲੀਇਟ, ਮਾਪੇ ਉਸਨੂੰ ਬੈਰਿਸਟਰੀ ਵਾਸਤੇ ਵਿਲਾਇਤ ਭੇਜਣਾ ਚਾਹੁੰਦੇ ਸਨ। ਭਾਵੇਂ ਸਾਨਿਆ ਦਾ ਦਿਲ ਜੀ.ਸੀ. (G.C) ਵਿਚ ਟਿਕਿਆ ਹੋਇਆ ਸੀ। ਉਹ ਉਥੋਂ ਐਮ.ਏ. ਅੰਗਰੇਜ਼ੀ ਕਰਕੇ ਪੀ.ਐਚ.ਡੀ. ਲਈ ਜਾਣਾ ਚਾਹੁੰਦਾ ਸੀ ਤਾਂ ਜੋ ਓਸੇ ਪੱਧਰ ਦਾ ਪ੍ਰੋਫੈਸਰ ਬਣ ਸਕੇ। ਜੋ ਉਹ ਕਾਲਜ ਦੀ ਰੀਤ ਸੀ। ਦੇਸ਼ ਦੀ ਵੰਡ ਗਈ। ਉਹਨਾਂ ਆਪਣੇ ਸੁਪਨੇ ਵਿਚਾਲੇ ਛੱਡ ਕੇ ਜਾਨ ਤੇ ਇੱਜ਼ਤ ਲਈ ਨੱਸਣਾ ਪੈ ਗਿਆ। ਇੱਕੋ ਵਾਰੀ ਸਭ ਕੁਝ ਹੋ ਗਿਆ। ਐਨੀ ਮੋਹਲਤ ਵੀ ਨਾ ਮਿਲੀ ਜੋ ਆਪਣੇ ਸੁਪਨ-ਸੰਸਾਰ ਕੋਲੋਂ ਛੁੱਟੀ ਮੰਗ ਸਕਦੇ। ਆਪਣੇ ਸ਼ਹਿਰ ਨੂੰ ਤੂੰ ਪਿਆਰ ਨਹੀਂ ਕਰਦਾ। ਸਾਨਿਆਲ ਵਾਸਤੇ ਲਾਹੌਰ ਵੀਨਸ, ਲੰਡਨ ਤੇ ਰੋਮ ਸਭ ਕੁਝ ਹੀ ਸੀ।

ਅੱਜ ਪੂਰੇ ਚੌਵੀਂ ਵਰ੍ਹਿਆਂ ਪਿੱਛੋਂ ਆਇਆ ਤਾਂ ਇੱਕ ਟੱਕ ਕਾਲਜ ਦੇ ਤਿੱਖੇ ਮੀਨਾਰਾਂ ਵੱਲ ਤੱਕਦਾ ਰਹਿ ਗਿਆ। ਇੰਝ ਉਹਦੀਆਂ ਸਾਰੀਆਂ ਯਾਦਾਂ (G.C.) ਜੀ. ਸੀ. ਨਾਲ ਹੀ ਨਹੀਂ ਸਨ ਜੁੜੀਆਂ। ਉਹ ਉਥੇ ਦਾ ਜੰਮ-ਪਲ ਸੀ। ਉਹਦੇ ਪੁਰਖੇ ਖਬਰੇ ਕਿੰਨੀਆਂ ਪੁਸ਼ਤਾਂ ਤੋਂ ਏਥੇ ਵੱਸਦੇ ਰਹੇ। ਮੁੜ ਕੇ ਝਾਤੀ ਮਾਰਨ ਨੂੰ ਪੂਰਾ ਸ਼ਹਿਰ ਸੀ। ਵੀਜ਼ਾ ਬਿਲਕੁਲ ਦੋ ਦਿਨ ਦਾ ਸੀ। ਉਹ ਵੀ ਲੰਡਨ ਕਰਕੇ ਮਿਲਿਆ ਸੀ, ਭਾਰਤੀਆਂ ਲਈ ਤਾਂ ਇੱਕ ਦਿਨ ਸੀ। ਉਹ ਸਭ ਉਥੇ ਬੈਠੇ ਸੀ। ਉਹ ਇਕੱਲਾ ਹੀ ਬਾਹਰ ਨਿਕਲਿਆ। ਫੇਰ ਪੂਰੀ ਦੁਪਹਿਰ ਪੁਰਾਣੀਆਂ ਕੰਧਾਂ ਦੀਆਂ ਇੱਟਾਂ ਨਾਲ ਗੱਲਾਂ ਕਰਦਾ। ਪੁਰਾਣੇ ਦਰਖਤਾਂ ਨੂੰ ਮਿਲਦਾ, ਆਪਣੇ ਨੂੰ ਲੱਭਦਾ ਰਿਹਾ। ਉਹ ਆਪਣੇ ਕਲਾਸ-ਰੂਮ ਵਿਚ ਵੀ ਗਿਆ। ਪਹਿਲੀ ਕਤਾਰ ਦੇ ਤੀਸਰੇ ਡੈਸਕ ਨੂੰ ਹੱਥ ਲਾ ਕੇ ਵੇਖਿਆ। ਨੀਵਾਂ ਹੋ ਕੇ ਖ਼ੁਸ਼ਬੂ ਸੁੰਘੀ, ਅਕਾਦਮਿਕ ਸੁਗੰਧੀ। ਲਾਇਬ੍ਰੇਰੀ ਜਾ ਕੇ ਉਹਨੇ ਕਈ ਸ਼ੈਲਫਾਂ ਨੂੰ ਹੱਥ ਲਾ ਕੇ ਵੇਖਿਆ। ਕਿਤਾਬ ਖਿੱਚ ਕੇ ਵਰਕੇ ਉਲਟਾਏ। ਕਈ ਵਰਕਿਆਂ ਉੱਤੇ ਉਹਦੇ ਹੱਥ ਦੇ ਨੋਟਸ ਲੱਗੇ ਹੋਏ ਸਨ।

"ਮੈਂ ਅਜੇ ਵੀ ਏਥੇ ਹੀ ਆਂ" ਉਸਨੇ ਆਪਣੇ ਆਪ ਨਾਲ ਗੱਲ ਕੀਤੀ। ਫੇਰ ਉਹ ਸਕਾਲਰ-ਗਾਰਡਨ ਵਿਚ ਉਤਰ ਗਿਆ। ਪੱਥਰ ਦੀ ਬਣੀ ਹੋਈ ਪੁਰਾਣੀ ਬੈਂਚ ਤੇ ਬਹਿ ਕੇ ਉਹਨੇ-ਕੀ ਕੁਝ ਯਾਦ ਨਾ ਕੀਤਾ। ਇਮਤਿਹਾਨ ਦੀ ਤਿਆਰੀ, ਪ੍ਰੇਮਾ ਦੀ ਉਡੀਕ, ਖੁੱਲੀਆਂ ਅੱਖਾਂ ਦੇ ਸਾਰੇ ਖਵਾਬ ਤਾਂ ਏਥੇ ਬਹਿ ਕੇ ਵੇਖੇ। ਡੀਬੇਟ ਦੀ ਟਰਾਫੀ ਜਿੱਤਣ ਲਈ ਚੰਗੇ ਚੰਗੇ ਫਿਕਰੇ ਉਹ ਏਥੇ ਬਹਿ ਕੇ ਛਾਂਟਿਆ ਕਰਦਾ ਸੀ। ਵੇਲਿਆ ਤੂੰ ਕੇਹਾ ਰੰਗ ਵਟਾਇਆ ਹੈ ਭੈੜਿਆ!

ਪਰ ਹਰੇ ਕਚੂਰ ਘਾਹ ਦਾ ਰੰਗ ਉੱਕਾ ਹੀ ਨਹੀਂ ਸੀ ਬਦਲਿਆ। ਕੀ ਇਹ ਉਹੋ ਘਾਹ ਨਹੀਂ ਜੜ੍ਹਾਂ ਤਾਂ ਉਹੀ ਹੋਣਗੀਆਂ। ਮੇਰੀਆਂ ਜੜ੍ਹਾਂ! ਇੱਕ ਮੁੱਠ ਤੋੜ ਕੇ ਉਹਨੇ ਆਪਣੇ ਬਰੀਫ ਕੇਸ



ਵਿੱਚੋਂ ਰੱਖ ਲਈ। ਫੇਰ ਉਹਨੇ ਆਪਣੇ ਉੱਤੇ ਝੁਕੀ ਹੋਈ ਦਰੱਖਤ ਦੀ ਟਾਹਣੀ ਨਾਲੋਂ ਇਕ ਪੱਤਾ ਤੋੜ ਕੇ ਆਪਣੇ ਕੋਟ ਦੀ ਜੇਬ ਵਿਚ ਪਾ ਲਿਆ। ਦਿਲ ਦੇ ਪਾਸੇ ਵੱਲ। "ਦੇਸ਼ ਰੇ ਦੇਸ਼" ਸਾਨਿਆਲ ਨੂੰ ਯਾਦ ਆਇਆ ਉਹਦੇ ਬਾਪ ਨੇ ਮਰਨ ਤੋਂ ਪਹਿਲਾਂ ਕਿਹਾ ਸੀ "ਜਦ ਵੀ ਮੌਕਾ ਮਿਲੇ ਜ਼ਰੂਰ-ਲਾਹੌਰ ਜਾਈਂ। ਆਪਣੀਆਂ ਅੱਖਾਂ ਨਾਲ ਮੇਰੇ ਲਈ ਲਾਹੌਰ ਵੇਖੀਂ ਜੇ ਮੇਰੇ ਜੀਉਂਦੇ ਜੀ ਜਾ ਸਕੇ ਤਾਂ ਲਾਹੌਰ ਦੇ ਦਰਖਤਾਂ ਦੇ ਪੱਤੇ ਜ਼ਰੂਰ ਲਿਆਈਂ। ਮੈਂ ਆਪਣੀਆਂ ਅੱਖਾਂ ਠੰਢੀਆਂ ਕਰਾਂਗਾ।" ਕਿੰਨੀ ਦੇਰ ਬੈਠਾ ਉਹ ਬੀਤੇ ਜੁਗ ਦੀਆਂ ਗੱਲਾਂ ਯਾਦ ਕਰਦਾ ਰਿਹਾ। ਅੱਜ ਦੇ ਅੱਧਖੜ ਬਖ਼ਸ਼ੀ ਨੂੰ ਜਵਾਨ ਬਖ਼ਸ਼ੀ ਨਾਲ ਮਿਲਾਉਂਦਾ ਰਿਹਾ। ਹੁਣ ਉਹ ਦੋਵੇਂ ਵੱਖਰੀ ਵੱਖਰੀ ਦੁਨੀਆਂ ਦੇ ਵਸਨੀਕ ਸਨ। ਇੱਕ ਵੰਡੀ ਹੋਈ ਨਸਲ ਦੇ ਫਰਦ। ਅੱਧੋ ਅੱਧ ਸਕੇ ਪੁਤਰਾਂ ਵਾਂਗੂ। ਸਿਆਸਤ ਦੀ ਹਨੇਰੀ ਉਹਨਾਂ ਨੂੰ ਉਡਾ ਕੇ ਲੈ ਗਈ ਸੀ। ਲਾਹੌਰ ਛੱਡਣ ਦੀ ਕੁੜੱਤਣ ਏਨੀ ਕੁ ਸੀ ਕਿ ਉਸ ਨੇ ਪ੍ਰੇਮਾ ਨਾਲ ਵੀ ਕਾਲਜ ਦੀ ਯਾਦ ਨੂੰ ਸਾਂਝਾ ਨਹੀਂ ਸੀ ਕੀਤਾ। ਬੀਤਿਆ ਭੁੱਲ ਜਾਵੇ ਤਾਂ ਚੰਗਾ। ਪਰ ਅੱਜ ਦੇ ਇਹ ਦੋ ਚਾਰ ਘੰਟੇ ਇੱਕ ਪੂਰਾ ਯੁੱਗ ਉਹਦੇ ਉੱਪਰ ਉਤਾਰ ਲਿਆਏ ਸੀ।

ਇਹ ਇੱਕ ਬੜਾ ਜਜ਼ਬਾਤੀ ਸਫ਼ਰ ਸੀ ਜੋ ਪੰਜਾਹ ਇਕਵੰਜਾ ਬਰਸ ਦੇ ਬੈਰਿਸਟਰ ਨੇ ਇੱਕ ਬਾਈ ਸਾਲ ਦੇ ਉਸ ਨੌਜਵਾਨ ਵੱਲ ਕੀਤਾ ਸੀ, ਜੋ ਬੜੇ ਸ਼ੌਕ ਨਾਲ ਕਾਲਜ ਦੀ ਸਟੇਜ ਉੱਤੇ ਰੋਮੀਓ ਜੂਲੀਇਟ ਵਰਗੇ ਡਰਾਮੇ ਖੇਡਦਾ ਤੇ ਆਪੋ ਆਪਣੀ ਜ਼ਾਤ ਅੰਦਰ ਖਾਬਾਂ ਖਿਆਲਾਂ ਦਾ ਸਹਿਜ਼ਾਦਾ ਸੀ। ਸਗੋਂ ਕਿੰਨੇ ਲੋਕਾਂ ਦੇ ਜਵਾਬ ਉਸੇ ਤਾਣੇ-ਬਾਣੇ ਵਿਚ ਬੁਣੇ ਹੋਏ ਸੀ। ਲਾਹੌਰ ਦੇ ਬਾਗਾਂ ਦੀ ਹਵਾ ਬੁਲਬੁਲਾਂ ਦੇ ਗੀਤ, ਪ੍ਰੇਮਾ ਦਾ ਹੁਸਨ ਜਵਾਨੀ, ਸੱਭੇ ਸੁਹਣੀਆਂ ਸ਼ੈਆਂ, ਪ੍ਰੇਮਾ ਤਾਂ ਉਹਦੀ ਕਲਾਸਫੈਲੋ ਸੀ ਤੇ ਮਹਿਬੂਬਾ ਲੰਮੀ ਗੁੱਤ, ਭੂਰੇ ਵਾਲ, ਬਿੱਲੀਆਂ ਅੱਖਾਂ ਵਾਲੀ ਕੁੜੀ। ਉਹਦੀਆਂ ਅੱਖਾਂ ਵਿਚ ਸਾਨਿਆਲ ਨੂੰ ਉਹੋ ਭੇਤਾਂ-ਭਰੀ ਦੁਨੀਆਂ ਦਿਸਦੀ ਜੋ ਕਾਲਜ ਦੇ ਮੀਨਾਰਾਂ ਵਿਚ ਦਿਸਦੀ ਸੀ। ਪਹਿਲੀ ਦੇਸੀ ਕੁੜੀ ਜੋ ਕਾਲਜ ਦੇ ਡਰਾਮਿਆਂ ਵਿਚ ਸਟੇਜ ਉੱਤੇ ਆਈ। ਨੂਰ ਜਹਾਂ ਬਣੀ ਤਾਂ ਸੱਚੀ ਮੁੱਚੀ ਮਲਕਾ ਲੱਗਣ ਲੱਗ ਪਈ। ਕੇਡੀ ਖੱਪ ਮੱਚੀ ਸੀ ਉਸ ਦਿਨ ਜਦੋਂ ਮਲਕਾ ਆਲੀਆ ਨੇ ਸ਼ਰਤ ਰੱਖ ਦਿੱਤੀ , ਪਈ ਜਹਾਂਗੀਰ ਦਾ ਕਿਰਦਾਰ ਸਾਨਿਆਲ ਤੋਂ ਸਿਵਾ ਕੋਈ ਨਾ ਕਰੇ। ਸਾਨਿਆਲ ਨੂੰ ਡਰਾਮਾਈ ਲਹਿਜੇ ਵਾਲੀ ਉਰਦੂ ਕਿਥੇ ਆਉਂਦੀ ਸੀ। ਉਹਨੂੰ ਤਾਂ ਆਪਣੀ ਮਾਂ ਬੋਲੀ ਚੰਗੀ ਲੱਗਦੀ ਸੀ, ਜਾਂ ਫਿਰ ਅੰਗਰੇਜ਼ੀ ਉਹ ਫਰਾਟੇ ਨਾਲ ਬੋਲਦਾ। ਕਦੇ ਚਾਸਰ ਵਾਲੇ ਲਹਿਜੇ ਵਿਚ, ਕਦੇ ਸ਼ੈਕਸਪੀਅਰ ਵਾਲੇ। ਇੰਝ ਦੇ ਕੰਮਾਂ ਵਿਚ ਉਹਨੂੰ ਰੁਝਿਆ ਹੋਇਆ ਵੇਖ ਕੇ ਉਹਦੇ ਬੈਰਿਸਟਰ ਪਿਓ ਨੂੰ ਫਿਕਰ ਜੇਹੀ ਲੱਗ ਜਾਂਦੀ। ਕਿਤੇ ਉਹਦਾ ਕੱਲਾ ਕਾਰਾ ਪੁੱਤਰ ਆਪਣੇ ਜੱਦੀ ਕੰਮ ਤੋਂ ਪਰਾਂਹ ਨਾ ਚਲਾ ਜਾਵੇ। ਕਈ ਖੁਸਤਾਂ ਦੀ ਵਕਾਲਤ, ਇੱਕ ਸ਼ਾਨਦਾਰ ਲਾਇਬ੍ਰੇਰੀ, ਭਾਰੀ ਕਲਾ ਸਟੇਜ, ਨਾਲ ਹਲਦੀ ਫੁਲ਼ਕੀ ਸਿਆਸਤ ਦਾ ਚਸਕਾ ਵੀ, ਇੱਕ ਜ਼ਮਾਨੇ ਏਸ ਖਾਨਦਾਨ ਉੱਤੇ ਲਾਲਾ ਲਾਜਪਤ ਰਾਏ ਵਾਲੀ ਲਾਈਨ ਦਾ ਅਸਰ ਵੀ ਰਿਹਾ ਸੀ। ਬਰਤਾਨੀਆਂ-ਵਿਰੋਧੀ ਹੋਣਾ, ਦੇਸ਼ ਦੀ ਆਜ਼ਾਦੀ, ਦੇਸ਼ ਦਾ ਪਿਆਰ ਵਰਗੇ ਵਿਚਾਰ।

ਕਾਲਜ ਦੇ ਖੂੰਜੇ ਖੂੰਜੇ ਨੂੰ ਅੱਖਾਂ ਵਿਚ ਵਸਾ ਕੇ ਸਾਨਿਆਲ ਨੂੰ ਏਸ ਗੱਲ ਦਾ ਪੂਰਾ ਪੱਕ ਸੀ, ਪਈ ਏਸ ਪਿੱਛੋਂ ਉਹਨੇ ਕਦੇ ਲਾਹੌਰ ਨਹੀਂ ਆਉਣਾ। ਵੀਜ਼ਾ ਮਿਲਣ ਦੇ ਨਾਲ ਨਾਲ ਜ਼ਿੰਦਗੀ

ਦੀ ਗੱਲ ਵੀ ਸੀ। ਉਹਦੀ ਬੀਵੀ ਪ੍ਰੇਮਾ ਨੇ ਤਾਂ ਹੁਣ ਵੀ ਮਨਾਹ ਕੀਤਾ ਸੀ ਕਿ 'ਨਾ ਜਾਓ' ਛੱਡੀ ਹੋਈ ਥਾਂ ਜਾ ਕੇ ਬੜਾ ਹੀ ਡਰ ਲੱਗਦਾ ਹੁੰਦਾ ਏ। ਫੇਰ ਜੇ ਆਪਣੀ ਹੀ ਥਾਂ ਡਰਾਉਣੀ ਲੱਗ ਜਾਵੇ, ਪ੍ਰੇਮਾ ਬਹੁਤ ਸਮਝ ਵਾਲੀ ਸੀ। ਖਬਰੇ ਜ਼ਨਾਨੀ ਬਹੁਤ ਹੱਸਾਸ ਹੁੰਦੀ ਏ। ਏਸੇ ਕਰਕੇ ਉਹ ਆਪ ਨਹੀਂ ਸੀ ਆਈ। 'ਰਾਵੀਅਨ' ਤਾਂ ਉਹ ਵੀ ਸੀ। ਸਾਨਿਆਨ ਨੂੰ ਵਿਦਿਆ ਕਰਕੇ ਹੋਏ ਉਹਨੇ ਆਖਿਆ ਸੀ "ਲਾਹੌਰ ਚੱਲੇ ਓ ਤਾਂ ਕਾਲਜ ਤੀਕ ਹੀ ਰਹਿਣਾ, ਹੋਰ ਕਿਤੇ ਨਾ ਜਾਣਾ।" ਪਤਾ ਨਹੀਂ ਉਹਦਾ ਕੀ ਮਤਲਬ ਸੀ? ਖ਼ਬਰੇ ਅੱਗ ਤੇ ਲਹੂ ਦੀ ਪੁਰਾਣੀ ਖੇਡ ਹਾਲੀ ਤਾਈਂ ਉਹਨੂੰ ਬਹੁਤ ਯਾਦ ਸੀ। ਭੁੱਲਿਆ ਤਾਂ ਕਿਸੇ ਨੂੰ ਵੀ ਨਹੀਂ ਸੀ ਪਰ ਇੰਝ ਕਿਵੇਂ ਹੋ ਸਕਦਾ ਸੀ ਕਿ ਕੋਈ ਪੁਰਾਣਾ ਲਾਹੌਰ ਆਵੇ ਤੇ ਲਾਹੌਰ ਨੂੰ ਵੇਖੇ ਬਿਨਾਂ ਪਿਛਾਂਹ ਮੁੜ ਜਾਵੇ?

ਅਗਲੇ ਦਿਨ ਸਵੇਰੇ ਸਵੇਰੇ ਜਦੋਂ ਉਹ ਸ਼ਹਿਰ ਦੀਆਂ ਕੰਧਾਂ ਨਾਲ ਗੱਲਾਂ ਕਰਨ ਲਈ ਨਿਕਲਿਆ ਤਾਂ ਡਰ ਗਿਆ। ਸ਼ਹਿਰ ਬਹੁਤ ਬੇਗਾਨਾ ਲੱਗਾ। ਰਾਹ ਚੱਲਦੇ ਲੋਕੀਂ ਬਿਲਕੁਲ ਹੋਰ ਹੀ ਲੱਗੇ ਧੋਤੀ ਕੁੜਤਾ, ਪੱਗੜੀ ਕਿਤੇ ਦਿਖਦੀ ਹੀ ਨਹੀਂ ਸੀ। ਤਾਂਗੇ ਵਾਲੇ ਵੀ ਉਰਦੂ ਬੋਲਣ ਲੱਗ ਪਏ ਸੀ। ਸੜਕਾਂ ਉਤੇ ਕਾਰਾਂ ਬਹੁਤ ਹੋ ਗਈਆਂ ਸਨ। ਮਾਲਰੋਡ ਤੇ ਉਸਨੇ ਚੱਕਰ ਲਾਇਆ। ਚੀਰਿੰਗ ਕਰਾਸ ਤੋਂ ਅੱਗੇ ਬੜਾ ਕੁਝ ਬਦਲ ਗਿਆ ਸੀ। ਪਰ ਰੀਗਲ ਤੋੜੀ ਬਹੁਤ ਕੁਝ ਉਸੇ ਤਰ੍ਹਾਂ ਸੀ। ਉਲਡ ਰੀਗਲ ਵਿਚ ਕਿੰਨੀਆਂ ਕਿੰਨੀਆਂ ਫਿਲਮਾਂ ਏਸ ਸਿਨੇਮਾ ਹਾਲ ਵਿਚ ਬਹਿ ਕੇ ਵੇਖੀਆਂ। ਉਸ ਤੋਂ ਪਿਛੋ ਕਰਕੇ ਫਿਲਮ ਵੇਖਣ ਦਾ ਮਜ਼ਾ ਹੀ ਨਾ ਆਇਆ। ਸੋਚਦਾ ਹੋਇਆ ਉਹ ਰਤਾ ਕੁ ਅੱਗੇ ਵਧਿਆ। ਹਾਈਕੋਰਟ ਦੀ ਬਾਕੀ ਬਿਲਡਿੰਗ ਜਿਹਦੇ ਪਿੱਛੇ ਕਰ ਕੇ ਉਹਦੀ ਆਪਣੀ ਕੋਠੀ ਸੀ। ਉਧਰ ਜਾਣ ਦੀ ਉਹਦੀ ਹਿੰਮਤ ਹੀ ਨਾ ਪਈ। ਅੱਗੇ ਜੀ.ਬੀ.ਓ ਦੀ ਸੁਰਖ ਰੰਗ ਦੀ ਇੱਕ ਹੋਰ ਸੁਹਣੀ ਬਿਲਡਿੰਗ ਅੱਗੇ ਵਾਈ ਐਮ.ਸੀ.ਏ.। ਰੀਜ਼ਰਵ ਬੈਂਕ ਆਫ ਇੰਡੀਆ, ਜੋ ਹੁਣ ਸਟੇਟ ਬੈਂਕ ਆਫ਼ ਪਾਕਿਸਤਾਨ ਬਣ ਚੁੱਕਿਆ ਸੀ। ਪਿੱਪਲ ਦੇ ਭਾਰੇ ਦਰੱਖਤ ਉਹੋ, ਉਹਨਾਂ ਦੀਆਂ ਟਾਹਣੀਆਂ ਤੇ ਬੈਠੇ ਚਿੜੀਆਂ, ਕਾਂ ਵੀ ਉਸੇ ਤਰ੍ਹਾਂ ਦੇ। ਆਹੋ ਪ੍ਰਿੰਦੇ ਇਆਸਤ ਜੋ ਨਹੀਂ ਜਾਣਦੇ। ਵੱਖ ਵੱਖ ਧਰਮ ਵੀ ਨਹੀਂ ਰੱਖਦੇ। ਟਾਊਨਹਾਲ ਤੇ ਨਜ਼ਰ ਪਾਈ ਤਾਂ ਉਸੇ ਤਰ੍ਹਾਂ ਦਾ ਲੱਗਿਆ ਯੂਨੀਵਰਸਿਟੀ ਹੁਣ ਉਲਡ ਕੈਂਪਸ ਏ। ਪਰ ਬਦਲਿਆ ਨਹੀਂ। ਸ਼ੁਕਰ ਏ ਅਲਫਰਲਡ ਵੋਲਜ਼ ਦੇ ਬੁੱਤ ਨੂੰ ਦੇਸ਼ ਨਿਕਾਲਾ ਨਹੀਂ ਮਿਲਿਆ।

ਏਸੇ ਤਰ੍ਹਾਂ ਟੁਰਦਾ ਟੁਰਦਾ ਸਾਨਿਆਲ ਲੋਇਰ ਮਾਲ ਤੇ ਆ ਗਿਆ। ਲੇਡੀ ਮੈਕਲੀਗਨ ਸਕੂਲ ਉਹਦੀਆਂ ਭੈਣਾਂ ਦਾ ਤੇ ਪ੍ਰੇਮਾ ਦਾ ਵੀ ਸਕੂਲ ਸੀ ਪਰ ਉਹ ਆਪਣਾ ਸਕੂਲ ਵੇਖਣਾ ਚਾਹੁੰਦਾ ਸੀ। ਰੀਵਾਜ਼ ਗਾਰਡਨ ਦੇ ਸ਼ਾਨਦਾਰ ਦਰੱਖਤ ਵੇਖਦਾ ਵੇਖਦਾ ਉਹ ਅੱਗੇ ਵਧਿਆ। ਇੱਕੋ ਵਾਰੀ ਉਹਦਾ ਦਿਲ ਡਰ ਗਿਆ। ਇਹ ਉਹੋ ਥਾਂ ਸੀ ਜਿੱਥੇ ਉਹਦੀ ਭੂਆ ਦਾ ਟੱਬਰ ਮਾਰਿਆ ਗਿਆ ਸੀ। ਉਹ ਨੂੰ ਲੱਗਾ ਉਹ ਬੜਾ ਹੀ ਇਕੱਲਾ ਏ। ਕਿਸੇ ਨਾ ਕਿਸੇ ਨੂੰ ਨਾਲ ਲੈ ਕੇ ਚੱਲਣਾ ਚਾਹੀਦਾ ਸੀ। ਸ਼ੇਖ਼ ਨਸੀਰ ਉਸਦਾ ਜਮਾਤੀ ਕਾਲਜ ਵਿਚ ਮਿਲਿਆ ਸੀ। ਉਹਨੇ ਸੀਜ਼ਨ ਵਿਚ ਦਾਅਵਤ ਵੀ ਦਿੱਤੀ ਸੀ। ਉਸੇ ਵੇਲੇ ਮੁੜ ਕੇ ਉਹ ਸ਼ੇਖ਼ ਦੇ ਘਰ ਚਲਾ ਗਿਆ। "ਲੰਚ ਦੀ ਗੱਲ ਛੱਡ ਯਾਰਾ, ਮੇਰੇ ਨਾਲ ਸੜਕਾਂ ਤੇ ਫਿਰੀਏ। ਜੇ ਕੁਝ ਖਾਣਾ ਹੋਇਆ ਤਾਂ ਪੁਰਾਣੀ ਅਨਾਰ-ਕਲੀ ਤੋਂ ਪੂਰੀ ਕਚੌਰੀ ਖਾ ਲਵਾਂਗੇ। ਉਸੇ ਦੁਕਾਨ ਤੋਂ...ਕੀ ਨਾਂ ਸੀ, ਲਾਲਾ ਸੋਜੀ ਮੱਲ" ਉਹ ਦੁਕਾਨ ਹੁਣ ਜਲੰਧਰ ਵਾਲਿਆਂ ਦੀ ਹੋ ਚੁੱਕੀ, ਖੈਰ ਲੱਸੀ ਹਾਲੀ ਵੀ ਚੰਗੀ ਮਿਲ ਜਾਂਦੀ ਏ, ਪਰ



ਕਚੌਰੀਆਂ ਉਹ ਨਹੀਂ" ਸ਼ੇਖ ਨਸੀਰ ਦੱਸਦਾ ਗਿਆ।

ਚੰਗਾ, ਸੋਹਨ ਲਾਲ ਸਕੂਲ ਕਿਹਨੂੰ ਮਿਲਿਆ? ਮੇਰਾ ਮਤਲਬ ਏ ਕੌਣ ਚਲਾ ਰਿਹਾ ਹੈ? ਉਹ ਵੀ ਜਲੰਧਰ ਵਾਲਿਆਂ ਨੂੰ ਅਲਾਟ ਹੋਇਆ। ਉਥੇ ਹੁਣ ਅਰਬੀ ਸ਼ਰਬੀ, ਉਰਦੂ-ਸ਼ੁਰਦੂ ਪੜ੍ਹਾਈ ਜਾਂਦੀ ਏ। ਗੱਲਾਂ ਕਰਦੇ ਉਹ ਲਿੰਕ ਰੋਡ ਤੇ ਆ ਜਾਏ। ਸਾਹਮਣੇ ਉਹਦਾ ਸਕੂਲ ਸੀ। ਛਣ, ਛਣ, ਛਣ ਥਾਵਾਂ ਵੇ ਠੀਕਰੇ ਟੁੱਟ ਗਏ। ਉਹ ਘੰਟੀ ਜੋ ਪਹਿਲੀ ਵਾਰ ਵੱਜਦੀ ਤਾਂ ਸਾਰੇ ਬੱਚੇ ਅੰਦਰ ਨੂੰ ਦੌੜ ਲਾਉਂਦੇ। ਅਖੀਰਲੀ ਵਾਰੀ ਵੱਜਦੀ ਤਾਂ ਬਾਹਰ ਨੂੰ। "ਮੇਰਾ ਸਕੂਲ ਸੋਹਣ ਲਾਲ" ਹਾਲੇ ਵੀ ਇਮਾਰਤ ਦੇ ਮੱਥੇ ਉੱਤੇ ਲਿਖਿਆ ਹੋਇਆ ਸੀ।

ਸਕੂਲ ਦਾ ਪਹਿਲਾ ਦਿਨ, ਨਵਾਂ ਯੂਨੀਫਾਰਮ, ਬਸਤਾ, ਨਵਾਂ ਕਦਮ। ਘਾਬਰਿਆ ਹੋਇਆ ਦਿਲ। ਦੂਜੇ ਪਾਸੇ ਸੋਹਣੀ ਜਿਹੀ ਮਿਸ ਵੱਲੋਂ ਦਿਲਾਸਾ। ਪਰ ਐਨਕ ਵਾਲੀ ਦੀ ਰੋਹਬ ਵੀ। ਚਿੱਟੀ ਸਫੈਦ ਧੋਤੀ ਅਤੇ ਕਾਲਾ ਸਿਆਹ ਰਾਊਂਡ ਲੈਂਦੇ ਹੋਏ ਪ੍ਰਿੰਸੀਪਲ ਸਾਹਿਬ ਦਾ ਡਸਿਪਲਨ। ਨਵੇਂ ਬੱਚਿਆਂ ਦਾ ਦਾਖਲਾ ਅਪ੍ਰੈਲ ਵਿਚ ਹੁੰਦਾ ਸੀ। ਸਕੂਲ ਵਿਹੜਾ ਅਨਾਰਾਂ ਦੇ ਫੁੱਲਾਂ ਨਾਲ ਸੱਜਿਆ ਪਿਆ ਸੀ, ਤੇ ਬੁਲਬਲਾਂ...ਪਰ ਅੱਜ ਸਭ ਕੁਝ ਮੈਲਾ ਤੇ ਤੰਗ ਜੇਹਾ ਕਿਓਂ ਲੱਗ ਰਿਹਾ ਏ? ਬਾਗ਼ ਤਾਂ ਕਿਤੇ-ਦਿਸਦਾ ਹੀ ਨਹੀਂ। ਉਹਨੇ ਸ਼ੇਖ਼ ਕੋਲੋਂ ਪੁੱਛਿਆ- "ਦੇਖਦਾ ਨਹੀਂ, ਲੋਕਾਂ ਨੇ ਕੋਠੀਆਂ ਪਾ ਲਈਆਂ ਹੋਈਆਂ ਨੇ।"

"ਸਕੂਲ ਦੀ ਥਾਂ ਉੱਤੇ?"

"ਆਹੋ, ਅੱਜ ਕੱਲ ਹਰ ਥਾਂ ਕੋਠੀਆਂ ਬਣ ਰਹੀਆਂ ਨੇ।"

ਸਾਨਿਆਲ ਦੀ ਨਿਗਾਹ ਸਕੂਲ ਦੀ ਕੰਧ ਉੱਤੇ ਜੰਮ ਗਈ। ਸੜਕ ਦੇ ਨਾਲ ਨਾਲ ਕਿੱਡੀ ਲੰਮੀ ਕੰਧ ਉਹਦੇ ਸਾਹਮਣੇ ਬਣੀ ਸੀ। ਲਾਲ ਇੱਟਾਂ ਬੜੀ ਬਾਰੀਕੀ ਨਾਲ ਟੀਪ ਕਰਕੇ ਇੱਕ ਬਜ਼ੁਰਗ ਜਹੇ ਰਾਜ ਨੇ ਚਿਣਾਈ ਕੀਤੀ ਸੀ। ਉਸ ਜ਼ਮਾਨੇ ਸਕੂਲ ਦੀ ਇਮਾਰਤ ਮਸੀਤ ਤੇ ਮੰਦਰ ਵਾਂਗ ਸਮਝੀ ਜਾਂਦੀ ਸੀ। ਸਕੂਲ ਵਾਲਿਆਂ ਨੇ ਤਾਂ ਰਾਖੀ ਲਈ ਕੰਧ ਉਸਾਰੀ ਸੀ। ਪਰ ਦੂਸਰੇ ਚੌਥੇ ਦਿਨ ਕਿਸੇ ਨੇ ਫਿਲਮ ਦਾ ਵੱਡਾ ਸਾਰਾ ਪੋਸਟਰ ਲਾ ਦਿੱਤਾ। ਕਿੱਡਾ ਗੁੱਸਾ ਚੜ੍ਹਿਆ ਸੀ ਮਿਸ ਰਾਓ ਨੂੰ। ਕਿਸੇ ਫਿਲਮ ਦਾ ਸੀਨ ਐਡਾ ਨੰਗੇਜ਼ਮਈ ਵੀ ਨਹੀਂ ਸੀ। ਬੱਸ ਹੀਰੋ ਹੀਰੋਇਨ ਆਹਮਣੇ ਸਾਹਮਣੇ ਖੜੇ ਸੀ। ਪਰ ਖ਼ਰਾਬੀ ਦੀ ਗੱਲ ਵੀ ਇੱਕ ਹੈ ਸੀ। ਪੋਸਟਰ ਉੱਤੇ ਹੀਰੋਇਨ ਦੀਆਂ ਛਾਤੀਆਂ ਕੋਇਟਾ ਦੇ ਸਰਦੀਆਂ ਵਰਗੇ ਨਗਰ ਤੇ ਵੱਡੀਆਂ ਵੱਡੀਆਂ ਲੱਗਦੀਆਂ ਸਨ। ਸੈਕਿੰਡ ਮਿਸਟਰੈਸ ਨੇ ਆਪਣੀ ਨਿਗਰਾਨੀ ਵਿਚ ਪੋਸਟਰ ਸਾਫ ਕਰਾਇਆ। ਪਰ ਦੂਜੇ ਦਿਨ ਕਈ ਹੋਰ ਪੋਸਟਰ ਲੱਗ ਗਏ। ਅਖੀਰ ਇੱਕ ਤਖਤੀ ਲਵਾਈ ਗਈ ਜਿਸ ਉੱਤੇ ਲਿਖਿਆ ਸੀ "ਪੋਸਟਰ ਲਗਾਨੇ ਵਾਲਾ ਹਵਾਲਾ ਪੋਲੀਸ ਕੀਆ ਜਾਵੇਗਾ।"

ਹੁਣ ਪੋਸਟਰ ਲੱਗਣੇ ਬੰਦ ਹੋ ਗਏ, ਪਰ ਸਿਆਸੀ ਨਾਹਰੇ ਲਿਖੇ ਜਾਣ ਲੱਗ ਪਏ, "ਦੂਰ ਹਟੋ, ਦੂਰ ਹਟੋ, ਐ ਦੁਨੀਆਂ ਵਾਲੋ, ਸਰ ਫਿਰੋਸ਼ੀ ਕੀ ਤਮੰਨਾ" "ਭਾਰਤ ਦੀ ਜੈ"। "ਲੈ ਕੇ ਰਹੇਂਗੇ ਪਾਕਿਸਤਾਨ"। ਕੋਰੀਆਂ ਇੱਟਾਂ ਨੇ ਸਿਆਹੀ ਚੂਸ ਲਈ। ਧੋਣ ਖੁਰਚਣ ਨਾਲ ਕੁਝ ਨਾ ਬਣਿਆ। ਹੁਣ ਤਾਂ ਮੈਡਮ ਰਾਏ ਨੂੰ ਫਿਕਰ ਲੱਗ ਗਈ। "ਸਿਆਸੀ ਨਾਹਰੇ, ਨੋ ਨੋ! ਸਕੂਲ ਮੇਂ ਸਭ ਤਰਾਂ ਕੇ ਬੱਚੇ ਪੜ੍ਹਤੇ ਹੈ। ਹਿੰਦੂ, ਮੁਸਲਮ, ਸਿੱਖ, ਈਸਾਈ" ਉਹਨਾਂ ਸਾਰੀ ਕੰਧ ਤੇ ਚੂਨਾ ਫਰਵਾ ਦਿੱਤਾ। "ਗਾਂਧੀ ਜੀ ਦਾ ਜਲਸਾ" ਸਰ ਛੋਟੂ ਰਾਮ ਦੀ ਤਕਰੀਰ। ਮੁਸਲਮ ਲੀਗ ਦੀ

ਮੀਟਿੰਗ। ਮੰਟੋ, ਪਾਰਕ, ਪੋਦੀ ਦਰਵਾਜ਼ਾ" ਕੰਧ ਫਿਰ ਭਰ ਗਈ ਤਾਂ ਮਿਸ ਰਾਓ ਨੇ ਇਕੋ ਵਾਰੀ ਉੱਤੇ ਪੀਲਾ ਰੰਗ ਫਰਵਾ ਦਿੱਤਾ। ਵੇਲਾ ਆਪਣੀ ਤੋਰੇ ਤੁਰਦਾ ਰਿਹਾ ਰੰਗ ਬਦਲਦੇ ਰਹੇ ? ਨਾਹਰੇ ਤੇਜ਼ ਤੋਂ ਤੇਜ਼ ਤਰ ਹੁੰਦੇ ਗਏ। ਫੇਰ ਇਕ ਦਿਨ ਅਜੇਹਾ ਵੀ ਚੜ੍ਹਿਆ ਕਿ ਸ਼ਹਿਰ ਦੇ ਰੰਗ ਉੱਡ ਗਏ। ਖਬਰਾਂ ਆਈਆਂ ਲੈ ਕੇ ਫਸਾਦ। ਪਿੰਡੀ, ਨਵਾਖਲੀ, ਕਲਕੱਤਾ। ਲੋਕਾਂ ਨੇ ਇੱਕ ਦੂਜੇ ਦੇ ਘਰ ਸਾੜ ਦਿੱਤੇ। ਢਿੱਡ ਪਾੜੇ, ਗਰਦਨਾਂ ਕੱਟ ਸੁੱਟੀਆਂ। ਕਾਹਦੇ ਲਈ ? ਏਹੋ ਨਾਹਰੇ ਸੁਣ ਕੇ ਹੁਣ ਲਾਹੌਰ ਖਤਰੇ ਵਿੱਚ ਸੀ। ਸ਼ਹਿਰ ਦੀਆਂ ਕੰਧਾਂ ਉੱਤੇ ਖ਼ਤਰਨਾਕ ਨਾਹਰੇ ਕੌਣ ਲਿਖ ਰਿਹਾ ਸੀ, ਉਹਨਾਂ ਦਿਨਾਂ ਵਿਚ ਸਕੂਲ ਬੰਦ ਸਨ। ਮਿਸ ਰਾਓ ਅਮਨ ਕਮੇਟੀ ਦੀ ਮੈਂਬਰ ਚੁਣੀ ਗਈ ਸੀ, ਚਿੱਟੀ ਚੁੰਨੀ, ਸਫੈਦ ਸਾੜੀ ਪਾਈ ਚਪਲ ਘਸੀਟਦੀ ਦਿਨ ਰਾਤ ਇੱਕ ਕਰਕੇ ਕੰਮ ਕਰਦੀ ਫਿਰਦੀ। ਉਹ ਇੱਕ ਟੀਚਰ ਸੀ। ਉਹਨੂੰ ਬੜਾ ਹੌਂਸਲਾ ਸੀ। ਹਰ ਇਕ ਬੱਚੇ ਨੂੰ ਆਪਣਾ ਸਮਝ ਕੇ ਤਾਲੀਮ ਦਿੱਤੀ ਸੀ। ਉਹ ਸਾਰਿਆਂ ਨੂੰ ਸਮਝਾ ਲਵੇਗੀ।

"ਨ਼ਫਰਤ ਦੀ ਅੱਗ ਬ੍ਰਿਟਿਸ਼ ਏਜੰਸੀ ਦੀ ਭੜਕਾਈ ਹੋਈ ਹੈ। ਸ਼ਹਿਰ ਦੀਆਂ ਕੰਧਾਂ ਸਾਫ਼ ਰੱਖੋ। ਆਪਣੇ ਦਿਲ ਵੀ ਸਾਫ਼ ਰੱਖੋ" ਇਕਦਮ ਉਹਦੀ ਤਕਰੀਰ ਵਿਚਾਲੇ ਕੋਈ ਬੋਲ ਪਿਆ।

"ਮਿਸ ਰਾਓ ਪਹਿਲਾਂ ਆਪਣੇ ਸਕੂਲ ਦੀ ਕੰਧ ਵੇਖ ਲਓ ਜਾ ਕੇ। ਇੰਤਕਾਮ, ਇੰਤਕਾਮ। ਖ਼ੂਨ ਕਾ ਬਦਲਾ ਖ਼ੂਨ। ਮਾਰ ਸੁੱਟੋ, ਸਾੜ ਦਿਓ। ਲਿਖ ਲਿਖ ਕੇ ਕੰਧ ਕਾਲੀ ਕਰ ਲਈ ਸੀ। ਪ੍ਰੇਸ਼ਾਨ ਹੋ ਕੇ ਮਿਸ ਰਾਓ ਨੇ ਕਾਲੇ ਲਫ਼ਜ਼ਾਂ ਉੱਤੇ ਤਾਰਕੋਲ ਫਿਰਵਾ ਦਿੱਤਾ ਤੇ ਆਪ ਚਿੱਟਾ ਝੰਡਾ ਲੈ ਕੇ ਕੰਧ ਨਾਲ ਖੜੀ ਹੋ ਗਈ। ਉਸ ਚਿੱਟੇ ਝੰਡੇ ਨਾਲ ਕਿੰਝ ਦੀ ਲੱਗੀ ਹੋਵੇਗੀ ਉਹ ? ਉਹੋ ਮਿਸ ਰਾਓ ਜਿਹਨੂੰ ਬਲਵਈਆਂ ਨੇ ਕਤਲ ਕਰ ਦਿੱਤਾ, ਕੋਈ ਕਹਿੰਦਾ ਉਸ ਨੇਕ ਟੀਚਰ ਦਾ ਕਤਲ ਚਿੱਟੇ ਝੰਡੇ ਦੀ ਖਾਤਰ ਹੋਇਆ। ਕੋਈ ਕਹਿੰਦਾ ਉਸਦੇ ਗਲ ਵਿਚਲੀ ਸੋਨੇ ਦੀ ਚੇਨੀ ਖਾਤਰ।

ਆਪਣੇ ਚਿੱਟੇ ਸਫੈਦ ਰੁਮਾਲ ਨਾਲ ਅੱਥਰੂ ਪੂੰਝ ਕੇ ਸਾਨਿਆਲ ਨੇ ਇੱਕ ਵਾਰੀ ਫੇਰ ਸਕੂਲ ਦੀ ਕੰਧ ਉੱਤੇ ਨਿਗਾਹ ਮਾਰੀ। ਹੁਣ ਉਹ ਕਾਲੀ ਨਹੀਂ ਸੀ, ਪਰ ਕਾਲੇ ਲਫਜ਼ਾਂ ਨਾਲ ਭਰੀ ਹੋਈ ਸੀ। ਇੰਤਕਾਮ (ਬਦਲਾ)... "ਖ਼ੂਨ ਦਾ ਬਦਲਾ ਖ਼ੂਨ" ਨਵੀਆਂ ਫਿਲਮਾਂ ਦੇ ਨਾਂ ਸਨ, "ਕਾਫਰ, ਕਾਫਰਾ ਸ਼ੀਆ ਕਾਫਰ, ਸੁੰਨੀ ਕਾਫਰ। ਨਵੀਂ ਸਿਆਸਤ ਦਾ ਨਾਂ। ਨਵਾਂ ਕਲਚਰ ਵੀ ਬਥੇਰਾ ਦੱਸਿਆ। ਇਸ਼ਤਿਹਾਰ ਲੱਗੇ ਹੋਏ ਸੀ। ਵੱਡੀਆਂ ਵੱਡੀਆਂ ਛਾਤੀਆਂ ਮੋਟੀਆਂ ਮੋਟੀਆਂ ਪੱਟਾਂ ਵਾਲੀਆਂ ਜਨਾਨੀਆਂ ਲਾਚੇ ਪਾ ਕੇ ਭੰਗੜੇ ਪਾ ਰਹੀਆਂ। ਮਰਦ ਸਹਿਵਤ ਭਰੀਆਂ ਅੱਖਾਂ ਨਾਲ ਉਹਨਾਂ ਵੱਲ ਤੱਕ ਰਹੇ।

"ਤੂੰ ਲੰਡਨ ਰਹਿਨਾ ਏ। ਪੰਜਾਬ ਦੀਆਂ ਮੁਟਿਆਰਾਂ ਵੀ ਤੱਕ ਲਏ।" ਸ਼ੇਖ਼ ਨੇ ਛੇੜਿਆ। ਪਰ ਸਾਨਿਆਲ ਤਾਂ ਕੁਝ ਹੋਰ ਈ ਸੋਚ ਰਿਹਾ ਸੀ। ਅੱਜ ਚੌਥਾਈ ਸਦੀ ਲੰਘ ਜਾਣ ਤੋਂ ਪਿੱਛੋਂ ਜਦ ਉਹਦੀਆਂ ਅੱਖਾਂ ਉੱਤੇ ਮਿਸ ਰਾਓ ਕੋਲੋਂ ਵੀ ਵਧ ਮੋਟੇ ਸ਼ੀਸ਼ਿਆਂ ਦੀ ਐਨਕ ਚੜ੍ਹੀ ਹੋਈ ਸੀ। ਉਹਦੇ ਸਕੂਲ ਦੀ ਕੰਧ ਲਿਖਤ ਕੀ ਸੀ। ਖਬਰੇ ਹੁਣ ਕੋਈ ਮਿਸ ਰਾਓ ਵਰਗੀ ਉਥੇ ਨਹੀਂ ਸੀ ਰਹਿੰਦੀ। ਟੀਚਰਾਂ ਵੀ ਸਾਰੀਆਂ ਇੱਕੋ ਜੇਹੀਆਂ ਨਹੀਂ ਹੁੰਦੀਆਂ। ਪਰ ਇਹ ਸਿਆਸੀ ਨਾਹਰੇ ? ਹੁਣ ਵੀ ਮੁਰਦਾਬਾਦ, ਜਿੰਦਾਬਾਦ। ਜ਼ੁਲਮ ਬੰਦ ਕਰੋ। ਕਤਲ ਬੰਦ ਕਰੋ। ਸਾਮਰਾਜ ਦੇ ਪਿੱਠੂ ਲਾਠੀ ਗੋਲੀ ਦੀ ਸਰਕਾਰ ਨਾ-ਮਨਜ਼ੂਰ!!



"ਹੁਣ ਜ਼ੁਲਮ ਕੀਹਦਾ ਕਿਹੜਾ ਸਾਮਰਾਜ" ਸਾਨਿਆਲ ਨੇ ਪੁੱਛਿਆ ਸ਼ੇਖ਼ ਨੂੰ। ਇਹ ਅਮਰੀਕੀ ਸਾਮਰਾਜ ਦੇ ਤੇ ਜ਼ੁਲਮ ਮਸ਼ਰਕੀ ਬੰਗਾਲ ਵਿਚ ਹੋ ਰਿਹਾ ਏ। ਇੰਤਕਾਮ (ਬਦਲੇ) ਵਾਲੀ ਗੱਲ ਅਵਾਮੀ ਲੀਗ ਦੇ ਵਰਕਰਾਂ ਲਿਖ ਛੱਡੀ ਹੋਣੀਏ।" ਸ਼ੇਖ਼ ਉਹਨੂੰ ਦੱਸਦਾ ਰਿਹਾ।

"ਅਵਾਮ ਲੀਗ ਕੀ ਮੁਸਲਮ ਲੀਗ ਦੀ ਥਾਂ ?" ਇਹ ਬੰਗਾਲ ਦੇ ਮਜੀਬੁਲ ਰਹਿਮਾਨ ਦੀ ਪਾਰਟੀ ? ਏਧਰ ਵੀ ਕੁਝ ਅਸਰ ਹੈ। ਬੜੇ ਗੱਦਾਰ ਨੇ ਬੰਗਾਲੀ।"

ਸ਼ੇਖ਼ ਨੇ ਸਿੱਧਾ ਜਵਾਬ ਦੇਣ ਦੀ ਥਾਂ, ਗੱਲ ਬਦਲ ਛੱਡੀ। "ਯਾਰ ਅਸੀਂ ਪੰਜਾਬੀ ਆਪਸ ਵਿਚ ਈ ਚੰਗੇ ਰਹਿੰਦੇ। ਉਹ ਸਾਰੇ ਬੰਗਾਲੀ ਪੰਜਾਬੀਆਂ ਨੂੰ ਮੰਦਾ ਬੋਲਦੇ ਨੇ। ਉਂਝ ਤੇ ਓਧਰ ਤੁਹਾਡੇ ਵੱਲ ਵੀ ਏਸੇ ਤਰਾਂ ਹੋ ਰਹੀਏ। ਨਹੀਂ ?" ਸ਼ੇਖ਼ ਨੂੰ ਦਿਫਾਅ (ਸੁਰੱਖਿਆ) ਦੀ ਫਿਕਰ ਹੋਈ। ਪਰ ਏਸੇ ਗੱਲ ਤੇ ਸਾਨਿਆਲ ਦੇ ਮੂੰਹ ਵਿਚ ਕੁੜੱਤਣ ਭਰ ਗਈ। "For your kind Information ਮੈਂ ਕਿਸੇ ਵੱਲ ਦਾ ਨਹੀਂ ਮੈਂ ਭਾਰਤ ਤੋਂ ਨਹੀਂ ਆਇਆ। ਉਹ ਮੇਰਾ ਦੇਸ਼ ਵੀ ਨਹੀਂ ਮੈਂ ਕੋਈ ਮੁਕਾਬਲਾ ਵੀ ਨਹੀਂ ਕਰ ਰਿਹਾ। ਏਥੇ ਆਪਣੇ ਸਕੂਲ ਅੱਗੇ ਖਲੋਕੇ ਮੈਂ ਤਾਂ ਬੱਸ ਏਨਾ ਕੁ ਵੇਖ ਰਿਹਾ ਪਈ ਮਿਸ ਰਾਓ ਦੇ ਮਾਰੇ ਜਾਣ ਪਿੱਛੋਂ ਏਸ ਕੰਧ ਉੱਤੇ ਕੀ ਕੁਝ ਲਿਖਿਆ ਗਿਆ ਤੇ ਕਿਸ ਰੰਗ ਨਾਲ ?"

ਸ਼ੇਖ਼ ਹੱਸ ਪਿਆ। "ਅੜਿਆ ਤੂੰ ਹੁਣ ਤਾਈਂ ਕੰਧ ਬਾਰੇ ਹੀ ਸੋਚੀਂ ਜਾ ਰਿਹਾ ?"

ਮੈਂ ਆਪਣੇ ਸਕੂਲ ਅੱਗੇ ਖਲੋ ਕੇ ਹੋਰ ਕੀ ਸੋਚਦਾ ਸਕਦਾ ਹਾਂ" ਫੇਰ ਉਹ ਜਿਵੇਂ ਫੁੱਟ ਪਿਆ ਹੋਵੇ। ਆਖਣ ਲੱਗਾ, "ਮੇਰੇ ਕੋਲ ਵੇਲਾ ਕੋਈ ਨਹੀਂ। ਮੇਰਾ ਵੀਜ਼ਾ ਇਕ ਸੜਕ ਅੱਗੇ ਜਾਣ ਦੀ ਆਗਿਆ ਨਹੀਂ ਦੇਂਦਾ। ਮੈਂ ਏਥੋਂ ਦਾ ਸ਼ਹਿਰੀ ਸੀ। ਸ਼ਹਿਰ ਵਿਚ ਮੇਰਾ ਜੱਦੀ ਪੁਸ਼ਤੀ ਘਰ ਸੀ। ਮੇਰੀਆਂ ਜੜਾਂ ਪੰਜਾਬ ਦੀ ਧਰਤੀ ਵਿਚ ਕੇਡੀਆਂ ਥੱਲੇ ਸੀ, ਪਰ ਉਹਨਾਂ ਮੈਨੂੰ ਜਿਵੇਂ ਰੰਬੇ ਨਾਲ ਪੁੱਟ ਕੇ ਪਰਾਂਹ ਸੁੱਟ ਦਿੱਤਾ ਹੋਵੇ। ਫੇਰ ਵੀ ਜਾਣ ਲੱਗ ਮੈਂ ਬਹੁਤ ਸਾਰਾ ਲਾਹੌਰ ਆਪਣੇ ਦਿਲ ਵਿਚ ਵਸਾ ਕੇ ਲੈ ਗਿਆ ਸੀ। ਹੁਣ ਤਾਂ ਉਸੇ ਨਾਲ ਵੱਸਦਾ ਰਿਹਾ ਹਾਂ। ਉਥੇ ਲੰਡਨ ਵਿਚ ਮੇਰੀ ਪੁਛਾਣ ਦਾ ਹਵਾਲਾ ਏਹੋ ਹੀ ਏ। ਸਾਨਿਆਲ ਬਖ਼ਸ਼ੀ ਫਰਾਮ ਲਾਹੌਰ।" ਏਸੇ ਜੜ੍ਹ ਨੂੰ ਮੇਰੇ ਦਿਲ ਵਿਚੋਂ ਪੁੱਟ ਸੁੱਟਣ ਦੀ ਗੱਲ ਕਿਸੇ ਦੇ ਵੱਸ ਵਿਚ ਨਹੀਂ। ਪਰ ਅੱਜ ਇਹ ਸ਼ਹਿਰ ਕੇਡਾ ਬੇਗਾਨਾ ਜੇਗ ਲੱਗਾ। ਉੱਕਾ ਹੀ ਪਰਾਇਆ। ਵੇਲੇ ਨੇ ਮੇਰਾ ਸ਼ਿਕਾਰ ਖੇਡਿਆ। ਏਸ ਕੰਮ ਨੇ ਮੇਰੇ ਨਾਲ ਕੀ ਕੀਤਾ ? ਮੇਰੀ ਤਾਰੀਖ ਦੀ ਜੜ੍ਹ ਵੱਢ ਸੁੱਟੀ। ਕੋਈ ਥਾਂ ਮੇਰੀ ਨਹੀਂ ਜਿੱਥੇ ਪਰਤ ਕੇ ਜਾਵਾਂ। ਮੈਂ ਇੱਕ ਜਲਾਵਤਨ।' ਫੇਰ ਵੀ ਕਿਸੇ ਫਲਸਤੀਨੀ ਵਾਂਗ ਆਪਣੇ ਬੱਚਿਆਂ ਦੇ ਦਿਲ ਵਿਚ ਪੰਜਾਬ ਦੇਸ਼ ਦਾ ਬੀਜ ਬੀਜਦਾ ਰਹਿੰਦਾ ਹਾਂ। ਮੇਰਾ ਪੁੱਤਰ ਲੰਡਨ ਵਿਚ ਜੰਮਿਆ। ਪਰ ਲੰਡਨ ਨੂੰ ਆਪਣਾ ਦੇਸ਼ ਨਹੀਂ ਮੰਨਦਾ। ਉਹ ਆਪਣੀਆਂ ਜੜ੍ਹਾਂ ਦੀ ਖੋਜ ਚਾਹੁੰਦਾ ਏ। ਕੀ ਸੁਣਾਵਾਂਗਾ ਉਹਨੂੰ ਮੈਂ ਏਥੋਂ ਕੀ ਲੈ ਕੇ ਜਾਵਾਂਗਾ ? ਉਹ ਕਿੰਨੇ ਸਵਾਲ ਪੁੱਛੇਗਾ। ਇਹ ਵੀ ਪਈ ਮੈਂ ਲਾਹੌਰ ਜਾ ਕੇ ਕੀ ਕੁਝ ਵੇਖਿਆ।" ਉਹਨੂੰ ਦੱਸ ਦੇਈ ਕਿ ਮੈਂ ਲਾਹੌਰ ਦੀ ਇੱਕ ਕੰਧ ਇਕ ਨਕਾਰੀ ਕੰਧ ਅੱਗੇ ਘੰਟਾ ਭਰ ਖੜਾ ਰਿਹਾ।' ਸ਼ੇਖ਼ ਨਸੀਰ ਨੇ ਉਹਨੂੰ ਛੇੜਿਆ।

"ਨਹੀਂ, ਬੇਕਾਰ ਨਹੀਂ ਖੜ੍ਹਾ ਰਿਹਾ। ਮੈਂ ਇਕ ਅਜ਼ਲੀ (ਸਦੀਵੀ) ਸਵਾਲ ਵਾਸਤੇ ਵੀ ਸੋਚ ਰਿਹਾ ਵਾਂ। ਆਦਮ ਹਵਾ ਨੂੰ ਸਵਰਗ ਵਿਚੋਂ ਕਿਉਂ ਕੱਢ ਛੱਡਿਆ ਸੀ ਤੇ ਕੀਹਨੇ ? ਕੀ ਸੱਚੀ ਮੁੱਚੀ ਉਹਨੇ ਕਣਕ ਦਾ ਦਾਣਾ ਖਾਧਾ ਸੀ। ਜਾਂ ਕਿਸੇ ਕੰਧ ਉੱਤੇ ਲਿਖੇ ਸ਼ਬਦ ਪੜ੍ਹ ਲਏ ਸਨ। ਵੇਖ

ਸਕਦੇ ਹਾਂ ਕਿ ਅੱਜ ਇਹ ਕੰਧਾ ਕਿੰਨੇ ਸਾਰੇ ਗੁਨਾਹਾਂ ਦੇ ਦਾਗ਼ ਧੱਬੇ ਆਪਣੇ ਜਿਸਮ ਉੱਤੇ ਵਲੇਟੀ ਖੜ੍ਹੀ ਏ। ਮਿਸ ਰਾਓ ਵਾਂਗ? ਪਵਿੱਤਰ ਟੀਚਰ ਦਾ ਲਹੂ ਵੀ। ਖਬਰੇ ਮਿਸ ਰਾਓ ਨੇ ਗਲਤੀ ਕੀਤੀ, ਜੋ ਗਾਰਡੀਨੀਆਂ ਦੀ ਵਾੜ ਕਟਾ ਕੇ ਪੱਕੀ ਕੰਧ ਬਣਾ ਛੱਡੀ।"

ਮਿਸ ਰਾਓ ਨੇ ਗ਼ਲਤੀ ਕੀਤੀ ਕਿ ਨਹੀਂ, ਪਰ ਤੂੰ ਏਸ ਵੇਲੇ ਗ਼ਲਤੀ ਜ਼ਰੂਰ ਕਰ ਰਿਹਾ ਏਂ। ਏਡਾ ਮਹਿੰਗਾ ਵੇਲਾ ਕੰਧ ਪੜ੍ਹਨ ਤੇ ਖਰਚ ਕਰਕੇ ਕੀ ਲੱਭਣਾ। ਲਾਹੌਰ ਆਇਆ ਏਂ ਤਾਂ ਕਿਸੇ ਨੂੰ ਮਿਲ ਲੈ ਚੱਲ ਕੇ।" ਸ਼ੇਖ਼ ਨੇ ਉਹਨੂੰ ਹੱਥ ਫੜ ਕੇ ਅਗਾਂਹ ਟੋਰਿਆ।

"ਹਾਂ, ਸੱਚੀ ਮੁੱਚੀ ਮੈਂ ਬਸ਼ੂ ਦੇ ਟੱਬਰ ਨੂੰ ਮਿਲਣਾ ਚਾਹੁੰਦਾ ਹਾਂ. ਉਹ ਸਾਡੇ ਘਰ ਵਿਚ ਰਸੋਈਆ ਹੁੰਦਾ ਸੀ। ਮੈਂ ਉਹਨੂੰ ਖਤ ਲਿਖਦਾ ਰਿਹਾ ਹਾਂ। "ਤੁਹਾਡਾ ਰਸੋਈਆ ਮੁਸਲਮਾਨ?" ਸ਼ੇਖ਼ ਨਸੀਰ ਨੇ ਉਹ ਦੀ ਜਜ਼ਬਾਤੀ ਖਿੱਚ ਘੱਟ ਕਰਨ ਲਈ ਗੱਲ ਪੁੱਛੀ। ਨਹੀਂ ਤਾਂ ਉਹ ਜਾਣਦਾ ਸੀ ਕਿ ਮੁਗ਼ਲਾਂ ਦੇ ਵੇਲਿਆਂ ਤੋਂ ਵੱਡੇ ਵੱਡੇ ਹਿੰਦੂ ਸਿੱਖ ਘਰਾਂ ਵਿਚ ਬਾਵਰਚੀ (ਰਸੋਈਏ) ਮੁਸਲਮਾਨ ਈ ਰੱਖਦੇ ਸੀ। ਸਾਨਿਆਲ ਬਖ਼ਸ਼ੀ ਉਹਨੂੰ ਦੱਸਦਾ ਰਿਹਾ, ਪਈ ਉਹਨਾਂ ਦੇ ਖਾਨਦਾਨ ਦਾ ਪਿਛੋਕੜ ਜ਼ਿਮੀਂਦਾਰ ਵਾਲੀ ਰਹੀ ਏ। ਸਦੀਆਂ ਤੋਂ ਸਾਰਾ ਖਾਨਦਾਨ ਜ਼ਮੀਨਾਂ ਨਾਲ ਜੁੜਿਆ ਰਿਹਾ ਏ। ਵੱਡੇ ਵੱਡੇ ਮੁਸਲਮਾਨ ਜ਼ਿਮੀਂਦਾਰਾਂ ਨਾਲ ਦੋਸਤੀ ਦੇ ਸਬੰਧ ਸੀ। ਦਾਅਵਤਾਂ ਰੋਜ਼ ਹੀ ਹੁੰਦੀਆਂ ਸਨ। ਗੋਸ਼ਤ ਵਾਲੇ ਖਾਣੇ ਪੱਕਦੇ ਸਨ। ਹੁਣ ਮੁਰਗ-ਰੋਸਟ ਜਾਂ ਭੁੱਜੇ ਬਲੇਰਿਆਂ ਵਾਲਾ ਕੰਮ ਕੋਈ ਹਿੰਦੂ ਰਸੋਈਆ ਤਾਂ ਕਰ ਨਹੀਂ ਸਕਦਾ।

"ਨਹੀਂ, ਮੈਂ ਉਹਨਾਂ ਵਿਚੋਂ ਕਿਸੇ ਨੂੰ ਵੀ ਮਿਲਣਾ ਨਹੀਂ ਚਾਹੁੰਦਾ।" ਸਾਨਿਆਲ ਨੇ ਜਵਾਬ ਦਿੱਤਾ। "ਪਰ ਕਿਉਂ?"

"ਵੇਲੇ ਸਿਰ ਸਾਰਿਆਂ ਨੇ ਦਗ਼ਾ ਕੀਤਾ। ਉਹ ਚਾਹੁੰਦੇ ਸੀ ਸਾਨੂੰ ਏਥੋਂ ਕੱਢ ਦਿੱਤਾ ਜਾਵੇ"। ਮਜ਼ਹਬ ਨੂੰ ਸਿਆਸਤ ਨਾਲ ਜੋੜਨਾ ਠੀਕ ਨਹੀਂ ਰਿਹਾ। ਸ਼ੇਖ਼ ਨੇ ਇਕ ਵਾਰੀ ਫੇਰ ਮਹਿਜ਼ੂਰਤ (ਟਕਰ) ਵਾਲੀ ਗੱਲ ਕੀਤੀ।

"ਨਾ ਵੀਰਾ ਨਾ। ਮਜ਼ਹਬ ਸਿਆਸਤ ਇਹਨਾਂ ਵਿਚੋਂ ਕੋਈ ਵੀ ਕਦੇ ਵੀ ਪੰਜਾਬ ਦੇ ਜ਼ਿਮੀਦਾਰਾਂ ਦਾ ਮਸਲਾ ਨਹੀਂ ਰਿਹਾ।"

"ਚੰਗਾ ਤੂੰ ਦੱਸ ਇਹ ਮੁਆਮਲਾ ਕੀ ਸੀ?"

"ਉਹਨਾਂ ਵਿਚੋਂ ਬਹੁਤੇ ਹਿੰਦੂਆਂ ਦੇ ਕਰਜ਼ਾਈ ਸਨ।"

"ਪਰ ਕਿਉਂ? ਤੁਹਾਡੀ ਟੱਕਰ ਦੇ ਜ਼ਮੀਨਾਂ ਮੁਰੱਬਿਆਂ ਵਾਲੇ ਕਰਜਾਈ ਕਿੰਝ ਹੋ ਗਏ?"

ਸਾਨਿਆਲ ਨੂੰ ਲੱਗਾ ਕਿ ਸ਼ੇਖ਼ ਪੁੱਤਰ ਉਕਾ ਈ ਪੈਦਲ ਸੀ। ਉਹਨੂੰ ਦੱਸਦਾ ਰਿਹਾ।

"ਮੇਰੇ ਬਾਪ ਦਾਦਾ ਦੀ ਲੱਖਾਂ ਦੀ ਪ੍ਰੈਕਟਿਸ ਸੀ। ਆਪਣੀ ਜ਼ਿਮੀਂਦਾਰੀ ਨੂੰ ਤਰੱਕੀ ਵੀ ਦਿੱਤੀ। ਮਜ਼ਾਰੇ ਦੀ ਹਾਲਤ ਵਿਗੜਨ ਨਾ ਦਿੱਤੀ। ਖੇਤੀ ਦੇ ਨਵੇਂ ਤਜਰਬੇ ਕੀਤੇ-ਕਰਾਏ। ਬਾਗ਼ ਲਵਾਏ। ਨਾਲ ਨਾਲ ਕਾਰਖਾਨੇ ਵੀ। ਦੂਜੇ ਪਾਸੇ ਕੀ ਸੀ। ਅਨਪੜ੍ਹਤਾ, ਅੱਯਾਸ਼ੀ ਤੇ ਪਛੜੇਵਾਂ। ਵੱਡੇ ਵੱਡੇ ਜ਼ਿਮੀਦਾਰਾਂ ਦੀਆਂ ਜ਼ਮੀਨਾਂ ਗਹਿਣੇ ਪਈਆਂ ਹੋਈਆਂ ਹਨ।

"ਇਹਦਾ ਮਤਲਬ ਏ ਹੁਣ ਉਹਨਾਂ ਨਾਲ ਸਬੰਧ ਕੋਈ ਨਹੀਂ।"

"ਬਿਲਕੁਲ ਖਤਮ"

"ਤੇ ਉਹ ਖਾਨਸਾਮੇਂ, ਉਹ ਦਲਿਤ, ਸਾਈਂ ਆਦਿ ਨੂੰ ਮਿਲਣ ਦੀ ਗੱਲ?" "ਉਹ ਗੱਲ



ਪੱਕੀ ਏ। ਮੈਂ ਉਹਨਾਂ ਕੋਲ ਜ਼ਰਰ ਜਾਵਾਂਗਾ। ਉਹੋ ਸਾਨੂੰ ਬਚਾਵਣ ਵਾਲੇ ਸੀ। ਉਹਨਾਂ ਦੀ ਵਜਾਹ ਨਾਲ ਘਰ ਦੇ ਜੀਅ ਬਚ ਗਏ। ਕਨੀ ਵੀ ਲੱਟੀ ਨਾ ਗਈ. ਕੜੀਆਂ ਅਗਵਾ ਨਾ ਹੋਈਆਂ। ਸਾਡੇ ਨੌਕਰ ਮਸਲਮਾਨ ਹੰਦੇ ਸੀ।"

"ਉਹ [illegible] ਮਸਲਮਾਨ [illegible]"

"[illegible] ਝਗੜਾ ਹਿੰਦੂ. ਮਸਲਮਾਨ ਦਾ ਨਹੀਂ ਸੀ। ਝਗੜਾ [illegible] ਉਹਨਾਂ ਪਾਇਆ ਜਿਹਨਾਂ ਘਰ ਕੋਠੀਆਂ ਲੁੱਟੇ। ਜਾਇਦਾਦਾਂ ਉੱਤੇ ਕਬਜ਼ੇ ਕੀਤੇ?" ਛੱਡ ਯਾਰ. ਤੂੰ ਕਿਵੇਂ ਕਹਿ ਸਕਦਾ ਏ ਕਿ ਤੁਹਾਡੇ ਜਾਣ ਪਿੱਛੋਂ ਕੋਠੀ ਨੌਕਰਾਂ ਕੋਲ ਨਹੀਂ ਸੀ ਰਹੀ। ਮੈਂ ਚੰਗੀ ਤਰ੍ਹਾਂ ਜਾਣਦਾ ਹਾਂ ਕਿ ਸਗੋਂ ਉਹਨਾਂ ਪੂਰੀ ਨਿਗਰਾਨੀ ਕੀਤੀ। ਸਾਡੇ ਕੁੱਤੇ ਘੋੜੇ ਵੀ ਸਾਂਭ ਕੇ ਰੱਖੇ। ਓਸ ਵੇਲੇ ਤਾਈਂ ਜਦੋਂ ਕ ਸਟੇਡੀਅਨ ਵਾਲਿਆਂ ਨੇ ਲੀਗੀ ਲੀਡਰਾਂ ਨੇ ਰਲ ਮਿਲ ਕੇ ਸਭ ਕਝ ਲੱਟਿਆ। ਸਿਵਾਏ ਚਾਂਦੀ ਤੇ ਕਰੰਸੀ ਦੇ।

"ਕੀ ਆਖਿਆ. ਸੋਨਾ ਚਾਂਦੀ ਤੇ ਕਰੰਸੀ ਬਚ ਗਏ? ਓਹ ਕਿਵੇਂ?" "ਹਾਂ ਸਭ ਕਝ [illegible] ਗਿਆ। ਇਹਨਾਂ ਨੌਕਰਾਂ ਦੀ ਵਜਾਹ ਕਰਕੇ। ਓਸੇ ਵੇਲੇ ਕੋਠੀ ਕਵਾਟਰਾਂ ਵਿਚ ਤਿੰਨ ਮਸਲਮਾਨ ਟੱਬਰ [illegible] ਯੋਜਨਾ ਦਾ ਓਸ ਰਾਤ ਨਿਕਲਣ ਤੋਂ ਪਹਿਲਾਂ ਮੇਰੇ ਮਾਤਾ ਪਿਤਾ [illegible] ਤਜੌਰੀਆਂ ਦਾ ਮਾਲ ਔਰਤਾਂ ਦੇ ਗਹਿਣੇ ਗੱਟੇ ਇਕੱਠੇ ਕਰਕੇ ਚਾਰ ਕਨਸਤਰਾਂ ਵਿਚ ਭਰ ਦਿੱਤੇ। ਫੇਰ ਇੱਕ ਇੱਕ ਕਨਸਤਰ ਉਹਨਾਂ ਚੌਹਾਂ ਕੋਲ ਰੱਖ ਦਿੱਤਾ। ਏਸ ਖਿਆਲ ਨਾਲ ਕਿ ਜੇ ਮਾਰ ਵੀ ਲੈਣਗੇ ਤਾਂ ਵੀ ਲੱਟੇ ਜਾਣ ਨਾਲੋਂ ਤਾਂ ਚੰਗਾ ਈ ਹੈ। ਓਹਨਾਂ ਦੀਆਂ ਪਛਤਾਂ ਨੇ ਸਾਡੀਆਂ ਪੀੜ੍ਹੀਆਂ ਦੀ ਖਿਦਮਤ ਕੀਤੀ ਸੀ। ਪਿੱਛੋਂ ਚੰਗੀ ਜ਼ਿੰਦਗੀ ਗਜ਼ਾਰਨਗੇ ਤੇ ਯਾਦ ਕਰਨਗੇ. ਇਕ [illegible]ਨਸਤਰ ਘੱਟੋ ਘੱਟ ਪੰਜ ਲੱਖ ਦਾ ਮਾਲ ਸੀ। ਕਲਪਣਾ ਕਰੋ ਓਸ ਜ਼ਮਾਨੇ ਵਿਚ"

"[illegible] ਲੱਖ-ਪਤੀ ਹੋ ਗਏ ਹੋਣਗੇ?" ਸ਼ੇਖ਼ ਨੇ ਪੁੱਛਿਆ। "ਨਹੀਂ ਉਹਨਾਂ ਨੇ ਕਨਸਤਰ ਜ਼ਮੀਨ ਵਿਚ ਦੱਬ ਦਿੱਤੇ। ਕਿਸੇ ਨੇ ਖੋਲ੍ਹ ਕੇ ਤੱਕਿਆ ਵੀ ਨਹੀਂ ਕਿ ਅੰਦਰ ਕੀ ਏ। ਫਸਾਦ ਖਤ[illegible] ਹੋਣ ਪਿੱਛੋਂ ਪਿਤਾ ਜੀ ਇਕ ਦਿਨ, ਆਗਿਆ ਲੈ ਕੇ ਲਾਹੌਰ ਆਏ ਤੇ ਆਪਣੀਆਂ ਕਿ[illegible] ਕਾਗਜ਼ ਲੈ ਜਾਣ ਵਾਸਤੇ। ਉਸ ਵੇਲੇ ਉਹਨਾਂ ਦੌਲਤ ਦੇ ਭਰੇ ਹੋਏ ਚਾਰੇ ਪੀਪੇ ਕੱਢ ਕੇ ਸਾਹ[illegible] ਰੱਖ ਦਿੱਤੇ। ਸਗੋਂ ਸਿਰਾਂ ਤੇ ਚੁੱਕ ਕੇ ਸਰਹੱਦ ਤੋੜੀ ਛੱਡ ਵੀ ਗਏ ਓਹੋ ਦੌਲਤ ਸੀ. ਜਿਸ ਨਾ[illegible] ਅਸਾ ਸਾਰੇ ਇੰਗਲੈਂਡ ਜਾ ਕੇ ਚੰਗੀ ਤਰ੍ਹਾਂ ਸੈਟਲ ਵੀ ਹੋ ਸਕੇ।

[illegible]

ਛੱਡ ਕੇ ਏਥੇ ਆ ਗਿਆ। ਉਂਝ ਵੀ ਉਹ ਕਮੀਨੇ ਕਵਾਟਰ ਦਾ ਕਿਰਾਇਆ ਮੰਗਣ ਲੱਗ ਪਏ ਸੀ। ਟੁੱਚੇ ਕਿਸੇ ਥਾਂ ਦੇ।" ਆਪ ਗੁਲਾਮ ਰਸੂਲ ਦੇ ਹਾਲਾਤ ਕੀ ਸਨ। ਇੱਕ ਮੁੰਡਾ ਆਵਾਰਾ ਨਿਕਲ ਗਿਆ ਦੂਜਾ ਸਟੇਸ਼ਨ ਤੇ ਜਾ ਕੇ ਕੁੱਲੀ ਬਣ ਗਿਆ। ਤੀਸਰਾ ਜੋ ਥੋਹੜਾ ਬਹੁਤ ਪੜ੍ਹ ਲਿਖ ਗਿਆ ਸੀ, ਕਿਸੇ ਸਿਆਸੀ ਪਾਰਟੀ ਦਾ ਰੁਕਨ ਬਣ ਗਿਆ ਏ। ਜਿੰਦਾਬਾਦ ਤੇ ਮੁਰਦਾਬਾਦ ਕਰਦਾ ਫਿਰਦਾ ਏ। ਖਬਰੇ ਏਸ ਆਸਰੇ ਪਈ ਪਾਰਟੀ ਜਿੱਤ ਜਾਵੇ, ਤਾਂ ਚੰਗੀ ਨੌਕਰੀ ਦਵਾ ਦੇਵੇਗੀ।

ਰਹਿਮਾ ਸਾਈਂ ਤੇ ਬਸ਼ੂ ਦਾ ਟੱਬਰ ਕਿਸ ਹਾਲਤ ਵਿਚ ਹੈ? ਸਾਨਿਆਲ ਤੇ ਪੁੱਛਣ ਤੇ ਗੁਲਾਮ ਦੱਸਦਾ ਕਿ ਰਹਿਮਾ ਤੇ ਪਿੰਡ ਚਲਾ ਗਿਆ। ਓਥੇ ਬਾਪ ਦੀ ਥਾਂ ਵਾਹੀ ਬੀਜੀ ਕਰਨ ਲੱਗ ਪਿਆ। ਸਾਨਿਆਲ ਨੂੰ ਉਹ ਪਿੰਡ ਵੀ ਯਾਦ ਆਇਆ ਜਿੱਥੇ ਉਹਨਾਂ ਦੀ ਜ਼ਮੀਨ ਸੀ। ਰਹਿਮਾਂ ਅਸਲ ਵਿਚ ਉਹਨਾਂ ਦੇ ਮੁਜ਼ਾਰੇ ਦਾ ਪੁੱਤਰ ਈ ਸੀ। ਬੱਘੀ ਚਲਾਵਣ ਵਾਸਤੇ ਸ਼ਹਿਰ ਲਿਆਂਦਾ ਗਿਆ ਸੀ। ਰਹੀ ਬੱਸੋ ਦਲਿਤ, ਉਹ ਕਦੋਂ ਦੀ ਮਰ ਚੁੱਕੀ ਹੈ। ਉਹਦਾ ਟੱਬਰ ਹਾਲੇ ਵੀ ਉਸੇ ਕੋਠੀ ਵਿਚ ਰਹਿੰਦਾ ਟਾਕੀ, ਝਾੜੂ-ਕਰਦਾ ਏ।

ਸ਼ਾਮ ਪਈ ਏਅਰਪੋਰਟ ਜਾਣ ਵਾਸਤੇ ਉਹ ਆਪਣੇ ਬੈਗ ਵਿਚ ਚੀਜ਼ਾਂ ਵਸਤਾਂ ਰੱਖਦੇ ਹੋਏ ਉਹ ਸੋਚਦਾ ਰਿਹਾ ਕਿ ਇਹ ਦੋ ਦਿਹਾੜੇ ਉਹਦੀ ਜ਼ਿੰਦਗੀ ਵਿਚ ਖਾਸ ਹੋ ਗਏ। ਇੱਕ ਵਾਰੀ ਫੇਰ ਉਹਨੇ ਬਾਰੇ ਬਾਗ਼ ਪਿੱਪਲ ਬਰੋਟੇ ਵੇਖ ਲਏ। ਉਹਦੇ ਫੁੱਲ ਟਾਹਲੀਆ ਪੰਜਾਬ ਦੀਆਂ ਪਾਲੀਆਂ। ਖਿੜਕੀ ਕੋਲ ਜਾ ਕੇ ਉਹਨੇ ਖਿੱਚ ਕੇ ਸਾਹ ਲਿਆ। ਰਾਵੀ ਦੇਸ਼ ਦੀ ਹਵਾ। ਅੱਜ ਉਹ ਉਹਨਾਂ ਸੜਕਾਂ ਉੱਤੇ ਫਿਰਦਾ ਰਿਹਾ ਸੀ, ਇਹਨਾਂ ਉੱਤੇ ਉਹਦੇ ਵਡਾਰੂ ਫਿਰਦੇ ਰਹੇ ਸੀ। ਦੇਸ਼ ਨਿਕਾਲੇ ਦਾ ਦਰਦ ਕਦੇ ਦਿਲੋਂ ਗਿਆ ਨਹੀਂ ਸੀ। ਪਰ ਇਹ ਤਾਜ਼ਾ ਤਜਰਬਾ? ਆਪਣੇ ਸ਼ਹਿਰ ਵਿਚ ਵੀ ਬੇਪਛਾਣ ਫਿਰਨਾ। ਹੁਣ ਉਹ ਮੁੜ ਕੇ ਜਾ ਰਿਹਾ ਸੀ, ਕਿਸੇ ਨੂੰ ਦਿਲ ਦਾ ਹਾਲ ਦੱਸੇ ਬਗੈਰ। ਦਿਲ ਕੇਹਾ ਖਾਲੀ ਖਾਲੀ ਲੱਗ ਰਿਹਾ ਸੀ। ਕੇਡੀ ਆਰਜ਼ੂ ਸੀ। ਏਥੇ ਮੁੜ ਕੇ ਆਵਣ ਦੀ। ਪਰ, ਹੁਣ ਮੁੜ ਜਾਣ ਦੀ ਜਲਦੀ। ਚਲੇ ਜਾਣਾ ਤੇ ਮੁੜ ਕੇ ਕਦੀ ਨਾ ਆਉਣਾ। ਲਾਹੌਰ ਲੰਡਨ ਕੋਲੋਂ ਵੱਧ ਅਜਨਬੀ ਲੱਗਾ।

ਸਾਨਿਆਲ ਬਖ਼ਸ਼ੀ ਦੇ ਅੰਦਰ ਏਸ ਜਜ਼ਬਾਤੀ ਸੋਜ਼ ਸਾਜ਼ ਤੋਂ ਅੱਗੇ ਵੀ ਕੁਝ ਚੁੱਭ ਰਿਹਾ ਸੀ। ਉਹ ਨਵੀਂ ਸੋਚ ਦਾ ਇਨਸਾਨ ਸੀ। ਪੁਰਾਣੀ ਦੁਨੀਆਂ ਦਾ ਵਸਨੀਕ। ਸਾਰੇ ਭੰਬਲ-ਭੂਸੇ ਸਮਝ ਸਕਦਾ ਸੀ। ਏਸੇ ਕਰਕੇ ਉਹ ਜਜ਼ਬਾਤ ਦੀ ਪਕੜ ਤੋਂ ਛੁੱਟ ਦੀ ਠੰਢੀ ਸੋਚ ਨੂੰ ਸਮਝ ਸਕਦਾ ਸੀ। ਤਵਾਰੀਖ ਨੇ ਕੇਹਾ ਪਲਸੇਟਾ ਮਾਰਿਆ ਸੀ, ਸਭ ਕੁਝ ਉਲਟ ਪਲਟ ਗਿਆ। ਉਹ ਇਕੱਲਾ ਨਹੀਂ ਸੀ, ਲੱਖਾਂ ਕਰੋੜਾਂ ਲੋਕੀ ਪਛਾੜ ਗਏ। ਕੇਡੀ ਬੇਦਰਦੀ ਨਾਲ ਉਹਨਾਂ ਦੀਆਂ ਜੜ੍ਹਾਂ ਵੱਢੀਆਂ ਗਈਆਂ? ਵਤਨੋਂ ਬੇਵਤਨ ਹੋਏ ਲੋਕੀਂ ਇਹ ਤਜਾਜ਼' ਵੀ ਨਾ ਕਰ ਸਕੇ। ਉਹਨਾਂ ਦੀ ਸੰਘੀ ਘੁੱਟੀ ਗਈ। ਪਰ ਕਾਹਦੇ ਲਈ? ਕਾਹਦੇ ਲਈ? ਸੁਣੀਆਂ ਪੜ੍ਹੀਆਂ ਗੱਲਾਂ ਹੋਰ ਸੀ। ਬੀਤੀਆਂ ਵਰਤਾਰੀਆਂ ਹੋਰ। ਏਸ ਖਿੱਤੇ ਵਿਚ ਲੋਕਾਂ ਦੀ ਲੜਾਈ ਗੈਰ-ਮੁਲਕੀ ਹਾਕਮਾਂ ਨਾਲ ਸੀ। ਉਹਨਾਂ ਨੂੰ, ਏਥੇ ਲੁੱਟ ਮਾਰ ਕਰਦੇ ਜੁੱਗ ਬੀਤ ਗਏ ਸੀ। ਕਈ ਨਸਲਾਂ ਦੀ ਵਿੱਥ ਤੇ ਸਿਆਸਤ ਦਾ ਕਾਰੋਬਾਰ ਕਰਨ ਵਾਲਿਆਂ ਨੂੰ ਸਮਝ ਨਾ ਆਈ। ਉਂਝ ਵੀ ਉਹ ਭੈੜੀਆਂ ਨੀਤਾਂ ਵਾਲੇ ਸਨ। ਬੜੇ ਕਮਜ਼ੋਰ ਨਿਕਲੇ। ਚੰਗੇ ਫੈਸਲੇ ਨਾ ਕਰਾ ਸਕੇ। ਉਹਨਾਂ ਆਪਣੇ ਮਤਲਬ ਦੇ ਫੈਸਲੇ ਕਰਾਏ।



ਲੋਕਾਂ ਨੂੰ ਧੋਖਾ ਦਿੱਤਾ। ਅੱਜ ਵੇਖ ਲਓ, ਕੰਡਿਆਂ ਦੀ ਫਸਲ। ਹਿੰਦੂਆਂ ਨੂੰ ਕੱਢ ਕੇ ਕਿਸੇ ਗਰੀਬ ਮੁਸਲਮਾਨ ਨੂੰ ਫਾਇਦਾ ਨਹੀਂ ਹੋਇਆ। ਅੱਜ ਵੀ ਉਹੋ ਹੀ ਹੈ, ਜੋ ਕੁਝ ਕੱਲ੍ਹ ਵੀ।

ਉਹਨੂੰ ਧੋਬੀ ਮੰਡੀ ਦੀ ਗਰੀਬ ਆਬਾਦੀ ਯਾਦ ਆਉਂਦੀ ਰਹੀ, ਜਿੱਥੇ ਉਹਦਾ ਗੁਲਾਮ ਰਸੂਲ ਰਹਿੰਦਾ ਏ। ਤੇ ਰਹਿਮਾ ਵੀ ਓਸੇ ਤਰ੍ਹਾਂ, ਸਗੋਂ ਹੋਰ ਭੈੜੇ ਹਾਲਾਤ ਵਿਚ। ਇਹਨਾਂ ਨੂੰ ਨਵੀਂ ਪੁਰਾਣੀ ਦੌਲਤ ਕੋਲੋਂ ਕੁਝ ਨਾ ਜੁੜਿਆ। ਉਹਦੇ ਨੌਕਰਾਂ ਦੇ ਚਾਰੇ ਟੱਬਰ ਕੋਠੀ ਦੇ ਕੁਵਾਟਰਾਂ ਦੇ ਹੱਕਦਾਰ ਵੀ ਨਾ ਬਣ ਸਕੇ। ਉਸ ਦੌਲਤ ਨੂੰ ਵੀ ਲੁੱਟ ਨਾ ਸਕੇ, ਜੋ ਉਹਨਾਂ ਦੇ ਹੱਥ ਵਿੱਚ ਸੀ। ਕਿੱਧਰ ਦੀ ਵਫਾਦਾਰੀ, ਨਮਕ ਖਵਾਰੀ। ਮੁਜ਼ਾਰੇ ਹੁਣ ਦੂਜਿਆਂ ਦੇ ਮੁਜ਼ਾਰੇ ਬਣ ਗਏ। ਹਿੰਦੂ ਦੀ ਛੱਡੀ ਜ਼ਮੀਨ ਮੁਸਲਮਾਨ ਨੂੰ ਨਾ ਮਿਲ ਸਕੀ। ਮੁਰੱਬੇ ਸਾਰੇ ਮੁਹਾਜਰਾਂ ਨੂੰ ਸੋਚਾਂ, ਸੋਚਾਂ... ਵੇਲੇ ਦੀ ਟੈਕਸੀ ਏਅਰਪੋਰਟ ਵੱਲ ਨੱਸੀ ਜਾ ਰਹੀ ਸੀ, ਤੇਜ਼ ਹੋਰ ਤੇਜ਼। ਜਹਾਜ਼ ਨੇ ਉਡੀਕ ਕਿੱਥੇ ਕਰਨੀ ਹੈ।

ਆਪਣੀ ਸੀਟ ਤੇ ਬਹਿ ਕੇ ਉਹਨੇ ਜਹਾਜ਼ ਦੀ ਖਿੜਕੀ ਤੋਂ ਬਾਹਰ ਵੇਖਿਆ। ਆਲੇ ਦੁਆਲੇ ਖ਼ੂਬਸੂਰਤ ਰਸਤਾ ਲਾਹੌਰ ਲੈ ਕੇ ਜਾਣ ਵਾਲਾ। ਪਰ ਹੁਣ ਦਿਲ ਦੀ ਉਹ ਹਾਲਤ ਨਹੀਂ ਸੀ ਜੋ ਆਵਣ ਵੇਲੇ ਹੋਈ ਸੀ। ਫੇਰ ਵੀ ਅੰਦਰੋਂ ਇੱਕ ਆਵਾਜ਼ ਉੱਠ ਰਹੀ ਸੀ। ਮੇਰਾ ਸ਼ਹਿਰ, ਮੇਰੀਆਂ ਗਲੀਆਂ, ਮੇਰਾ ਸਕੂਲ, ਮੇਰੀ ਅਨਾਰ-ਕਲੀ, ਮੇਰਾ ਜੀ, ਸੀ ਤਾਂ ਹਾਲੇ ਵੀ ਮੇਰਾ ਏ। ਰੋਲ-ਆਫ-ਆਨਰ ਉੱਤੇ ਮੇਰਾ ਨਾਂ ਹਾਲੀ ਵੀ ਲਿਖਿਆ ਹੋਇਆ ਹੈ। ਇਹ ਨਾਂ ਰਹੇਗਾ।

ਜਹਾਜ਼ ਉੱਚਾ ਉੱਠ ਗਿਆ ਤਾਂ ਸਾਰਾ ਸ਼ਹਿਰ ਉਹਦੇ ਸਾਹਮਣੇ ਆ ਗਿਆ। ਕਿਆ ਸ਼ਾਨਦਾਰ ਦ੍ਰਿਸ਼' ਬੇਸ਼ੁਮਾਰ ਮਕਾਨ, ਸੜਕਾਂ, ਮੁਹੱਲੇ, ਮੀਨਾਰੇ, ਮਕਬਰੇ। ਜੀ ਸੀ ਦੇ ਗਾਥਕ ਮੀਨਾਰੇ ਉਪਰ ਨੂੰ ਉੱਠੇ ਹੋਏ, ਹੱਥਾਂ ਵਾਂਗ ਜਿਵੇਂ ਆਖਰੀ ਵਿਦਾ ਕਰ ਰਹੇ ਹੋਣ। ਸਾਨਿਆਲ ਦੀਆਂ ਅੱਖਾਂ ਭਰ ਆਈਆਂ। G.C. (ਜੀ.ਸੀ) ਤੇਰਾ ਸ਼ੁਕਰੀਆ। ਤੂੰ ਮੈਨੂੰ ਬੜਾ ਕੁਝ ਦਿੱਤਾ। ਅੱਜ ਐਡੀ ਦੂਰੋਂ ਹਾਕ ਮਾਰ ਕੇ ਸੱਦਿਆ। ਤੇਰਾ ਕਰਮ! ਤੇਰੇ ਸਦਕੇ। ਮੈਨੂੰ ਇੱਕ ਵਾਰੀ ਫੇਰ ਅਕਲ ਮਿਲੀ। ਮੈਂ ਸਮਝ ਸਕਿਆ ਕਿ ਤਕਸੀਮ ਹੋਣ ਵਾਲਾ ਮੇਰਾ ਦਿਲ ਹੀ ਨਹੀਂ ਖ਼ੁਦ ਲਾਹੌਰ ਦੇ ਦਿਲ ਵਿਚ ਵੀ ਦਰਾੜਾਂ ਪੈ ਗਈਆਂ ਹੋਈਆਂ ਨੇ।

ਸਭ ਕੁਝ ਦੋ ਛਿਣ...ਇੱਕ ਜਹਾਨ ਕੱਲ੍ਹ ਸੀ। ਅੱਜ ਨਹੀਂ ਹੈ। ਇੱਕ ਜਹਾਨ ਅੱਜ ਹੈ, ਕੱਲ੍ਹ ਨਹੀਂ ਸੀ। ਏਸ ਤੋਂ ਪਹਿਲਾਂ ?' ਉਹਨੇ ਦੂਰ ਬੀਤੇ ਵੇਲੇ ਤੇ ਨਜ਼ਰ ਮਾਰੀ, ਸ਼ਾਇਦ ਕਿਸੇ ਹੋਰ ਸ਼ਹਿਰ ਦੀ ਤਾਰੀਖ ਏਸ ਤਰ੍ਹਾਂ ਵੱਢੀ ਟੁੱਕੀ ਸਹਾਈ ਹੋਵੇ।...

ਸਾਨਿਆਲ ਬਖਸ਼ੀ ਦਾ ਜਹਾਜ਼ ਲਾਹੌਰ ਦੀਆਂ ਹੱਦਾਂ ਤੋਂ ਬਾਹਰ ਨਿਕਲ ਗਿਆ, ਤਾਂ ਉਹਨੇ ਬਾਹਰ ਵੇਖਣਾ ਬੰਦ ਕਰ ਦਿੱਤਾ। ਆਪਣੇ ਬੈਗ ਵਿਚ ਰੱਖੇ ਹੋਏ-ਮਿੱਟੀ ਦੇ ਪਿਆਲਿਆਂ ਦੀ ਸਾਂਭ ਕਰਨ ਲੱਗਾ। ਪ੍ਰੇਮਾ ਦੀ ਫਰਮਾਇਸ਼ ਸੀ। ਉਹਨੇ ਬੁਰਜੀ ਚੌਕ ਵਾਲੇ ਘੁਮਿਹਾਰ ਦੀ ਦੁਕਾਨ ਤੋਂ ਖਰੀਦ ਲਏ। ਕੋਰੇ ਪਿਆਲਿਆ ਵਿਚ ਜਮਾਈ ਖੀਰ ਫਿਰਨੀ ਲੰਡਨ ਵਿਚ ਫਲੀ ਫੇਸ ਏ। ਉਹਦੇ ਭਾਰਤੀ ਦੋਸਤਾਂ ਦੇ ਘਰ ਮਿਲਦੀ ਏ। ਬੜੀ ਸ਼ਾਨ ਨਾਲ ਉਹ ਦੱਸਦੇ ਨੇ-

"ਇਹ ਪਿਆਲੇ ਸਾਡੇ ਆਗਰੇ ਦੀ ਮਿੱਟੀ ਦੇ ਹਨ।"

ਹੁਣ ਆਪਣੇ ਘਰ ਦੀ ਦਾਅਵਤ ਵਿਚ ਉਹ ਵੀ ਕਹਿ ਸਕੇਗਾ, "ਇਹ ਪਿਆਲੇ ਮੇਰੇ ਲਾਹੌਰ ਦੀ ਮਿੱਟੀ ਦੇ ਬਣੇ ਹੋਏ ਨੇ।"

*—ਲਿੱਪੀਅੰਤਰ : ਹਰਭਜਨ ਸਿੰਘ ਹੁੰਦਲ*

*99150-42242*

# ਥੈਂਕ ਯੂ ਮੌਮ

*—ਪੰਮੀ ਦਿਵੇਦੀ*

ਗੋਪੀ ਚਾਰ ਵਰ੍ਹਿਆਂ ਦੀ ਹੋ ਚੁੱਕੀ ਸੀ। ਪੰਜਵੇਂ ਦੇ ਵੀ ਸਮਝੋ ਤਿੰਨ ਕੁ ਮਹੀਨੇ ਬੀਤ ਗਏ ਸਨ। ਉੱਚ ਕੋਟੀ ਦੇ ਕਾਨਵੈਂਟ ਸਕੂਲ 'ਚ ਪੜ੍ਹਨੀ ਪਾਈ ਹੋਈ ਸੀ। ਆਪਣੀ ਉਮਰੋਂ ਵੱਧ ਸਿਆਣੀ ਦਿਖਦੀ। ਮਾਤ ਭਾਸ਼ਾ ਤੇ ਵਿਦੇਸ਼ੀ ਭਾਸ਼ਾ ਦਾ ਬਰਾਬਰ ਗਿਆਨ ਰੱਖਦੀ। ਅਜੋਕੇ ਸਮਾਜ ਦੇ ਚਲਨ ਅਨੁਸਾਰ ਸਰਿਸ਼ਟਾਚਾਰ ਦੇ ਪੈਂਤੜੇ ਸਮਝਦੀ। ਘਰ ਦਾ ਮਾਹੌਲ ਸੋਬਰ ਸੁੱਘੜ ਅਤੇ ਵਿੱਦਿਅਕ ਹੋਣ ਕਰਕੇ, ਗੋਪੀ ਹਰ ਸਮੇਂ ਕੁੱਝ ਨਾ ਕੁੱਝ ਨਵਾਂ ਸਿੱਖਣ 'ਚ ਯਤਨਸ਼ੀਲ ਰਹਿੰਦੀ। ਹਮਉਮਰ ਜੁਆਕਾਂ ਨਾਲੋਂ ਗੋਪੀ ਕਈ ਗੁਣਾਂ ਸੁਬੁੱਧ ਦਿਖਦੀ। ਦਿਖੇ ਵੀ ਕਿਓਂ ਨਾ? ਦਾਦੀ-ਦਾਦਾ ਰਿਟਾਇਰਡ ਮਾਸਟਰ, ਪਿਓ ਡਾਕਟਰ ਅਤੇ ਮਾਂ ਵੀ ਸਕੂਲ ਅਧਿਆਪਕਾ। ਗੋਪੀ ਆਪਣੇ ਗੁਣਾ ਸਦਕਾ ਸਾਰੇ ਪਰਿਵਾਰ ਦੀ ਖੁਸ਼ੀ ਦਾ ਕੇਂਦਰ ਬਿੰਦੂ ਬਣੀ ਰਹਿੰਦੀ।

ਗੋਪੀ ਸਕੂਲ ਚਲੀ ਜਾਂਦੀ, ਡਾਕਟਰ ਸਾਹਿਬ ਹਾਸਪਿਟਲ ਤੇ ਮੈਂ ਵੀ ਸਕੂਲ ਚਲੀ ਜਾਂਦੀ। 'ਬੇਜੀ ਅਤੇ 'ਦਾਰ ਜੀ ਸਾਰਾ ਸਾਰਾ ਦਿਨ ਇਕੱਲੇ ਬੈਠੇ ਆਪਣੇ ਅਤੀਤ ਦੇ ਅਟੇਰਨ ਫੇਰਦੇ ਰਹਿੰਦੇ। ਜਿੰਨਾ ਚਿਰ ਗੋਪੀ ਸਕੂਲ ਨਹੀਂ ਸੀ ਜਾਣ ਲੱਗੀ ਉਨ੍ਹਾਂ ਦਾ ਰੁਝੇਵਾਂ ਵਾਹਵਾ ਮਸਰੂਫ [illegible] ਗਿੱਮਣ ਦਾ। ਤਨ-ਮਨ ਨੂੰ ਦਿਨ ਕਰ ਲੂੰਹਦੀ ਰਹਿੰਦੀ। ਦੋ ਜੀਆਂ ਦੇ [illegible] ਉਹ ਇਕੱਲ ਹੀ ਭਰਦੇ। ਜਿਸਦੇ ਕਾਫ਼ੀਏ ਨੂੰ ਦਿਨੋ-ਦਿਨ ਤੰਗ ਹੁੰਦਾ [illegible] "ਰੁਪਿੰਦਰ ਕੌਰੇ ਸਾਡੇ ਜਿਉਂਦੇ ਜੀਅ ਘਰ ਦੀ [illegible]। ਇਕੱਲੇ [illegible] ਨਾਲ ਕੋਈ ਪਰਿਵਾਰ ਨਹੀਂ ਬਣਦਾ। ਸੁੱਖ ਨਾਲ ਗੁਰਪ੍ਰੀਤ ਵੀ ਹੁਣ ਤਾਂ ਪੰਜਵੇਂ ਸਾਲ ਦੇ ਅੱਧ ਨੂੰ ਢੁੱਕਣ ਲੱਗੀ ਏ। ਇਹ ਵੀ ਵਿਚਾਰੀ ਇਕੱਲ [illegible] ਸੀ. 'ਬੇਜੀ ਮੈਂ ਰੱਖੜੀ ਕਿਸਦੇ ਬੰਨ੍ਹਾਂਗੀ?' "ਆਪਣੇ ਵੀਰ ਦੇ, ਮਾਮਾ ਜੀ ਦੇ ਬੇਟੇ, ਸੁਖਵੀਰ ਦੇ।" "ਉਹ ਤਾਂ ਬਹੁਤ ਵੱਡੇ ਆ, ਮੈਨੂੰ ਸੰਗ ਆਉਂਦੀ ਐ।"

"ਸੰਗ ਕਾਹਦੀ? ਚਲ ਫਿਰ ਲਵਪ੍ਰੀਤ ਦੇ ਬੰਨ੍ਹ ਲਈਂ, ਆਪਣੀ ਭੂਆ ਜੀ ਦੇ ਕਾਕੇ ਦੇ ਉਹ ਤਾਂ ਤੇਤੋਂ ਛਟਾ ਈ ਐ।" "ਉਹਦੇ ਤਾਂ ਉਹਦੀ ਦੀਦੀ ਪਹਿਲਾਂ ਹੀ ਬੰਨ੍ਹ ਦਿੰਦੀ ਆ ਤਾਂ ਫਿਰ ਮੈਂ [illegible] ਮੇਰ [illegible] ਆਪਣੇ ਮੌਮ ਪਾਪਾ ਨੂੰ ਪੁੱਛ ਜਾ ਕੇ।"

ਉਹ ਉਸੇ ਪ੍ਰਸ਼ਨ ਨੂੰ ਝੋਲੀ ਚੁੱਕੀ ਮੇਰੇ ਸਨਮੁਖ ਆ ਖਲੋਤੀ, "ਗਿਵ ਮੀ ਏ ਬ੍ਰਦਰ ਮੌਮ।" ਮੈਂ ਰੋਟੀ ਪਕਾ ਰਹੀ ਸੀ, ਹਥਲੇ ਪੇੜੇ ਦਾ ਬਾਵਾ ਬਣ ਕੇ ਉਹਦੀ ਤਲੀ ਤੇ ਰੱਖ ਦਿੱਤਾ। ਇੱਕ ਪਲ ਗਹੁ ਨਾਲ ਦੇਖ ਉਸਨੇ ਆਟੇ ਦਾ ਬਾਵਾ ਮੇਰੇ ਵੱਲ ਉਲਾਰ ਦਿੱਤਾ।" ਇਹ ਤਾਂ ਐਮੀ-ਮੁੱਚੀ ਦਾ ਏ। ਇਹਦੇ ਮੈਂ ਰੱਖੜੀ ਕਿੱਥੇ ਬੰਨ੍ਹੂੰਗੀ? ਆਟੇ ਦੇ ਬਾਵੇਂ ਨਾਲ ਮੈਂ ਕਿੱਦਾਂ ਖੇਲਾਂਗੀ? ਮੈਨੂੰ ਆਟੇ ਦਾ [illegible] ਨਹੀਂ ਸਗੋਂ ..।

ਇਹ ਭਲਾ ਕੀ ਸੁੱਝੀ ਡਾਕਟਰ ਮਨਪ੍ਰੀਤ ਨੂੰ ਜੋ ਮੇਰੇ ਹਜ਼ਾਰ ਤਰਲੇ ਕਰਨ ਦੇ ਬਾਵਜੂਦ ਮੈਨੂੰ ਅੱਜ ਰੂਬਲ ਸਕੈਨਿੰਗ ਸੈਂਟਰ ਦੇ ਬੂਹੇ ਅੱਗੇ ਲਿਆ ਖਲ੍ਹਾਰਿਆ। ਆਪ ਮਨਪ੍ਰੀਤ ਅੰਦਰ ਚਲਾ ਗਿਆ ਡਾਕਟਰ ਨੂੰ ਮਿਲਣ। ਸਕੈਨਿੰਗ ਸੈਂਟਰ ਵਾਲਾ ਉਸਦਾ ਜਿਗਰੀ ਦੋਸਤ ਸੀ। ਮੈਂ ਕਾਲੇ ਸ਼ੀਸ਼ੇ ਅਤੇ ਅਲਮੀਨੀਅਮ ਦੇ ਬਣੇ ਦਰਵਾਜ਼ੇ ਤੇ ਲਿਖੇ 'ਨੋ ਐਡਮੀਸ਼ਨ' ਨੂੰ ਪੜ੍ਹਕੇ ਏਧਰ-ਓਧਰ



ਝਾਕਦੀ ਸੋਚਦੀ ਹਾਂ ਕਿ ਕਿੱਡਾ ਵੱਡਾ ਦੰਭ ਹੈ ਇਨ੍ਹਾਂ ਡਾਕਟਰਾਂ ਦਾ, ਇੱਕ ਪਾਸੇ ਤਾਂ ਕੰਧ ਤੇ ਬਰਡ ਲਗਾ ਰਖਿਐ, ਇੱਥੇ ਲਿੰਗ ਨਿਰਧਾਰਤ ਟੈਸਟ ਨਹੀਂ ਕੀਤਾ ਜਾਂ। ਕੁੜੀ ਨੂੰ ਗਰਭ ਵਿੱਚ ਮਾਰਨਾ ਅਤੇ ਮਰਵਾਉਣ ਵਾਲੇ ਦੋਨੋਂ ਹੀ ਸਜ਼ਾ ਦੇ ਭਾਗੀਦਾਰ ਹਨ। 'ਮੁੰਡੇ ਹੋਣ ਜਾਂ ਹੋਵਣ ਕੁੜੀਆਂ, ਖੁਸ਼ੀਆਂ ਦੋਹਾਂ ਦੇ ਨਾਲ ਜੁੜੀਆਂ।' ਸੁਣੋ ਸਮਾਜ ਦੇ ਠੇਕੇਦਾਰੋ, ਜੰਮਣੋ ਪਹਿਲਾ ਧੀ ਨਾ ਮਾਰੋ। ਆਦਿ ਆਦਿ ਹੋਰ ਕਿੰਨਾ ਕੁਝ। ਕਿਤੇ ਮਨਪ੍ਰੀਤ ਆਪਣੀ ਅੰਦਰ...? ਨਹੀਂ...ਨਹੀਂ ਇਹ ਨਹੀਂ ਹੋ ਸਕਦਾ। ਹੋ ਸਕਦਾ ਉਹ ਆਪਣੇ ਮਿੱਤਰ ਡਾਕਟਰ ਕੋਲ ਕਿਸੇ ਨਿੱਜੀ ਕੰਮ ਲਈ ਗਿਆ ਹੋਵੇ। ਮੈਨੂੰ ਐਵੇਂ ਸ਼ੱਕ ਨਹੀਂ ਕਰਨਾ ਚਾਹੀਦਾ।

ਉਸੇ ਪਲ ਡਾਕਟਰ ਮਨਪ੍ਰੀਤ ਬਾਹਰ ਆਇਆ ਤੇ ਆਖਣ ਲੱਗਾ, "ਜਲਦੀ ਚਲੋ ਰੂਪ ਬੜੀ ਮੁਸ਼ਕਿਲ ਨਾਲ ਮੈਂ ਡਾਕਟਰ ਰੂਬਲ ਨੂੰ ਮਨਾਇਆ।" ਆਖਦਾ, "ਅੱਜਕੱਲ੍ਹ ਕਾਨੂੰਨ ਬਹੁਤ ਸਖਤ ਐ। ਸਿਹਤ ਵਿਭਾਗ ਬੜਾ ਚੌਕਸ ਏ। ਪਿਛਲੇ ਦਿਨੀਂ ਹੀ ਆਪਣੇ ਜਿਲ੍ਹੇ ਦੇ 6-7 ਸਕੈਨਿੰਗ ਸੈਂਟਰ ਦੇ ਲਾਈਸੈਂਸ ਰੱਦ ਕਰ ਦਿੱਤੇ ਗਏ ਹਨ।" ਮੈਂ ਆਵਾਕ ਖੜੀ ਡਾ. ਮਨਪ੍ਰੀਤ ਦੇ ਮੂੰਹ ਵਲ ਝਾਕਦੀ ਸੋਚ ਰਹੀ ਹਾਂ ਕਿ ਕੀ ਇਹ ਉਹੀ ਡਾ. ਪ੍ਰੀਤ ਏ? ਜਿਹੜਾ ਪਿਛਲੇ 8 ਮਾਰਚ ਨੂੰ 'ਸੰਸਾਰ ਨਾਰੀ ਦਿਵਸ' ਦੇ ਜ਼ਿਲ੍ਹਾ ਪੱਧਰੀ ਸਮਾਗਮ ਤੇ ਬਾਹਾਂ ਉਲਾਰ-ਉਲਾਰ ਕੇ ਕੰਨਿਆ ਭਰੂਣ ਹੱਤਿਆ ਤੇ ਭਾਸ਼ਨ ਦਿੰਦਿਆਂ ਇਸ ਪ੍ਰਕ੍ਰਿਆ ਨੂੰ ਮਹਾਂਪਾਪ ਅਤੇ ਨਾਬਖਸ਼ਣਯੋਗ ਅਪਰਾਧ ਦੀਆਂ ਸਮੱਸਿਆਵਾਂ ਲਗਾ ਕੇ ਲੋਕਾਂ ਦੀ ਬਾਹਵਾ ਖੱਟ ਰਿਹਾ ਸੀ। ਇਹਦਾ ਲੱਛੇਦਾਰ ਭਾਸ਼ਨ ਖਤਮ ਹੁੰਦਿਆਂ ਹੀ ਸਾਰਾ ਪੰਡਾਲ ਤਾੜੀਆਂ ਦੀ ਗੜਗੜਾਹਟ ਨਾਲ ਗੂੰਜ ਨਾਲ ਨੱਕੋ-ਨੱਕ ਉੱਛਲ ਗਿਆ ਸੀ। ਜ਼ਿਲ੍ਹੇ ਦੇ ਸਿਵਲ ਸਰਜਨ ਅਤੇ ਮੁੱਖ ਮਹਿਮਾਨ ਸਿਹਤ ਮੰਤਰੀ ਨੇ ਡਾ. ਮਨਪ੍ਰੀਤ ਨੂੰ ਉੱਠ ਉੱਠ ਕੇ ਥਾਪੜੇ ਦਿੰਦਿਆਂ ਆਪਣੀ ਜੱਫੀ 'ਚ ਲੈ ਲਿਆ ਸੀ। ਹਰ ਪਾਸਿਓਂ ਡਾ. ਪ੍ਰੀਤ ਦੇ ਭਾਸ਼ਨ ਦੀਆਂ ਟੂਕਾਂ ਦੀ ਸਰਵਸ੍ਰੇਸ਼ਟਾਂ ਦੀਆਂ ਵਧਾਈਆਂ ਮਿਲ ਰਹੀਆਂ ਸਨ। ਤੇ ਅੱਜ?...ਅੱਜ ਭਲਾ ਇਹ ਕੀ ਸੋਚ ਕੇ ਮੈਨੂੰ ਇਸ ਸਕੈਨਿੰਗ ਸੈਂਟਰ ਤੇ ਲੈ ਆਇਆ? ਕਿਓਂ ਲੈ ਆਇਆ? ਉਹ ਵੀ ਮੇਰੀ ਮਰਜ਼ੀ ਦੇ ਬਿਨਾਂ ਹੀ। ਬਿਨਾਂ ਸਹਿਮਤਾ ਦੇ। ਬਿਨਾਂ ਪੁੱਛੇ। ਬਿਨਾਂ ਦੱਸੇ ਇਸ ਧਿੰਗੋਜੋਰੀ ਦਾ ਭਲਾ ਕੀ ਮਤ੍ਹਲਬ! ਮੇਰਾ ਗੁੱਸਾ ਇਸ ਵਧੀਕੀ ਦੇ ਵਿਰੋਧ 'ਚ ਪਲ ਪਲ ਵਧਦਾ ਜਾ ਰਿਹਾ ਸੀ।

ਚਲੋ! ਚਲੋ!! 'ਰੂਪ' ਜਲਦੀ ਕਰੋ! ਸਮਾਂ ਬਹੁਤ ਘੱਟ ਹੈ।' ਡਾਕਟਰ ਮੈਨੂੰ ਬਾਹੋਂ ਫੜ ਅੰਦਰ ਵੱਲ ਖਿੱਚਣ ਲੱਗਾ।

"ਨਹੀਂ! ਬਿਲਕੁਲ ਨਹੀਂ! ਮੈਂ ਇਹ ਪਾਪ ਕਿਸੇ ਕੀਮਤ ਤੇ ਨਹੀਂ ਕਰਾਂਗੀ। ਮੈਂ ਇੱਕ ਮਾਂ ਹਾਂ ਮਮਤਾ ਦਾ ਕਤਲ ਹਰਗਿਜ਼ ਨਹੀਂ ਕਰਾਂਗੀ। ਅਜੇ ਤਾਂ ਸਿਰਫ ਦੋ ਕੁ ਹੀ ਮਹੀਨੇ ਹੋਏ ਹਨ। ਮੈਨੂੰ ਕਿਸੇ ਕਿਸਮ ਦੀ ਕੋਈ ਤਕਲੀਫ ਨਹੀਂ। ਨਾਰਮਲ ਕੇਸ ਹੈ ਕਿਸੇ ਡਾਕਟਰ ਦੀ ਸਲਾਹ ਜਾਂ ਸਕੈਨਿੰਗ ਦੀ ਕੋਈ ਲੋੜ ਨਹੀਂ ਹੈ। ਮੁੰਡੇ ਹੋਏ ਜਾਂ ਕੁੜੀ ਮੈਨੂੰ ਮਨਜ਼ੂਰ ਹੈ।" ਮੇਰਾ ਦੋ ਟੁੱਕ ਜਵਾਬ ਸੁਣਕੇ ਪ੍ਰੀਤ ਲਾਲ-ਪੀਲਾ ਹੋਣ ਲੱਗਾ। ਫਿਰ ਉਹ ਤਰਕ ਦਿੰਦਿਆਂ ਬੋਲਿਆ, "ਦੇਖੋ 'ਰੂਪ' ਅਜੋਕੇ ਜਮਾਨੇ ਦਾ ਚਲਨ ਬਹੁਤ ਬਦਲ ਰਿਹਾ ਹੈ। ਪਹਿਲਾਂ 'ਗੋਪੀ' ਆਈ ਆਪਾਂ ਉਸ ਨੂੰ ਖਿੜੇ ਮੱਥੇ ਸਵੀਕਾਰਿਆ। ਉਸਦੇ ਪਾਲਣ ਪੋਸ਼ਣ ਜਾਂ ਐਜੂਕੇਸ਼ਨ ਦੇਣ ਸਬੰਧੀ ਕੋਈ ਕਸਰ ਬਾਕੀ ਨਹੀਂ ਛੱਡੀ। ਹੁਣ ਗੋਪੀ, ਬੇਬੇ ਅਤੇ 'ਦਾਰਜੀ ਸਭ ਦੀ ਇੱਛਾ ਹੈ ਕਿ ਘਰ ਵਿੱਚ ਇੱਕ ਲੜਕਾ ਵੀ

ਹੋਣਾ ਚਾਹੀਦਾ। ਬਸ ਫਿਰ ਪਰਿਵਾਰ ਸੰਪੂਰਨ। ਇਸ ਦੇ ਵਿੱਚ ਘਬਰਾਉਣ ਦੀ ਭਲਾ ਕਿਹੜੀ ਗੱਲ ਹੈ। ਹੋ ਸਕਦਾ ਕਿ ਕੇਸ ਕੁਦਰਤੀ ਹੀ ਪਹਿਲਾਂ ਹੀ ਪਾਜ਼ੇਟਿਵ ਹੋਵੇ ਅਤੇ ਕੁੱਝ ਵੀ ਕਰਨ ਦੀ ਨੌਬਤ ਹੀ ਨਾ ਆਏ।"

"ਪਾਜ਼ੇਟਿਵ ਹੋਵੇ ਜਾਂ ਨਾਗੇਟਿਵ, ਮੈਂ ਪਾਪ ਕਿਸੇ ਕੀਮਤ ਤੇ ਨਹੀਂ ਕਰਨਾ ਭਾਵੇਂ ਦੁਨੀਆਂ ਇਧਰ ਦੀ ਓਧਰ ਹੋ ਜਾਵੇ।"

"ਲੈ ਦੱਸ, ਤੂੰ ਪੜ੍ਹੀ ਲਿਖੀ ਔਰਤ ਐਂ। ਅਜੇ ਵੀ ਪਾਪ ਪੁੰਨ ਦੇ ਕਾਲਪਨਿਕ ਗੇੜਾਂ 'ਚ ਪਈ ਫਿਰਦੀ ਐਂ। ਅਜੇ ਤਾਂ ਇਹ ਇੱਕ ਬੇਜਾਨ ਲੋਥੜਾ ਹੀ ਏ। ਮਾਸ ਦਾ ਨਿੱਕਾ ਜਿਹਾ ਬੁੱਤ।" ਡਾਕਟਰ ਮਨਪ੍ਰੀਤ ਹਰ ਹੀਲੇ ਸਕੈਨਿੰਗ ਕਰਵਾਕੇ ਅਗਲੀ ਕਾਰਵਾਈ ਲਈ ਉਤਾਵਲਾ ਸੀ। ਤੇ..ਮੈਂ...ਮੈਂ...ਆਪਣੇ ਜਾਣੇ ਦੀ ਮੋਹ ਪੀੜਾ 'ਚ ਗੜੁੱਚੀ ਡਾਕਟਰ ਦੀ ਇੱਕ ਵੀ ਗੱਲ ਮੰਨਣ ਨੂੰ ਤਿਆਰ ਨਹੀਂ ਸੀ।

ਡਾ. ਪ੍ਰੀਤ ਨੇ ਆਪਣੀ ਸ਼ਾਤਰਾਨਾ ਸ਼ਤਰੰਜ ਦਾ ਨਵਾਂ ਪੈਂਤੜਾ ਖੇਡ ਦਿਆਂ ਕਿਹਾ, "ਲੈ ਦਸ ਮੈਂ ਕਿਤੇ ਆਪਣੇ ਬੱਚੇ ਦਾ ਦੋਖੀ ਹਾਂ। ਮੈਨੂੰ ਭਲਾ ਕੋਈ ਦਰਦ ਹੀ ਨਹੀਂ! ਮੈਂ ਤਾਂ ਸਿਰਫ ਇਹੀ ਕਹਿੰਦਾ ਹਾਂ ਕਿ ਤੂੰ ਟੈਸਟ ਕਰਵਾ ਲੈ ਕੇਸ ਤਾਂ ਉਂਝ ਪਾਜ਼ੇਟਿਵ ਹੀ ਹੈ। ਮੈਨੂੰ ਤੇਰੇ ਹਾਵਭਾਵ ਤੋਰ-ਚਾਲ ਤੋਂ ਸਭ ਠੀਕ ਹੀ ਲੱਗਦਾ ਹੈ। ਆਖਰ ਮੈਂ ਵੀ ਇੱਕ ਡਾਕਟਰ ਹਾਂ। ਗੱਲ ਤਾਂ ਸਿਰਫ ਏਨੀ ਹੀ ਹੈ ਕਿ ਆਪਾਂ ਆਪਣੇ ਬੱਚੇ ਦੀ ਦੇਖ ਰੇਖ ਹੁਣ ਤੋਂ ਹੀ ਪੀਡੀ ਪਕੜ ਨਾਲ ਕਰਾਂਗੇ। ਚੰਗੀ ਸੰਭਾਲ ਨਾਲ ਸਿਹਤਮੰਦ ਬੱਚਾ ਪੈਦਾ ਹੋਏਗਾ।

'ਪ੍ਰੀਤ ਦੀ ਜ਼ਿੱਦ ਤੇ ਆਪਣੀ ਹੀ ਮਨਾਉਣ ਦੀ ਮਰਦ ਪ੍ਰਧਾਨ ਸਮਾਜੀ ਫਿਤਰਤ ਅੱਗੇ ਗੋਡੇ ਟੇਕਦਿਆਂ ਮੈਂ ਭਾਰਤੀ ਨਾਰੀ ਦਾ ਕਿਰਦਾਰ ਨਿਭਾਉਂਦਿਆਂ ਆਪਣੇ ਗਿੱਟਿਆਂ ਨਾਲ ਬੱਝੇ ਪਾਪ-ਪੁੰਨ, ਫਰਜ਼ਾਂ ਅਤੇ ਮਾਤਰੀ ਮੋਹ ਦੇ ਪੰਝਰਾਂ ਨੂੰ ਘਸੀਟਦੀ ਉਸਦੀਆ ਪੈੜਾਂ ਦੱਬਣ ਲਈ ਮਜਬੂਰ ਹੋ ਗਈ।

ਸਕੈਨਿੰਗ ਸੈਂਟਰ ਦੇ ਅਪਰੇਟਿਸ ਸੈੱਟ ਤੇ ਲੇਟੀ ਨੂੰ ਕੁੱਝ ਪਲ ਸੈਂਟਰ ਦੀ ਇੱਕ ਮਹਿਲਾ ਕਾਰਕੁਨ ਨੇ ਮੇਰੇ ਪੇਟ ਤੇ ਇੱਕ ਘੁੱਗੀ ਜੇਹੀ ਘੁਮਾਣੀ ਤੇ ਸਕਰੀਨ ਤੇ ਉੱਘੜੇ ਪ੍ਰਛਾਵੇਂ ਨੂੰ ਵਾਚਿਆ। ਬਸ ਹੋਰ ਕੁੱਝ ਨਹੀਂ। ਉਸ ਦੇ ਬਾਅਦ ਡਾਕਟਰ 'ਰੂਬਲ' ਨੇ ਡਾ. ਮਨਪ੍ਰੀਤ ਨਾਲ ਕੁੱਝ ਗਿੱਟਮਿਟ ਕੀਤੀ ਤੇ ਮੈਨੂੰ ਮੁਖਾਤਬ ਹੁੰਦਿਆਂ ਕਿਹਾ, "ਬੱਚਾ ਆਪਣੀ ਅਸਲੀ ਜਗ੍ਹਾ ਤੋਂ ਕਾਫੀ ਹਿੱਲ ਚੁੱਕਿਆ ਹੈ। ਹੌਲਾ ਭਾਰਾ ਕੰਮ ਕਰਨ ਤੋਂ ਸਾਵਧਾਨੀ ਵਰਤਿਆ ਕਰੋ। ਜੇਕਰ ਏਸੇ ਥਾਂ ਤੇ ਰਿਹਾ ਤਾਂ ਕੇਸ ਨੇਪਰੇ ਨਹੀਂ ਚੜ੍ਹੇਗਾ। ਹੋ ਸਕਦਾ ਹੈ ਦੋ ਕੁ ਮਹੀਨੇ ਦੇ ਅੰਦਰ ਅੰਦਰ ਹੀ...। ਇਹ ਤਾਂ ਤੁਸੀਂ ਬੜੇ ਮੌਕੇ 'ਤੇ ਚੈੱਕ ਅੱਪ ਕਰਵਾ ਲਿਆ, ਵਰਨਾ ਗੱਲ ਬਹੁਤ ਬਿਗੜ ਜਾਣੀ ਸੀ। ਅਜੇ ਦੋ ਕੁ ਟੀਕੇ ਲਾ ਕੇ ਸੈੱਟ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਨਹੀਂ ਤਾਂ ਫਿਰ ਅਗਲੇ ਹਫਤੇ...।" ਉਹਦੇ ਟੁੱਟੇ ਭਜੇ ਅੱਧੇ ਅਧੂਰੇ ਵਾਕਾਂ ਤੇ ਮੈਨੂੰ ਸ਼ੱਕ ਤਾਂ ਹੋਈ ਪਰ ਡਾਕਟਰ ਨੂੰ ਦੂਜਾ 'ਰੱਬ' ਕਿਆਸਦਿਆ ਮੈਂ ਸਹਿਮਤੀ ਦੇ ਦਿੱਤੀ।

ਮਨਪ੍ਰੀਤ ਨੇ ਕੇਸ ਨੇਗੇਟਿਵ ਜਾਂ ਪਾਜ਼ੇਟਿਵ ਦਾ ਕੋਈ ਵੀ ਪ੍ਰਸ਼ਨ ਡਾ. ਰੂਬ ਕੋਲੋਂ ਨਹੀਂ ਪੁੱਛਿਆ। ਜਿਸ ਕਰਕੇ ਮੈਂ ਆਪਣੇ ਆਪ ਵਿੱਚ ਪਾਜ਼ੇਟਿਵ ਹੀ ਸਾਂ। ਇਕ ਨਰਸ ਮੈਨੂੰ ਦੋ ਇੰਜੈਕਸ਼ਨ ਦੇ ਗਈ। ਚਾਹ ਪਾਣੀ ਪੀਣ ਬੈਠੇ ਤਾਂ ਕੁਝ ਚਿਰ ਪਿਛੋਂ ਹੀ ਮੇਰੇ ਪੇਟ ਵਿੱਚ ਅਸਹਿ ਪੀੜਾ ਸ਼ੁਰੂ ਹੋ



ਗਈ। ਬਿਲਕੁਲ 'ਗੋਪੀ' ਦੇ ਜੰਮਣ ਵੇਲੇ ਉਠੀਆਂ ਜੰਮਾਂ ਪੀੜਾਂ ਵਰਗੀ। ਮੈਂ ਸਮਝ ਗਈ ਸੀ ਕਿ ਮੇਰੇ ਨਾ ਛੱਲ ਹੋਇਆ ਹੈ। ਲੇਡੀ ਡਾਕਟਰ ਮੈਨੂੰ ਅਪਰੇਸ਼ਨ ਥੀਏਟਰ ਵਿੱਚ ਲੈ ਗਈ। ਡਾ. ਮਨਪ੍ਰੀਤ ਤੇ ਡਾ. ਰੂਬਲ ਦੋਨੋਂ ਹੀ ਕਿਤੇ ਲਾਂਭੇ ਹੋ ਗਏ ਸਨ। ਲੇਡੀ ਡਾਕਟਰ ਬੋਲੀ, "ਘਬਰਾਉਣ ਦੀ ਜ਼ਰੂਰ ਨਹੀਂ ਅਕਸਰ ਭਰੂਣ ਨੇ ਆਪਣੀ ਜਗ੍ਹਾਂ ਤਾਂ ਚੇਂਜ਼ ਕਰਨੀ ਹੀ ਹੈ ਇਸ ਲਈ ਦਰਦ ਸੁਭਾਵ ਹੈ।" ਪੀੜਾ ਅਸਹਿ ਹੁੰਦੀ ਜਾ ਰਹੀ ਸੀ। ਏਨੀ ਤਕਲੀਫ ਤਾਂ ਗੁਰਪ੍ਰੀਤ ਦੇ ਜੰਮਣ ਵੇਲੇ ਵੀ ਨਹੀਂ ਹੋਈ ਸੀ। ਕੱਚੀਆਂ ਤ੍ਰੇਲੀਆਂ ਆਉਂਦੀਆਂ ਦੇਖ ਮੈਂ ਪਾਣੀ ਮੰਗਿਆ। ਨਰਸ ਨੇ ਪਾਣੀ ਦਾ ਗਿਲਾਸ ਦਿੱਤਾ। ਮੈਂ ਬੇਹੋਸ਼ ਹੋ ਗਈ, ਅਚੇਤ, ਅਹਿੱਲ, ਕੁਝ ਚਿਰ ਬਾਅਦ ਕੀ ਦੇਖਦੀ ਹਾਂ ਕਿ ਇੱਕ ਟ੍ਰੇਅ ਵਿੱਚ ਕੁਝ ਡਾਕਟਰੀ ਔਜ਼ਾਰ ਅਤੇ ਮਾਸ ਦਾ ਇੱਕ ਲੋਥੜਾ ਲਹੂ ਨਾਲ ਲੱਥ-ਪੱਥ ਅਹਿਲ ਪਿਆ ਹੈ। ਡਾਕਟਰ ਰੂਬਲ ਦੀ ਅਵਾਜ਼ ਮੇਰੇ ਕੰਨਾਂ ਨਾਲ ਹਥੌੜੇ ਦੀ ਸੱਟ ਵਾਂਗ ਟਕਰਾਈ, "ਚੰਗੀ ਤਰ੍ਹਾਂ ਵਾਸ਼ ਕਰ ਦੇਣਾ ਕੋਈ ਪੀਸ ਅੰਦਰ ਨਾ ਰਹਿ ਜਾਏ।"

"ਡਾਂਟ ਵਰੀ ਡਾਕਟਰ ਆਲ ਇਜ਼ ਓ.ਕੇ.।" ਲੇਡੀ ਡਾਕਟਰ ਬੋਲੀ। ਉਨ੍ਹਾਂ ਆਪਸ ਵਿੱਚ ਕਈ ਗੱਲਾਂ ਕੀਤੀਆਂ ਮੈਨੂੰ ਉਨ੍ਹਾਂ ਦੀਆਂ ਗੱਲਾਂ ਨਾਲ ਕੋਈ ਵਾਸਤਾ ਨਹੀਂ ਸੀ। ਮੇਰੇ ਅੰਦਰ ਤਾਂ ਮੋਹ ਦੇ ਸਾਗਰ 'ਚ ਮਮਤਾ ਦੀ ਸੁਨਾਮੀ ਠਾਠਾਂ ਮਾਰਨ ਲੱਗ ਪਈ ਸੀ। ਮੇਰਾ ਚਿੱਤ ਕਰੇ ਕਿ ਟ੍ਰੇਅ 'ਚ ਤੜਫਦੀ ਆਪਣੇ ਜਿਗਰ ਦੇ ਬੋਟੀ ਨੂੰ ਚੁੱਕ ਕੇ ਚੁੰਮਾ-ਪਲੋਸਾ। ਮੇਰੀ ਅਪਣੱਤ ਏਨੀ ਪ੍ਰਬਲ ਹੋ ਚੁੱਕੀ ਸੀ, ਜਿਵੇਂ ਕੋਈ ਸੱਜਰ ਸੂਈ ਗਊ ਆਪਣੇ ਨਵਜੰਮੇ ਬੱਛੜੇ ਨੂੰ ਜ਼ਰਾ ਕੀ ਪਰ੍ਹਾ ਹੁੰਦਾ ਦੇਖ ਕੇ ਹੂੰਘਰਦੀ ਤੇ ਚੱਟ ਚੱਟ ਫਾਵੀਂ ਹੋ ਜਾਂਦੀ ਹੈ। ਸ਼ਾਕਾਹਾਰੀ ਹੁੰਦੇ ਹੋਏ ਵੀ ਪੁੱਤਰ ਮੋਹ 'ਚ ਅੰਨ੍ਹੀ ਹੋਈ ਉਹ ਲਹੂ ਮਾਸ ਤੇ ਗੰਦ ਮੰਦ ਸੱਭ ਚੱਟ ਜਾਂਦੀ ਹੈ।

ਮੇਰੀ ਇਕਾਗਰਤਾ ਏਨੀ ਕੇਂਦਰਤ ਹੋ ਚੁੱਕੀ ਸੀ ਕਿ ਟ੍ਰੇਅ 'ਚ ਪਈ ਮੇਰੇ ਮਾਸ ਦੀ ਬੋਟੀ ਦੇਖਦੇ ਹੀ ਦੇਖਦੇ ਸਰਕਣ ਲੱਗੀ ਜਿਵੇਂ ਉਸ ਵਿੱਚ ਜਾਨ ਪੈ ਗਈ ਹੋਵੇ। ਦੇਖਦੇ ਹੀ ਦੇਖਦੇ ਚਿੱੜੀ ਦੇ ਬੋਟ ਦੇ ਅਕਾਰ ਦੀ ਕੁੜੀ ਪੱਲਾਂ ਛਿਣਾਂ ਵਿੱਚ ਹੀ 'ਗੋਪੀ' ਜਿੰਨੀ ਹੀ ਵਿਕਸਤ ਹੋ ਗਈ। ਹਾਂ ਬਿਲਕੁਲ ਗੋਪੀ ਹੀ। ਸਕੂਲ ਦੀ ਯੂਨੀਫਾਰਮ ਵਿੱਚ ਸੱਜੀ ਧੱਜੀ। ਮੇਰੀਆਂ ਸਿਥਲ ਬਾਹਾਂ ਉਸ ਨੂੰ ਆਪਣੀ ਪਕੜ 'ਚ ਕੱਸਣ ਨੂੰ ਬੇਤਾਬ ਹੋ ਰਹੀਆਂ ਸਨ। ਉਸੇ ਪਲ ਮੇਰੇ ਮੱਥੇ 'ਚ ਕੁੱਝ ਖਿਣ ਪਹਿਲਾਂ ਉੱਗੇ ਪਾਪ ਦੇ ਰੁੱਖ ਨੂੰ ਹਲੂਣਾ ਜਿਹਾ ਆਇਆ।" ਡਾ. ਪ੍ਰੀਤ ਨੇ ਮੇਰੇ ਨਾਲ ਧੋਖਾ ਕੀਤਾ ਹੈ। ਮੈਂ ਪਾਪਣ ਹਾਂ। ਮੈਂ ਆਪਣੇ ਵਾਹਿਗੁਰੂ ਨੂੰ ਸ਼ਕਲ ਦਿਖਾਉਣ ਦੇ ਯੋਗ ਨਹੀਂ ਰਹੀ। ਮੈਂ ਗੁਰੂ ਸਾਹਿਬ ਦੇ ਮੋਹਾਂਬਾਕ ਦੀ ਉਲੰਘਣਾ ਕੀਤੀ ਹੈ। ਮੈਂ ਔਰਤ ਹੋ ਕੇ ਔਰਤ ਦਾ ਕਤਲ ਕੀਤਾ ਹੈ। ਮੈਂ ਖੂੰਨੀ ਹਾਂ ਮੈਂ ਕਾਤਲ ਹਾਂ। ਮੈਂ ਘੋਰ ਨਰਕਾਂ ਦੀ ਭਾਗੀ ਹਾਂ। ਮੇਰੇ ਇਸ ਕੁਕਰਮ ਨੇ ਮੈਨੂੰ ਤਾਅ ਉਮਰ ਚੈਨ ਨਹੀਂ ਲੈਣ ਦੇਣਾ। ਪਰ ਹਾਇ ਮੈਂ ਮਜਬੂਰ ਹਾਂ। ਸਾਰੀ ਸੋਚ ਦੇ ਹੁੰਦਿਆਂ ਸੁੰਦਿਆਂ ਵੀ ਮਰਦ-ਜਾਲ ਵਿੱਚ ਫਸ ਗਈ। ਬੇਟੀ ਮੈਨੂੰ ਮੁਆਫ ਕਰੀਂ, ਮੈਂ ਤੇਰੀ ਮੁਲਜ਼ਿਮ ਹਾਂ ਅਪਰਾਧਣ ਹਾਂ।

ਮੇਰੇ ਤਰਲਿਆਂ-ਲੇਹਲਣੀਆਂ ਦੀ ਆਵਾਜ਼ ਸ਼ਾਇਦ ਉਸ ਤੱਕ ਪਹੁੰਚ ਚੁੱਕੀ ਸੀ। ਆਪਣੀਆਂ ਦੋਹਾਂ ਗੁੱਤਾਂ ਨੂੰ ਕੰਨਾਂ ਦੇ ਪਿੱਛੇ ਕਰਦਿਆਂ ਉਹ-ਖਿੜ-ਖਿੜਾ ਕੇ ਹੱਸੀ "ਹਾ...ਹਾ...ਹਾ। ਥੈਂਕ ਯੂ ਮੌਮ-ਥੈਂਕ-ਯੂ।" ਕੋਮਲ ਬੁੱਲਾਂ 'ਚੋਂ ਕਿਰੇ ਸ਼ਬਦ "ਥੈਂਕ ਯੂ ਮੌਮ" ਮੇਰੇ ਮਸਤਕ ਪੱਟ ਤੇ ਇੱਕ ਨਿਵੇਕਲੀ ਅਬਾਰਤ ਖਿਲਾਰ ਗਏ। ਹੈਰਾਨੀ ਦੀ ਮੁਦਰਾ 'ਚ ਬੈਠੀ ਮੈਂ ਆਪਣੇ ਅਪਰਾਧ ਦੇ

ਪ੍ਰਤੀਕਰਮ 'ਚ ਧੰਨਵਾਦੀ ਬੁਛਾਰ ਕੰਨਾਂ ਤੇ ਪੈਂਦੀ ਮਹਿਸੂਸ ਕਰ ਰਹੀ ਹਾਂ। ਸਣਦੀਆਂ ਸੁੱਕੀਆਂ ਸਣਗੀਆਂ ਨਾਲ ਲਟਕਦੀਆਂ ਛੱਡੀਆਂ ਦੀ ਮਿੱਠੀ ਮਿੰਨੀ ਛਣਦਾਰ ਮੜ ਮੇਰੇ ਕੰਨਾਂ ਨਾਲ ਆ ਚਿਬੜੀ, "ਮੰਮ! ਮਹਾ ਪਨ ਹ ਜ ਤ ਮਰ ਨਾ ਕਮਾਇਆ ਹੇ।" "ਉਹ ਕਿਵੇਂ ?" ਮੈਂ ਨਿੱਕੀ ਤੋਂ ਉਤਸਕਤਾ ਨਾਲ ਪੱਛਦੀ ਹਾਂ।

ਮੌਮ ਮੈਂ ਤੇਰੀਆਂ ਅੱਖਾਂ ਨਾਲ ਰੋਜ਼ ਅਖਬਾਰਾਂ ਦੀਆਂ ਪੁਰਖੀਆਂ ਪੜ੍ਹਦੀ ਰਹੀ ਹਾਂ। ਟੈਲੀਵਿਜ਼ਨ ਦੇਖਦੀ ਰਹੀ ਹਾਂ। ਤੇਰੇ ਕੰਨਾਂ ਨਾਲ ਲੋਕਾਂ ਦੀਆਂ ਦੰਦ ਕਥਾਵਾਂ ਸੁਣਦੀ ਰਹੀ ਹਾਂ। ਤੇਰੇ ਸਮਾਜ ਦਾ ਜੋ ਵਰਤਾਰਾ ਅੱਜ ਕੁੜੀਆਂ ਨਾਲ ਵਰਤ ਰਿਹਾ ਹੈ, ਉਹ ਮੇਰੇ ਬਿਲਕੁਲ ਮੇਚ ਨਹੀਂ ਆਉਣਾ। ਕਿਉਂਕਿ ਉਹ ਮੇਰੇ ਹਾਣ ਦਾ ਨਹੀਂ। ਮੌਮ! ਕੀ ਤੂੰ ਚਾਹੁੰਦੀ ਏਂ ਕਿ ਮੈਂ ਵੀ 'ਦਾਮਨੀ' ਵਾਂਗ, ਪੜ੍ਹੀ ਲਿਖੀ, ਸੁੱਘੜ, ਸੁਸ਼ੀਲ, ਹੁੰਦਿਆਂ ਸੁੰਦਿਆਂ ਗੁੰਡੇ ਸਮਾਜ ਦੀ ਘਨੌਣੀ ਹਵਸ ਦਾ ਸ਼ਿਕਾਰ ਬਣਾ ਤੇ ਮੁੜ ਕਦੇ 'ਮਾਣਸ ਦੇਹ' ਨੂੰ ਪ੍ਰਾਪਤ ਨਾ ਕਰਨ ਦੀਆਂ ਅਰਦਾਸਾਂ ਕਰਾਂ। 'ਸ਼ਰਤੀ' ਵਰਗੀ ਮਜਬੂਰੀ ਨੂੰ ਇਸ ਪਿੰਡੇ ਤੇ ਹੰਢਾਉਂਦੀ ਕੋਝੇ ਸਮਾਜ ਤੇ ਦਰਿੰਦੇ ਹਾਕਮਾਂ ਦੀ ਸਿਆਸਤ ਦੀ ਘਿਨੌਣੀ ਖੇਡ ਦੀ ਗੀਟੀ ਬਣਕੇ ਚੌਖਟ ਤੇ ਚੜ੍ਹਾਂ ?

ਮੇਰੇ ਵਰਗੀਆਂ ਕੁਆਰੀਆਂ ਕੰਜਕਾਂ, ਜਿਨ੍ਹਾਂ ਨੂੰ ਅਜੇ ਨੱਕੋਂ ਡਿਗਦੀ ਨਲ਼ੀ ਵੀ ਪੂੰਝਣੀ ਨਹੀਂ ਆਉਂਦੀ ਹੁੰਦੀ ਏਸ ਦੇਸ਼ ਦੇ ਦਰਿੰਦਿਆਂ ਦੀ ਹਵਸ ਦਾ ਸ਼ਿਕਾਰ ਬਣ ਰਹੀਆਂ ਹਨ। ਮੌਮ! ਕੀ ਤੂੰ ਚਾਹੁੰਦੀ ਏ ਕਿ ਤੇਰੀ ਲਾਡਲੀ ਵੀ ਦ ਸਾਲ ਤੋਂ ਲੈ ਕੇ ਸਹੁਰੇ ਘਰ ਪੁੱਜਣ ਤੱਕ ਅਸੁਰੱਖਿਅਤ ਜੀਵਨ ਭੋਗੇ ? ਤੇ ਸਹੁਰੇ ਘਰ ਪੁੱਜ ਕੇ ਦਾਜ ਦੇ ਤਾਹਨਿਆਂ ਦੇ ਉਬਲਦੇ ਤੇਲ 'ਚ ਮੱਛੀ ਵਾਂਗ ਤਲੀਂਦੀ ਰਹੇ। ਨਹੀਂ ਮੌਮ! ਨਹੀਂ ਇਸ ਧਰਮੀ ਮਹਾਂਪੁਰਸ਼ਾਂ ਦੀ ਦੂਸ਼ਤ ਹੋਈ ਧਰਤੀ ਤੇ ਜੰਮਣੋਂ ਮੈਂ ਦੂਰ ਕਿਸੇ ਜੰਗਲ ਬੀਆਬਾਨ 'ਚ ਜੰਗਲੀ ਜੀਵ ਦੇ ਪੇਟੋਂ ਜੰਮਣਾ ਬੇਹਤਰ ਸਮਝਦੀ ਹਾਂ। ਜਿੱਥੇ ਕਮ-ਸੇ-ਕਮ ਰਿਸ਼ਤਿਆਂ ਦਾ ਪਾਸ ਤਾਂ ਹੁੰਦਾ ਹੈ। ਤੂੰ ਗ਼ਮ ਨਾ ਕਰੀਂ ਮੌਮ! ਮੇਰੀ ਦੀਦੀ ਦੇ ਪਾਲਣ-ਪੋਸ਼ਣ ਤੇ ਪੂਰਾ ਜ਼ੋਰ ਦੇਵੀਂ। ਉਸ ਨੂੰ ਕੌੜੇ ਸਮਾਜ ਨਾਲ ਸਿੱਝਣ ਦਾ ਪਾ ਪੜ੍ਹਾਈ ਤੇ ਮੇਰੇ ਪਾਪਾ ਦੀ ਚਿੱਟੀ-ਕੋਰੀ ਪੱਗ ਨੂੰ ਕਦੇ ਵੀ ਦਾਗ਼ ਨਾ ਲੱਗਣ ਤੋਂ ਬਚਾਉਣ ਦੀ ਸੋਝੀ ਦੇਵੀਂ। ਕਹਿੰਦੀ ਕਹਿੰਦੀ ਨਿੱਕੀ ਅਲੋਪ ਹੋ ਜਾਂਦੀ ਹੈ। ਮੈਂ ਆਪਣੀਆਂ ਦੋਵੇਂ ਬਾਹਵਾਂ ਖੋਲ੍ਹੀ ਉਸ ਪਰਛਾਵੇਂ ਨੂੰ ਫੜਨ ਲਈ ਅੱਬੜ੍ਹ-ਬਾਹੀ ਉੱਠ ਉੱਚੀ ਪੁਕਾਰਦੀ ਹਾਂ, ਨਿੱਕੀ! ਓ ਨਿੱਕੀ!! ਮੇਰੀ ਬੱਚੀ, ਮੇਰੀ ਲਾਡੋ!!

"ਰੂਪ...! ਰੂਪ ਕੀ ਹੋਇਆ ? ਕਿਸ ਨੂੰ 'ਵਾਜਾ ਮਾਰ ਰਹੀ ਏ ਸੁੱਤਨੀਂਦਰੇ 'ਚ।"

ਉਹ ਮਨੂੰ ਅੱਬੜ੍ਹ-ਬਾਹੀ ਨੂੰ ਉੱਠ ਕੇ ਬੈਠੀ ਵੇਖ ਕੇ ਮੇਰੇ ਮੁੜ੍ਹਕੇ ਨਾਲ ਭਿੱਜੇ ਮੱਥੇ ਨੂੰ ਛੂਹ ਦੇ ਪੁੱਛਦਾ ਹੈ।

ਮੈਂ ਪਾਟੀਆਂ ਅੱਖਾਂ ਨਾ ਡਾ. ਮਨਪ੍ਰੀਤ ਵਲ ਅਵਾਕ ਦੇਖੀ ਜਾ ਰਹੀ ਹਾਂ। ਮੇਰਾ ਸੱਜਾ ਹੱਥ ਆਪ ਮੁਹਾਰੇ ਮੇਰੇ ਧੌਖਣੀ ਵਾਂਗ ਕੰਬਦੇ ਪੇਟ ਨੂੰ ਟਟੋਲਣ 'ਚ ਮਸਰੂਫ ਹੋ ਜਾਂਦਾ ਹੈ।

*ਪਿੰਡ ਤੇ ਡਾਕ ਬੁੱਢੀ ਪਿੰਡ*
*ਹੁਸ਼ਿਆਰਪੁਰ-144212,*
*ਮੋਬ.-94178-54063*

* * *



# ਜਾਰਜ ਲੂਕਾਚ ਨੂੰ ਪੜ੍ਹਦਿਆਂ

*–ਹਰਭਜਨ ਸਿੰਘ ਹੁੰਦਲ*

ਹੰਗਰੀ ਦਾ ਜੰਮਪਲ ਜਾਰਜ ਲੂਕਾਚ ਵਿਸ਼ਵ ਦੇ ਮਾਰਕਸੀ ਫਲਸਫੇ ਤੇ ਸਾਹਿਤ-ਸ਼ਾਸਤਰ ਦੇ ਖੇਤਰ ਵਿਚ ਕੌਮਾਂਤਰੀ ਪ੍ਰਸਿੱਧੀ ਵਾਲੀ ਸ਼ਖ਼ਸੀਅਤ ਪ੍ਰਵਾਨ ਹੋ ਚੁੱਕਾ ਹੈ। ਸਾਡੇ ਪੰਜਾਬੀ ਦੇ ਪਾਠਕਾਂ ਵਿਚ ਉਹ ਇੱਕ ਅਦੁੱਤੀ ਸਾਹਿਤ-ਆਲੋਚਕ ਵਜੋਂ ਹੀ ਜਾਣਿਆ ਜਾਂਦਾ ਹੈ। ਪਰ ਹਕੀਕਤ ਇਹ ਹੈ ਕਿ ਮਾਰਕਸਵਾਦੀ ਚਿੰਤਨ ਦੇ ਖੇਤਰ ਵਿਚ ਵੀ ਉਸਦੀ ਦੇਣ ਬਹੁਤ ਵੱਡੀ ਹੈ। ਸਾਡਾ ਖੇਤਰ ਖ਼ੁੱਦ ਕਿਉਂਕਿ ਸਾਹਿਤ-ਕਲਾ ਅਤੇ ਆਲੋਚਨਾ ਹੈ, ਇਸ ਲਈ ਅਸੀਂ ਆਪਣੇ ਵਿਚਾਰਾਂ ਨੂੰ ਕੇਵਲ ਸੁਹਜ-ਸ਼ਾਸਤਰ ਤੀਕ ਹੀ ਸੀਮਤ ਕਰ ਰਹੇ ਹਾਂ। ਇਹ ਅਧਿਐਨ ਹੋਰ ਪਾਠਕਾਂ ਨਾਲ ਸਾਂਝਾ ਕਰਨ ਦਾ ਮਨੋਰਥ ਇਹ ਵੀ ਹੈ, ਕਿ ਸਾਹਿਤ-ਚਿੰਤਨ ਦੇ ਖੇਤਰ ਵਿਚ ਲੂਕਾਚ ਦੀ ਸਾਹਿਤਕ ਦੇਣ ਨੂੰ ਖ਼ੁੱਦ ਸਮਝਿਆ ਜਾਵੇ, ਤੇ ਸ਼ਰਧਾ-ਮਈ-ਭਾਵਨਾ ਤੋਂ ਕੁੱਛ ਥੋਹੜਾਂ ਹਟਕੇ ਅੱਗੇ ਵਧਿਆ ਜਾਵੇ।

ਯਾਦ ਆਉਂਦਾ ਹੈ ਕਿ ਵੀਹਵੀਂ ਸਦੀ ਦੇ ਸਤਵੇਂ ਦਹਾਕੇ ਵਿਚ ਮੈਂ ਸਾਹਿਤ-ਆਲੋਚਨਾ ਦੇ ਪ੍ਰਸੰਗ ਵਿਚ ਜਾਰਜ ਲੂਕਾਚ ਦਾ ਕੇਵਲ ਨਾਂ ਹੀ ਸੁਣਿਆ ਸੀ ਤੇ ਆਪਣੀ ਪੈਦਾ ਹੋਈ ਜਗਿਆਸਾ ਨੂੰ ਤ੍ਰਿਪਤ ਕਰਨ ਲਈ ਮੈਂ ਯੂ.ਕੇ. ਵੱਸਦੇ ਆਪਣੇ ਇੱਕ ਮਿੱਤਰ ਨੂੰ ਲੂਕਾਚ ਦੀ ਪੁਸਤਕ Write and Critic (ਲੇਖਕ ਤੇ ਆਲੋਚਕ) ਭੇਜਣ ਲਈ ਲਿਖਿਆ ਸੀ। ਫਿਰ ਉਸਦੀਆਂ ਹੋਰ ਪੁਸਤਕਾਂ, ਹੌਲੀ ਹੌਲੀ ਪ੍ਰਾਪਤ ਹੁੰਦੀਆਂ ਰਹੀਆਂ, ਜਿਹਨਾਂ ਵਿਚ Studies In European Realism ਅਤੇ Conversations with Lukacs ਆਦਿ ਜ਼ਿਕਰ ਦੇ ਕਾਬਲ ਸਨ। ਇਹਨਾਂ ਪੁਸਤਕਾਂ ਦੇ ਸਾਧਾਰਨ-ਪਾਠ ਤੋਂ ਮੈਨੂੰ ਅਨੁਭਵ ਹੋਇਆ ਕਿ ਲੂਕਾਚ ਦੀਆਂ ਕੁਝ ਪੁਸਤਕਾਂ ਦੇ ਹੋਏ ਅੰਗਰੇਜ਼ੀ ਅਨੁਵਾਦ ਮੈਨੂੰ ਸਮਝ ਪੈਂਦੇ ਸਨ। ਕੁਝ ਵਰਿਆਂ ਬਾਅਦ ਉਸ ਬਾਰੇ ਹੋਰ ਪੁਸਤਕਾਂ ਵੀ ਪ੍ਰਾਪਤ ਹੁੰਦੀਆਂ ਰਹੀਆਂ ਤੇ ਲੂਕਾਚ ਦੀਆਂ ਲਿਖਤਾਂ ਵਿਚ ਮੇਰੀ ਦਿਲਚਸਪੀ ਵਧਦੀ ਚਲੀ ਗਈ। ਹਥਲਾ ਅਧਿਐਨ ਏਸੇ ਹੀ ਉਤਸੁਕਤਾ ਦਾ ਸਿੱਟਾ ਹੈ। ਕੋਈ ਦਾਅਵਾ ਨਹੀਂ ਕਿ ਮੈਂ ਲੂਕਾਚ ਦਾ ਕੋਈ ਵਿਸ਼ੇਸ਼ਗ ਹਾਂ। ਮੈਂ ਉਸਦਾ ਇਕ ਸਾਧਾਰਨ ਪਾਠਕ ਹਾਂ। ਉਸਦੀਆਂ ਚੋਣਵੀਆਂ ਲਿਖਤਾਂ ਤੇ ਉਸ ਬਾਰੇ ਹੋਈਆਂ ਅਲੋਚਨਾਤਮਕ ਟਿੱਪਣੀਆਂ ਤੋਂ ਇਹ ਵੀ ਪ੍ਰਤੀਤ ਹੋਇਆ ਹੈ ਕਿ ਉਹ ਸਾਰੀ ਉਮਰ ਗੰਭੀਰ ਰਾਜਸੀ ਵਾਦ-ਵਿਵਾਦਾਂ ਵਿਚ ਘਿਰਿਆ ਰਿਹਾ ਸੀ। ਉਸਦੇ ਕਈ ਝੱਖੜਾਂ, ਤੂਫਾਨਾਂ ਵਿਚ ਦੀ ਲੰਘਣਾ ਪਿਆ। ਫਿਰ ਵੀ ਇਹ ਗੱਲ ਉਸ ਦੇ ਮਾਣ ਵਿਚ ਜਾਂਦੀ ਹੈ ਕਿ ਉਸਨੇ ਕਮਿਊਨਿਸਟ ਲਹਿਰ ਨਾਲ ਆਪਣੀ ਨੇੜਤਾ ਤੇ ਸਮਰਪਣ ਵਿਚ ਤਰੇੜ ਨਹੀਂ ਪੈਣ ਦਿੱਤੀ।

(2)

ਪ੍ਰਾਪਤੀ ਜਾਣਕਾਰੀ ਅਨੁਸਾਰ ਜਾਰਜ ਲੂਕਾਚ ਦਾ ਜਨਮ ਹੰਗਰੀ ਦੇ ਸ਼ਹਿਰ ਬੁਢਾਪੈਸਟ ਵਿਚ 1885 ਵਿਚ ਹੋਇਆ ਸੀ। ਉਸ ਦਾ ਪਿਤਾ ਇੱਕ ਬੈਂਕਰ ਸੀ। ਏਸੇ ਸ਼ਹਿਰ ਵਿਚ ਲੂਕਾਚ ਨੇ ਸਕੂਲ ਅਤੇ ਯੂਨੀਵਰਸਿਟੀ ਦੀ ਪੜ੍ਹਾਈ ਕੀਤੀ। ਸਕੂਲ ਦੇ ਦਿਨਾਂ ਤੋਂ ਹੀ ਉਹ ਖੱਬੇ ਪੱਖੀ ਲੋਕ-ਰਾਜੀ ਵਿਦਿਆਰਥੀਆਂ ਦੇ ਸੰਪਰਕ ਵਿਚ ਆ ਗਿਆ ਸੀ। ਉਸ ਸਮੇਂ, ਅਰਥਾਤ ਉਨੀਵੀਂ ਸਦੀ ਦੇ ਖਾਤਮੇ ਤੇ ਵੀਹਵੀਂ ਸਦੀ ਦੇ ਆਗਮਨ ਸਮੇਂ ਦੇਸ਼ ਵਿਚ ਕਈ ਰੰਗ ਦੇ ਵਿਚਾਰ ਆਪੋ ਵਿਚ ਟਕਰਾ ਰਹੇ ਸਨ। ਯੋਰਪ ਦੇ ਲਾਗਲੇ ਦੇਸ਼ਾਂ ਦੇ ਰਾਜਸੀ ਤੇ ਬੌਧਿਕ ਚਿੰਤਨ ਦਾ ਵੀ ਪ੍ਰਭਾਵ ਪੈ ਰਿਹਾ ਸੀ। ਇਹਨਾਂ ਸਾਹਿਤਕ ਤੇ ਬੋਧਿਕ ਪ੍ਰਭਾਵਾਂ, ਅਧੀਨ ਲੂਕਾਚ ਨੇ ਆਪਣੇ ਮਿੱਤਰ-ਨੌਜਵਾਨਾਂ ਨਾਲ ਰਲ ਕੇ ਇਕ ਨਾਟਕ-ਮੰਡਲੀ ਬਣਾਈ, ਜਿਸ ਨੇ ਇਬਸਨ ਵਰਗੇ ਪ੍ਰਸਿੱਧ ਨਾਟਕਕਾਰਾਂ ਦੇ ਨਾਟਕ ਪੇਸ਼

ਕੀਤੇ। ਇਹ ਸ਼ੌਕ ਚਾਰ ਪੰਜ ਸਾਲ ਤੀਕ ਚਲਦਾ ਰਿਹਾ।

ਇਸ ਪਿਛੋਂ ਲੁਕਾਚ ਬਰਲਨ ਚਲਾ ਗਿਆ ਤੇ ਆਪਣੇ ਅਧਿਐਨ ਨੂੰ ਜਾਰੀ ਰੱਖਿਆ। ਬਰਲਨ ਵਿਚ ਉਹ ਪ੍ਰਸਿੱਧ ਚਿੰਤਕਾਂ ਦੇ ਭਾਸ਼ਣ ਸੁਣਨ ਜਾਂਦਾ। 1913 ਵਿਚ ਉਹ ਜਰਮਨੀ ਤੋਂ ਵਾਪਸ ਪਰਤ ਆਇਆ। ਏਥੇ ਉਸ ਦਾ ਹੋਰ ਨਵੇਂ ਚਿੰਤਕਾਂ ਨਾਲ ਮੇਲ ਹੋਇਆ, ਜਿਹਨਾਂ ਵਿਚ ਅਰਨੈਸਟ ਬਲਾਚ ਦਾ ਨਾਂ ਵਧੇਰੇ ਪ੍ਰਸਿੱਧ ਹੈ।

ਲੁਕਾਚ 1906 ਤੋਂ ਹੀ ਹੰਗਰੀ ਦੀਆਂ ਸਾਹਿਤਕ ਪੱਤਰਕਾਵਾਂ ਲਈ ਲੇਖ ਲਿਖ ਰਿਹਾ ਸੀ। ਇਹ ਲੇਖ 1910 ਵਿਚ ਪੁਸਤਕ ਰੂਪ ਵਿਚ ਛਪ ਗਏ। ਇੰਝ ਚੜ੍ਹਦੀ ਜਵਾਨੀ ਵਿਚ ਹੀ ਲੁਕਾਚ ਨੌਜਵਾਨ ਹਲਕਿਆਂ ਵਿਚ ਪ੍ਰਸਿੱਧ ਹੋ ਗਿਆ। ਅਜੇ ਉਸ ਉੱਤੇ ਮਾਰਕਸੀ ਫਲਸਫੇ ਦਾ ਪ੍ਰਭਾਵ ਨਹੀਂ ਪਿਆ ਸੀ। ਇਹ ਉਕਤ ਪੁਸਤਕ ਪਹਿਲਾਂ ਹੰਗਰੀ ਭਾਸ਼ਾ ਵਿਚ ਤੇ ਅਗਲੇ ਸਾਲ ਜਰਮਨ-ਭਾਸ਼ਾ ਵਿਚ ਛਪ ਗਈ। ਇਹ ਸਾਹਿਤਕ ਲੇਖ ਸਨ, ਜਿਨ੍ਹਾਂ ਵਿਚ ਫਲਸਫ਼ੇ ਦਾ ਰੰਗ ਸੀ। ਇੰਝ ਹੀ ਉਸਦੀ ਦੂਜੀ ਪੁਸਤਕ 1914-15 ਵਿਚ ਛਪੀ। ਪਹਿਲੀ ਵਿਸ਼ਵ-ਜੰਗ ਸਮੇਂ ਆਪਣੀ ਨਵੀਂ ਕਿਤਾਬ ਵਿਚ ਉਹ ਫਲਸਫੇ ਦੇ ਗੰਭੀਰ ਪ੍ਰਸ਼ਨਾਂ ਨਾਲ ਜੂਝਦਾ ਪ੍ਰਤੀਤ ਹੁੰਦਾ ਹੈ।

1915 ਵਿਚ ਬੁਡਾਪੈਸਟ ਪਰਤਣ ਤੋਂ ਬਾਅਦ ਲੁਕਾਚ ਇੱਕ ਬੌਧਿਕ ਨੌਜਵਾਨ ਜੁੱਟ ਦਾ ਆਗੂ ਬਣ ਜਾਂਦਾ ਹੈ। ਇਹ ਸਾਰੇ ਨੌਜਵਾਨ, ਜੰਗ ਕਾਰਨ, ਆਸ ਤੇ ਨਿਰਾਸਤਾ ਵਿਚ ਉਲਝੇ ਜੀਵਨ ਦਾ ਕੋਈ ਮਾਰਗ ਤਲਾਸ਼ ਕਰ ਰਹੇ ਸਨ। ਇਹਨਾਂ ਵਿਚੋਂ ਕਈ, ਬਾਅਦ ਦੇ ਜੀਵਨ ਵਿਚ, ਸਭਿਆਚਾਰ ਦੇ ਖੇਤਰ ਵਿਚ ਬੜੇ ਪ੍ਰਸਿੱਧ ਹੋਏ। ਆਮ ਵਾਤਾਵਰਨ ਵਿਚ ਖੱਬੇ-ਪੱਖੀ ਵਿਚਾਰਾਂ ਦਾ ਉਭਾਰ ਸੀ।

ਐਧਰ ਅਚਾਨਕ ਹੀ ਦਸੰਬਰ 1918 ਵਿਚ ਕਮਿਊਨਿਸਟ ਪਾਰਟੀ ਦੀ ਸਥਾਪਨਾ ਨਾਲ ਲੁਕਾਚ ਇਸਦਾ ਮੈਂਬਰ ਬਣ ਗਿਆ। ਇਹ ਸਾਰਾ ਕੁਝ ਸਪੱਸ਼ਟ ਭਾਂਤ ਅਕਤੂਬਰ ਕ੍ਰਾਂਤੀ ਦਾ ਹੀ ਪ੍ਰਭਾਵ ਸੀ। ਉਹਨਾਂ ਸਮਿਆਂ ਵਿਚ, ਨੌਜਵਾਨਾਂ ਲਈ ਇਹੀ ਇੱਕ ਰਸਤਾ ਸੀ, ਜਿਸ ਰਾਹੀਂ ਕਿਸੇ ਚੰਗੇਰੇ ਭਵਿੱਖ ਦੀ ਉਮੀਦ ਕੀਤੀ ਜਾ ਸਕਦੀ ਸੀ। ਇੱਕ ਵਾਰ ਮੈਂਬਰ ਬਣ ਜਾਣ ਬਾਅਦ, ਲੁਕਾਚ ਨੇ ਆਪਣੀ ਲੰਮੀ ਉਮਰ ਵਿਚ, ਪਾਰਟੀ ਪ੍ਰਤੀ ਵਫ਼ਾਦਾਰੀ ਨਹੀਂ ਤਿਆਗੀ, ਭਾਵੇਂ ਕਿ ਅਗਲੇ ਚਾਲੀ ਵਰਿਆਂ ਵਿਚ ਉਸਨੂੰ ਕਈ ਘੱਲੂਘਾਰਿਆਂ ਵਿਚ ਦੀ ਗੁਜ਼ਰਨਾ ਪਿਆ। ਉਸਦਾ ਇਹ ਦ੍ਰਿੜ ਵਿਸ਼ਵਾਸ਼ ਬਣ ਗਿਆ ਕਿ ਸਮਾਜਵਾਦੀ ਲਹਿਰ ਨਾਲ ਹੀ ਮਨੁੱਖਤਾ ਦੇ ਸਾਰੇ ਸੰਕਟਾਂ ਦਾ ਸਮਾਧਾਨ ਹੋ ਸਕਦਾ ਹੈ। ਪਰ ਉਸਦੇ ਇਸ ਅਚਾਨਕ ਕੀਤੇ ਫੈਸਲੇ ਨਾਲ, ਉਸਦੇ ਜੁੱਟ ਦੇ ਸਾਥੀ ਹੈਰਾਨ ਅਵੱਸ਼ ਹੀ ਹੋਏ। ਕਿਉਂਕਿ ਇਸ ਫੈਸਲੇ ਦੇ ਕੁਝ ਦੇਰ ਪਹਿਲਾਂ, ਲੁਕਾਚ ਨੇ ਬਾਲਸ਼ਵਿਕ ਵਿਸ਼ਵਾਸ਼ਾਂ ਪ੍ਰਤੀ ਆਪਣੇ ਸ਼ੰਕੇ, ਲਿਖਤੀ ਰੂਪ ਵਿਚ ਪ੍ਰਗਟ ਕੀਤੇ ਸਨ।

(3)

ਅਕਤੂਬਰ ਇਨਕਲਾਬ ਦੀਆਂ ਘਟਨਾਵਾਂ ਦੇ ਸਿੱਧੇ ਪ੍ਰਭਾਵ ਹੇਠ ਹੰਗਰੀ ਵਿਚ ਵੀ ਰਾਜ-ਪਲਟਾ ਹੋ ਗਿਆ। ਹੈਰਾਨੀ ਵਾਲੀ ਗੱਲ ਸੀ ਕਿ 1918 ਵਿਚ ਹੰਗਰੀ ਵਿਚ ਕਮਿਊਨਿਸਟ ਪਾਰਟੀ ਦੀ ਸਥਾਪਨਾ ਹੋਈ ਸੀ ਤੇ ਮਾਰਚ 1919 ਵਿਚ ਇਹ ਘਟਨਾ ਵਾਪਰੀ। ਹੰਗਰੀਅਨ 'ਸੋਵੀਅਤ ਰੀਪਬਲਿਕ' ਦੀ ਸਥਾਪਨਾ ਨਾਲ ਕਮਿਊਨਿਸਟ ਆਗੂ ਬੇਲਾ-ਕੁਨ ਅਤੇ ਲੁਕਾਚ ਵਜ਼ਾਰਤ ਵਿਚ ਸ਼ਾਮਿਲ ਹੋ ਗਏ ਤੇ ਲੁਕਾਚ ਨੂੰ ਸਿਖਿਆ ਮੰਤਰੀ ਬਣਾਇਆ ਗਿਆ। ਇਹ ਸਰਕਾਰ 133 ਦਿਨ ਤੀਕ ਅਰਥਾਤ ਮਾਰਚ 1919 ਦੇ ਅੰਤਲੇ ਦਿਨਾਂ ਤੋਂ ਜੁਲਾਈ 1919 ਦੇ ਅੰਤ ਤੀਕ ਰਹੀ। ਲੁਕਾਚ ਸਿਖਿਆ ਤੇ ਸਭਿਆਚਾਰ ਦਾ ਡਿਪਟੀ ਮੰਤਰੀ ਸੀ। ਪਰ ਸੋਸ਼ਲ ਡੈਮੋਕਰੇਟਿਕ ਪਾਰਟੀ ਨਾਲ ਇਹ ਗੰਢ-ਤੁੱਪ ਬਹੁਤੀ ਦੇਰ ਨਾ ਚੱਲ ਸਕਿਆ ਜਦੋਂ ਇਹ ਸਰਕਾਰ



ਟੁੱਟੀ ਤਾਂ ਲੁਕਾਚ ਦੇ ਸਾਥੀ ਜਾਂ ਤੇ ਗੁਪਤ-ਵਾਸ ਹੋ ਗਏ ਜਾਂ ਜਲਾਵਤਨ ਹੋ ਗਏ। ਕੁਝ ਦੇਰ ਲੁਕੇ ਰਹਿਣ ਤੋਂ ਬਾਅਦ ਲੁਕਾਚ ਵੀ ਦੇਸ਼ ਛੱਡ ਗਿਆ। ਇਸ ਤੋਂ ਬਾਅਦ ਲੁਕਾਚ ਦੀ ਲੰਮੀ ਜਲਾਵਤਨੀ ਸ਼ੁਰੂ ਹੁੰਦੀ ਹੈ। ਜਿਹੜੀ ਕੁੱਲ ਮਿਲਾ ਕੇ 12 ਸਾਲ ਬਣਦੀ ਸੀ।

ਦੇਸ਼ੋਂ ਬਾਹਰ ਜਾਣ ਅਤੇ ਵੀਆਨਾ ਪਹੁੰਚਣ ਉੱਤੇ ਲੁਕਾਚ ਨੂੰ ਉਥੋਂ ਦੀ ਸਰਕਾਰ ਵਲੋਂ ਗ੍ਰਿਫਤਾਰ ਕਰ ਲਿਆ ਗਿਆ। ਪਰ ਲੇਖਕਾਂ ਦੇ ਰੋਸ ਅਤੇ ਦਖਲ ਕਾਰਨ ਉਸਨੂੰ ਜਲਦੀ ਹੀ ਰਿਹਾ ਕਰਨਾ ਪਿਆ। ਜਲਾਵਤਨੀ ਵਿਚ ਰਹਿੰਦਿਆਂ ਹੰਗਰੀ ਦੇ ਹੋਰ ਰਾਜਸੀ ਤੇ ਜਲਾਵਤਨ ਆਗੂਆਂ ਵਿਚ ਇਨਕਲਾਬ ਬਾਰੇ ਤਿੱਖਾ ਵਾਦ-ਵਿਵਾਦ ਚੱਲ ਰਿਹਾ ਸੀ। ਲੁਕਾਚ ਦੀ ਹਮਦਰਦੀ ਪਾਰਟੀ ਦੇ ਕਮਿਊਨਿਸਟ ਲੈਫਟ ਗਰੁੱਪ ਦੇ ਨਾਲ ਸੀ। ਉਹ ਨਾਲ ਦੀ ਨਾਲ ਇੱਕ ਪੱਤ੍ਰਿਕਾ ਦਾ ਸੰਪਾਦਨ ਵੀ ਕਰ ਰਿਹਾ ਸੀ। ਲੁਕਾਚ ਦੀ ਵਡਿਆਈ ਇਸ ਗੱਲ ਵਿਚ ਸੀ ਕਿ ਜਲਾਵਤਨੀ ਦੇ ਕਠਨ ਦਿਨਾਂ ਵਿਚ ਵੀ, ਉਸ ਨੇ ਆਪਣਾ ਸਿਧਾਂਤਕ ਕਾਰਜ ਤਿਆਗਿਆ ਨਹੀਂ ਸੀ।

1919-22 ਦੇ ਸਮੇਂ ਵਿਚ ਉਸ ਨੇ ਕਈ ਸਿਧਾਂਤਕ ਭਾਂਤ ਦੇ ਗੰਭੀਰ ਲੇਖ ਲਿਖੇ, ਜੋ "ਇਤਿਹਾਸ ਤੇ ਜਮਾਤੀ ਚੇਤਨਾ" ਨਾਂ ਦੀ ਪੁਸਤਕ ਦੇ ਰੂਪ ਵਿਚ ਛਪ ਗਏ। ਉਹ ਪੁਸਤਕ ਲੁਕਾਚ ਦੀ-ਰਾਜਸੀ-ਪਛਾਣ ਦਾ ਚਿੰਨ ਬਣ ਗਈ। ਇਸ ਪੁਸਤਕ ਬਾਰੇ ਲੁਕਾਚ ਦੇ ਜੀਵਨ ਦੇ ਅੰਤ ਤੀਕ ਤਿੱਖਾ ਵਾਦ-ਵਿਵਾਦ ਚੱਲਦਾ ਰਿਹਾ। ਕਈ ਵਾਰ ਲੁਕਾਚ ਨੂੰ ਇਹ ਵੀ ਲਿਖਣਾ ਪਿਆ ਕਿ ਇਹ ਪੁਸਤਕ ਮੇਰੇ ਬਾਅਦ ਦੇ ਵਿਚਾਰਧਾਰਕ ਵਿਕਾਸ ਦੀ ਪ੍ਰਤੀਨਿਧਤਾ ਨਹੀਂ ਕਰਦੀ। ਇਸ ਵਿਚ ਲੇਖਕ ਨੇ ਮਾਰਕਸੀ ਫਲਸਫੇ ਦੇ ਹੀਗਲਵਾਦੀ ਸੋਮਿਆਂ ਦੀ ਨਿਸ਼ਾਨ-ਦੇਹੀ ਕਰਨ ਦਾ ਉਪਰਾਲਾ ਕੀਤਾ ਸੀ ਅਤੇ ਉਸ ਨੇ ਪਹਿਲੀ ਵਾਰ Totality (ਸਮੁੱਚਤਾ) ਦਾ ਸੰਕੇਤ ਵਰਤਿਆ ਸੀ। ਉਸਨੇ ਏਂਗਲਜ਼ ਨੇ ਡਾਇਲੈਕਟਸ ਦੇ ਸਿਧਾਂਤ ਉੱਤੇ ਵੀ ਕਿੰਤੂ ਕੀਤੇ ਸਨ। ਸਿੱਟੇ ਵਜੋਂ ਬਾਅਦ ਦੇ ਸਾਲਾਂ ਵਿਚ ਇਸ ਪੁਸਤਕ ਬਾਰੇ ਵਿਵਾਦ ਚੱਲਦਾ ਰਿਹਾ ਤੇ ਰੂਸੀ ਰਾਜਸੀ ਆਗੂਆਂ ਨੇ ਵੀ ਇਸ ਬਾਰੇ ਪਾਟਵੇਂ ਵਿਚਾਰ ਪ੍ਰਗਟ ਕੀਤੇ ਪਰ ਇਹ ਵਿਵਾਦ ਖਤਮ ਨਾ ਹੋਇਆ। ਸਟਾਲਿਨ ਦੀ ਮੌਤ ਪਿੱਛੋਂ ਇਹ ਵਾਦ ਵਿਵਾਦ ਫਿਰ ਛਿੜ ਪਿਆ।

ਇੱਕ ਸਿਧਾਂਤਕਾਰ ਦੇ ਰੂਪ ਵਿਚ, ਲੁਕਾਚ ਸਾਰਾ ਜੀਵਨ ਸਰਗਰਮ ਰਿਹਾ ਅਤੇ 1928 ਵਿਚ ਉਸਨੇ ਇੱਕ ਵਿਚਾਰਧਾਰਕ ਦਸਤਾਵੇਜ਼ ਤਿਆਰ ਕੀਤੀ, ਜੋ ਬਾਅਦ ਦੇ ਵਰ੍ਹਿਆਂ ਵਿਚ ਲੁਕਾਚ ਨੂੰ ਭੰਡਣ ਲਈ ਬਹਾਨਾ ਬਣਦੀ ਰਹੀ। ਉਸ ਦਸਤਾਵੇਜ਼ ਦਾ ਨਾਂ ਸੀ "Blum Theses" ਇਹ ਪਾਰਟੀ ਕਾਂਗਰਸ ਤੋਂ ਪਹਿਲਾਂ ਵਿਚਾਰ-ਵਟਾਂਦਰਾਂ ਲਈ ਲੁਕਾਚ ਵੱਲੋਂ ਤਿਆਰ ਕੀਤੀ ਗਈ ਲਿਖਤ ਸੀ। ਇਹ ਬਲੂਮ ਨਾਂ ਦੇ ਜਾਹਲੀ ਨਾਂ ਹੇਠ ਛਾਪੀ ਗਈ ਸੀ। ਇਸ ਲਿਖਤ ਦਾ ਮੂਲ ਸਾਰ ਇਹ ਸੀ ਕਿ ਹੰਗਰੀ ਦੀ ਕਮਿਊਨਿਸਟ ਪਾਰਟੀ ਦਾ ਨਿਸ਼ਾਨਾ ਸੋਵੀਅਤ ਲੋਕ-ਰਾਜ ਸਥਾਪਤ ਕਰਨਾ ਨਹੀਂ, ਸਗੋਂ "ਪਰੋਲੋਤਾਰੀ ਤੇ ਕਿਸਾਨੀ ਦੀ ਜਮਹੂਰੀ ਡਿਕਟੇਟਰਸ਼ਿਪ" ਸਥਾਪਤ ਕਰਨਾ ਸੀ। ਜਿਸ ਦਾ ਠੋਸ ਅਰਥ ਬੁਰਜ਼ੂਆ ਸਮਾਜ ਤੋਂ ਅੱਗੇ ਜਾਣਾ ਨਹੀਂ।

ਪਰ ਪਾਰਟੀ ਵੱਲੋਂ ਇਹ ਲਿਖਤ ਅਥਵਾ ਦਸਤਾਵੇਜ਼ ਰੱਦ ਕਰ ਦਿੱਤੀ ਗਈ। 1929 ਵਿਚ, ਪਾਰਟੀ ਵਿੱਚੋਂ ਕੱਢੇ ਜਾਣ ਦੇ ਖਤਰੇ ਦੇ ਸਨਮੁੱਖ, ਆਤਮ-ਆਲੋਚਨਾ ਕਰਦੇ ਹੋਏ ਲੁਕਾਚ ਨੇ ਖ਼ੁੱਦ ਹੀ ਇਸਨੂੰ ਰੱਦ ਕਰ ਦਿੱਤਾ। ਲੁਕਾਚ ਨੇ ਇਹ ਵੀ ਪ੍ਰਵਾਨ ਕੀਤਾ ਕਿ ਇਹ ਲਿਖਤ ਇੱਕ "ਘੁਣਤਰ" ਹੀ ਸੀ। ਇਸ ਪਿਛੋਂ ਕਈ ਸਾਲ ਤੀਕ ਲੁਕਾਚ ਸਰਗਰਮ ਰਾਜਨੀਤੀ ਦੀ ਥਾਂ ਸਿਧਾਂਤਕ ਕਾਰਜ ਵਿਚ ਲੱਗਾ ਰਿਹਾ।

ਦੂਸਰੀ ਜੰਗ ਸਮੇਂ ਲੁਕਾਚ ਦੀਆਂ ਬਹੁਤ ਘੱਟ ਲਿਖਤਾਂ ਛਪੀਆਂ। 1930-31 ਵਿਚ ਲੁਕਾਚ ਮਾਸਕੋ ਵਿਚ ਰਿਹਾ ਤੇ ਮਾਰਕਸ-ਏਂਗਲਜ਼-ਲੈਨਿਨ ਇਨਸਟੀਚੀਊਟ ਵਿਚ ਕੰਮ ਕਰਦਾ

ਰਿਹਾ। ਏਥੇ ਹੀ ਉਹ ਕਾਰਲ ਮਾਰਕਸ ਦੇ ਅਣਛਪੇ ਖਰੜਿਆਂ ਤੋਂ ਜਾਣੂ ਹੋਇਆ, ਜੋ ਅਜੇ ਤੀਕ ਵੀ ਅਣਛਪੇ ਪਏ ਸਨ।

ਅਖੀਰ ਲੁਕਾਚ ਬਰਲਨ ਵਾਪਸ ਪਰਤ ਗਿਆ। ਪਰ ਜਦੋਂ ਹਿਟਲਰ ਤਾਕਤ ਵਿਚ ਆ ਗਿਆ ਤਾਂ ਲੁਕਾਚ ਨੂੰ ਫਿਰ ਉਥੋਂ ਭੱਜਣਾ ਪਿਆ। ਉਸਨੇ ਰੂਸ ਵਿਚ ਜਾ ਸ਼ਰਨ ਲਈ ਤੇ ਦੂਸਰੀ ਜੰਗ ਦੇ ਖਾਤਮੇ ਤੀਕ ਏਥੇ ਹੀ ਟਿਕਿਆ ਰਿਹਾ। ਏਥੇ ਉਸ ਨੇ ਸਾਇੰਸ ਅਕਾਡਮੀ ਦੇ ਫਿਲਾਸਫੀ ਵਿਭਾਗ ਵਿਚ ਡਟ ਕੇ ਕੰਮ ਕੀਤਾ ਅਤੇ ਡੂੰਘਾ ਅਧਿਐਨ ਕੀਤਾ। ਏਥੇ ਕੀਤਾ ਕੰਮ ਉਸ ਨੇ ਜੰਗ ਖਤਮ ਹੋਣ ਤੋਂ ਪਿੱਛੋਂ ਕਈ ਪੁਸਤਕਾਂ ਦੇ ਰੂਪ ਵਿਚ ਛਾਪਿਆ 'ਇਤਿਹਾਸਕ ਨਾਵਲ' 'ਥਾਮਸ ਮਾਨ' 'ਗੇਟੇ ਤੇ ਉਸਦਾ ਯੁੱਗ' ਅਤੇ ਯਥਾਰਥਵਾਦ ਬਾਰੇ ਉਸਦੀ ਆਲੋਚਨਾ ਦੀਆਂ ਵਿਸ਼ਵ-ਪ੍ਰਸਿੱਧ ਪੁਸਤਕਾਂ ਏਸੇ ਹੀ ਦੌਰ ਦੀਆਂ ਲਿਖੀਆਂ ਹੋਈਆਂ ਹਨ। ਮਾਰਕਸਵਾਦੀ ਆਲੋਚਨਾ-ਸ਼ਾਸ਼ਤਰ ਤੇ ਸੁਹਜ-ਸੁਆਦ ਨਾਲ ਸਬੰਧਤ ਇਹ ਗੰਭੀਰ ਪੁਸਤਕਾਂ ਮਾਰਕਸਵਾਦੀ ਆਲੋਚਨਾ ਦੀ ਪੱਧਰ ਅਤੇ ਘੇਰੇ ਨੂੰ ਨਵੇਂ ਵਿਸਥਾਰ ਦਿੰਦੀਆਂ ਸਨ।

(4)

ਸੋਵੀਅਤ ਰੂਸ ਵਿਚ ਕਈ ਵਰ੍ਹੇ ਆਲੋਚਨਾ ਅਤੇ ਫਲਸਫ਼ੇ ਸਬੰਧੀ ਖੋਜ, ਅਧਿਐਨ ਅਤੇ ਲਿਖਦਿਆਂ ਲੁਕਾਚ ਨੂੰ ਕਈ ਰਾਜਨੀਤਕ ਝੱਖੜਾਂ ਅਤੇ ਹਨੇਰੀਆਂ ਵਿੱਚੋਂ ਦੀ ਲੰਘਣਾ ਪਿਆ। ਲੈਨਿਨ ਦੀ ਮੌਤ ਪਿੱਛੋਂ ਆਰੰਭ ਹੋਏ ਸਿਧਾਂਤਕ ਤੇ ਜਥੇਬੰਦਕਾਂ ਸੰਕਟਾਂ ਵਿੱਚੋਂ ਦੀ ਬਚ ਕੇ ਨਿਕਲ ਆਉਣਾ ਕੋਈ ਸੌਖਾ ਨਹੀਂ ਸੀ। ਸਟਾਲਿਨ ਦੇ ਵਿਅਕਤੀ·ਪੂਜਾ ਦੇ ਗੰਭੀਰ ਦੌਰ ਵਿਚ ਸਾਹਿਤ ਨੂੰ ਰਾਜਸੀ ਮਨੋਰਥਾਂ ਲਈ ਨੰਗੇ-ਚਿੱਟੇ ਰੂਪ ਵਿਚ ਵਰਤਣ ਨੂੰ ਬਰਦਾਸ਼ਤ ਕਰਨਾ ਤੇ ਆਪਣੇ ਸਿਧਾਂਤਕ ਵਿਸ਼ਵਾਸ਼ਾਂ ਨੂੰ ਕਾਇਮ ਰੱਖਦਿਆਂ ਜਿਸਮਾਨੀ ਤੌਰ ਤੇ ਜੀਊਂਦੇ ਰਹਿਣਾ, ਮੌਤ ਦੇ ਰੂਬਰੂ ਹੋਣ ਬਰਾਬਰ ਸੀ। ਏਹੀ ਕਾਰਨ ਹੈ ਕਿ ਉਹਨਾਂ ਵੇਲਿਆਂ ਦੀਆਂ ਲੁਕਾਚ ਦੀਆਂ ਪੁਸਤਕਾਂ ਦੀਆਂ ਲਿਖੀਆਂ ਭੂਮਿਕਾਵਾਂ ਨੂੰ ਸਟਾਲਿਨ ਦੀ ਮੌਤ ਬਾਅਦ ਲੁਕਾਚ ਨੂੰ ਬਦਲਣਾ ਪਿਆ। ਉਹਨਾਂ ਭਿਆਨਕ ਸਮਿਆਂ ਨੂੰ ਚੇਤੇ ਕਰਦਿਆਂ ਲੁਕਾਚ ਆਪਣੀ ਪੁਸਤਕ Write And Critic (1970) ਵਿਚ ਲਿਖਦਾ ਹੈ।

"ਸਟਾਲਿਨ ਤੇ ਉਸਦੇ ਪਿਛ ਲੱਗ ਮੰਗ ਕਰਦੇ ਸਨ ਕਿ ਸਾਹਿਤ ਉਹਨਾਂ ਦੀਆਂ ਸਮਕਾਲੀ ਰਾਜਨੀਤਕ ਨੀਤੀਆਂ ਨੂੰ ਦਾਅ-ਪੇਚਕ ਸਮਰਥਨ ਦੇਵੇ। ਏਸੇ ਨੀਤੀ ਅਨੁਸਾਰ, ਸਮੁੱਚੀ ਕਲਾ ਨੂੰ ਇਹਨਾਂ ਲੋੜਾਂ ਅਨੁਸਾਰ ਹਾਂ-ਪੱਖੀ ਤੇ ਨਾਂਹ-ਪੱਖੀ ਅਰਥਾਂ ਵਿਚ ਅਧੀਨ ਕਰ ਦਿੱਤਾ ਗਿਆ। ਕੇਵਲ ਪ੍ਰਵਾਨਤ ਪਾਤਰ ਅਤੇ ਸਥਿਤੀਆਂ, ਖਿਆਲ ਅਤੇ ਜਜ਼ਬੇ ਹੀ ਪੇਸ਼ ਕੀਤੇ ਜਾਂਦੇ ਸਨ ਤੇ ਉਹਨਾਂ ਦੀਆਂ ਨੀਤੀਆਂ ਅਨੁਸਾਰ ਹੀ ਸਮੱਗਰੀ ਨੂੰ ਢਾਲਿਆ ਜਾਂਦਾ ਸੀ ਤੇ ਇਹਨਾਂ ਨੀਤੀਆਂ ਤੋਂ ਕੋਈ ਚੀਜ਼ ਵੀ ਬਾਹਰ ਨਹੀਂ ਜਾਂਦੀ ਸੀ। ਜਿਵੇਂ ਕਿ ਹਰ ਕੋਈ ਜਾਣਦਾ ਹੈ, ਇਸ ਸਮੇਂ ਦੌਰਾਨ ਕੋਈ ਵਾਦ-ਵਿਵਾਦ ਛੇੜਨ ਦੀ ਆਗਿਆ ਨਹੀਂ ਸੀ। ਫਿਰ ਵੀ ਮੈਂ ਸਾਹਿਤ ਦੀ ਅਜੇਹੀ ਧਾਰਨਾ ਦੇ ਵਿਰੁੱਧ ਲਗਾਤਾਰ ਰੋਸ ਪ੍ਰਗਟ ਕਰਦਾ ਰਹਿੰਦਾ ਸੀ।" (ਭੂਮਿਕਾ Write And Critic ਪੰਨਾ-7)

ਪ੍ਰਸ਼ਨ ਉਠਦਾ ਹੈ ਕਿ ਆਖਰ ਵਿਸ਼ਵ ਪੱਧਰ ਦੇ ਚਿੰਤਨ ਨੂੰ, ਬਦਲਦੇ ਪ੍ਰਸੰਗਾਂ ਵਿਚ ਅਜੇਹੀਆਂ ਸਫਾਈਆਂ ਤੇ ਸਪੱਸ਼ਟੀਕਰਨ ਦੇਣ ਜਾਂ ਲਿਖਣ ਦੀ ਲੋੜ ਕਿਉਂ ਪਈ? ਆਖਰ ਰਾਜਨੀਤਕ ਪ੍ਰਤੀਬੱਧਤਾ ਵੀ ਤਾਂ ਹੁੰਦੀ ਹੈ, ਕਿਸੇ ਲੇਖਕ ਜਾਂ ਚਿੰਤਕ ਦੀ।

ਅਸਲ ਵਿਚ, ਲੈਨਿਨ ਦੀ ਮੌਤ ਬਾਅਦ ਵਿਰੋਧੀਆਂ ਨੂੰ ਗੁੱਠੇ ਲਾਉਣ ਤੋਂ ਬਾਅਦ ਸਟਾਲਿਨ ਨੇ ਵਿਸ਼ਵ ਰਾਜਨੀਤਕ ਸਥਿਤੀ ਦੇ ਸਨਮੁੱਖ ਜੋ ਮੋੜ ਕੱਟੇ, ਉਸ ਅਨੁਸਾਰ, "ਸਾਪੇਖਕ ਸਥਿਰਤਾ"। Relative Stability" ਦੇ ਨਾਂ ਹੇਠ ਪੈਂਤੜੇ ਦੇ ਬਦਲਣ ਬਾਰੇ ਖੁੱਦ ਲੁਕਾਚ ਲਿਖਦਾ ਹੈ,



"1924 ਵਿਚ ਤੀਸਰੀ ਇੰਟਰਨੈਸ਼ਨਲ ਨੇ ਪੂੰਜੀਵਾਦੀ ਸੰਸਾਰ ਦੀ ਨਵੀਂ ਸਥਿਤੀ ਨੂੰ ਪਰਿਭਾਸ਼ਤ ਕਰਦਿਆਂ।" "ਸਾਪੇਖਕ ਸਥਿਰਤਾ" ਦਾ ਠੀਕ ਨਿਰਣਾ ਕੀਤਾ ਸੀ। ਇਹਨਾਂ ਤੱਥਾਂ ਦਾ ਅਰਥ ਸੀ ਕਿ ਮੈਨੂੰ ਵੀ ਆਪਣੀ ਸਿਧਾਂਤਕ ਸਥਿਤੀ ਬਾਰੇ ਦੋਬਾਰਾ ਸੋਚਣਾ ਪੈਣਾ ਸੀ। ਰੂਸੀ ਪਾਰਟੀ ਦੀਆਂ ਬਹਿਸਾਂ ਵਿਚ ਮੈਂ "ਇੱਕ ਦੇਸ਼ ਵਿਚ ਸਮਾਜਵਾਦ" ਦੀ ਲੋੜ ਬਾਰੇ ਸਟਾਲਿਨ ਨਾਲ ਸਹਿਮਤ ਹੋ ਗਿਆ ਤੇ ਇਸ ਤੋਂ ਬੜਾ ਸਪੱਸ਼ਟ ਦਿਸਦਾ ਸੀ ਕਿ ਮੇਰੇ ਖਿਆਲ ਵਿਚ ਇੱਕ ਨਵਾਂ ਦੌਰ ਆਰੰਭ ਹੋ ਗਿਆ ਸੀ।" (ਹਵਾਲਾ ਜਾਰਜ ਲੁਕਾਚ ਮਿਸ਼ਲ ਲੋਵੀ-ਪੰਨਾ 193) ਏਥੋਂ ਹੀ ਲੁਕਾਚ ਦੀ ਅਖੌਤੀ ਸਟਾਲਿਨ-ਭਗਤੀ ਦੇ ਰੁਝਾਨ ਦਾ ਆਰੰਭ ਹੁੰਦਾ ਹੈ। ਕਿਸੇ ਵੱਡੇ ਆਗੂ ਨਾਲ ਰਾਜਨੀਤਕ ਤੌਰ ਤੇ ਸਹਿਮਤ ਜਾਂ ਅਸਹਿਮਤ ਹੋਣਾ ਹੋਰ ਗੱਲ ਹੈ, ਪਰ ਉਸਦਾ ਜੀ ਹਜ਼ੂਰ ਮਹਿਮਾਂਕਾਰ ਜਾਂ ਢੰਡੋਰਚੀ ਬਣ ਜਾਣਾ ਵੱਖਰੀ ਗੱਲ ਹੈ।

ਇਹਨਾਂ ਵਰਿਆਂ ਵਿਚ ਲੁਕਾਚ ਦੀ ਮਾਨਸਕ ਸਥਿਤੀ ਕੀ ਸੀ, ਇਸ ਬਾਰੇ ਪ੍ਰਸਿੱਧ ਖੱਬੇ-ਪੱਖੀ ਲੇਖਕ ਵਿਕਟਰ ਸਰਜ (Victor Serge) ਨੇ ਆਪਣੀਆਂ ਯਾਦਾਂ ਵਿਚ ਸੰਕੇਤ ਕੀਤਾ ਹੈ, ਬਦਲਦੀਆਂ ਸਥਿਤੀਆਂ ਵਿਚ, ਲੋੜ ਅਨੁਸਾਰ ਆਪਣੇ ਦਾਅ-ਪੇਚ ਕਿਵੇਂ ਬਦਲਣੇ ਹਨ, ਇਸ ਬਾਰੇ ਦੋ ਰਾਵਾਂ ਨਹੀਂ ਹਨ, ਐਪਰ ਆਪਣੀ ਵਚਨ ਬੱਧਤਾ, ਤਿਆਗ, ਖ਼ੁਸ਼ਾਮਦ ਦੇ ਰਾਹ ਪੈ ਜਾਣਾ ਨਿਸ਼ਚੇ ਹੀ, ਲੁਕਾਚ ਵਰਗੇ ਚਿੰਤਕਾਂ ਤੋਂ ਆਸ ਨਹੀਂ ਕੀਤੀ ਜਾ ਸਕਦੀ।

ਵਿਕਟਰ ਸਰਜ ਨੂੰ ਦਿੱਤੀ ਸਿੱਖ-ਮੱਤ ਵਿਚਾਰਨ ਵਾਲੀ ਹੈ।

"ਅਖੀਰ ਉੱਤੇ ਲੁਕਾਚ ਨੇ ਮੈਨੂੰ ਇੱਕ ਸ਼ਾਮ (1926) ਵੋਟਿਵ ਚਰਚ ਦੀ ਭੂਰੀ ਟੀਸੀ ਹੇਠ, ਘੁੰਮਦੇ ਹੋਏ ਆਖਿਆ,

"ਬੇਵਕੂਫ ਨਾ ਬਣ! ਤੂੰ ਅਜਾਈਂ ਹੀ ਦੇਸ-ਬਦਰ ਹੋ ਜਾਵੇਗਾ, ਬੱਸ ਕੇਵਲ ਆਗਿਆ ਦੀ ਉਲੰਘਣਾ ਕਰਨ ਦੀ ਖ਼ੁਸ਼ੀ ਵਿਚ। ਮੇਰੇ ਤੇ ਵਿਸ਼ਵਾਸ਼ ਕਰੀਂ, ਸਾਡੇ ਲਈ ਬੇਇਜ਼ਤੀਆਂ ਕੋਈ ਮੁੱਲ ਨਹੀਂ ਰੱਖਦੀਆਂ ਹੁੰਦੀਆਂ। ਮਾਰਕਸਵਾਦੀ ਇਨਕਲਾਬੀਆਂ ਨੂੰ ਹੌਂਸਲੇ ਤੇ ਧੀਰਜ ਦੀ ਲੋੜ ਹੁੰਦੀ ਹੈ, ਉਹਨਾਂ ਨੂੰ ਹੰਕਾਰ ਦੀ ਲੋੜ ਨਹੀਂ। ਸਮੇਂ ਮਾੜੇ ਹਨ ਅਸੀਂ ਹਨੇਰੇ ਚੁਰਸਤਿਆਂ ਵਿਚ ਖਲੋਤੇ ਹਾਂ। ਆਓ ਆਪਣੀ ਤਾਕਤ ਨੂੰ ਸਾਂਭ ਰੱਖੀਏ। ਇਤਿਹਾਸ, ਲੋੜ ਪੈਣ ਉੱਤੇ ਸਾਨੂੰ ਸੱਦੇਗਾ।" (ਉਕਤ ਪੁਸਤਕ ਪੰਨਾ 200) ਯਕੀਨੀ ਤੌਰ ਤੇ ਇਹ ਸਿੱਖਿਆ ਕਿਸੇ ਮਾਰਕਸਵਾਦੀ ਚਿੰਤਕ ਦੀ ਨਹੀਂ ਹੋ ਸਕਦੀ!!

ਮੈਨੂੰ ਇਹ ਪੜ੍ਹ ਕੇ ਹੈਰਾਨੀ ਹੋਈ ਹੈ ਕਿ ਸਟਾਲਿਨ ਪ੍ਰਤੀ ਏਨਾ ਖ਼ੁਸ਼ਾਮਦੀ ਵਤੀਰਾ ਰੱਖਣ ਦੇ ਬਾਵਜੂਦ 1941 ਵਿਚ ਲੁਕਾਚ ਨੂੰ ਗ੍ਰਿਫਤਾਰ ਕਰ ਲਿਆ ਗਿਆ ਤੇ ਉਹ ਇਕ ਮਹੀਨੇ ਦੇ ਕਰੀਬ ਨਜ਼ਰਬੰਦ ਰਿਹਾ। ਉਸ ਉੱਤੇ ਇਹ ਇਲਜ਼ਾਮ ਲੱਗਾ ਕਿ ਉਹ ਵੀਹਵਿਆਂ ਤੋਂ 'ਟਰਾਟਸਕੀ ਏਜੰਟ' ਹੈ। ਉਸਨੂੰ ਗੁਪਤ ਏਜੰਸੀ ਵੱਲੋਂ ਆਪਣੀ ਰਾਜਸੀ ਸਵੈ-ਜੀਵਨੀ ਲਿਖਣ ਲਈ ਆਖਿਆ ਗਿਆ। ਸਪੱਸ਼ਟ ਹੈ ਕਿ ਅਜੇਹੀ ਦਸਤਾਵੇਜ਼ ਸਿਰਫ ਉਸ ਵਿਅਕਤੀ ਨੂੰ ਲਿਖ ਕੇ ਦੇਣ ਲਈ ਆਖਿਆ ਜਾਂਦਾ ਸੀ, ਜਿਨ੍ਹਾਂ ਦੀ ਪੁੱਛ-ਪੜਤਾਲ ਦੀ ਲੋੜ ਹੁੰਦੀ ਹੋਵੇ। ਇਹ ਉਹ ਵਕਤ ਸੀ, ਜਦੋਂ ਰੂਸ ਉੱਤੇ ਜਰਮਨ ਹਮਲਾ ਹੋਣ ਵਾਲਾ ਸੀ। ਪਰ ਉਸਨੂੰ ਛੇਤੀ ਹੀ ਰਿਹਾ ਕਰ ਦਿੱਤਾ ਗਿਆ। ਰਿਹਾਈ ਲਈ ਕੌਮਾਂਤਰੀ ਕਮਿਊਨਿਸਟ ਆਗੂ ਦਮਿਤਰੋਵ ਨੂੰ ਦਖਲ ਦੇਣਾ ਪਿਆ।

ਪਰ ਕਮਿਊਨਿਸਟ ਲਹਿਰ ਨਾਲ ਉਸਦੀ ਇਹ ਰਾਜਸੀ ਲੁਕਣ-ਮੀਟੀ ਸਾਰੀ ਉਮਰ ਹੀ ਚੱਲਦੀ ਰਹੀ। ਨਾ ਹੀ ਉਹ ਪਾਰਟੀ ਨੂੰ ਛੱਡ ਸਕਦਾ ਸੀ ਤੇ ਨਾ ਹੀ ਪਾਰਟੀ ਉਸ ਲਈ ਸਦਾ ਵਾਸਤੇ ਬੂਹੇ ਬੰਦ ਕਰਦੀ ਰਹੀ। ਸਟਾਲਿਨ-ਕਾਲ ਦੀਆਂ ਸਾਹਿਤਕ ਨੀਤੀਆਂ ਨਾਲ ਉਸ ਦਾ ਵਿਰੋਧ, ਅਖੀਰ 1956 ਵਿਚ ਖਰੁਸ਼ਚੋਵ ਦੀ ਖ਼ੁਫ਼ੀਆ ਰੀਪੋਰਟ ਦੇ ਛਪਣ ਤੋਂ ਬਾਅਦ ਖੁੱਲ੍ਹ ਕੇ

ਪ੍ਰਗਟ ਹੋਣ ਲੱਗਾ ਤੇ ਚਰਚਾ ਦਾ ਵਿਸ਼ਾ ਬਣ ਗਿਆ।

ਆਪਣੀ ਉਮਰ ਦੇ ਆਖਰੀ ਸਾਲਾਂ ਵਿਚ ਲੁਕਾਚ ਨੂੰ ਰੂਸੀ ਫੌਜਾਂ ਦੇ ਹੰਗਰੀ ਅਤੇ ਚੈਕੋਸਲਾਵਾਕੀਆ ਉੱਤੇ ਹਮਲੇ ਵੀ ਵੇਖਣੇ ਪਏ। ਅਜੇਹੀਆਂ ਨੀਤੀਆਂ ਦੇ ਵਿਰੁੱਧ ਉਸ ਦੀ ਕਲਮ ਹੋਰ ਤਿੱਖੀ ਹੁੰਦੀ ਗਈ ਤੇ ਬੁੱਢੀ ਉਮਰੇ ਦਿੱਤੇ ਉਸ ਦੇ ਇੰਟਰਵੀਊ ਹੋਰ ਵਧੇਰੇ ਤਲਖ਼ਤਰ ਹੁੰਦੇ ਗਏ।

ਉਸਦੇ ਆਪਾ-ਵਿਰੋਧੀ ਬਿਆਨ ਏਨੇ ਹਾਸੋ-ਹੀਣੇ ਹਨ, ਕਿ ਅੱਜ ਵੀ ਪੜ੍ਹ ਕੇ ਸ਼ਰਮ ਆਉਂਦੀ ਹੈ। ਆਖਰ ਏਡੇ ਵੱਡੇ ਚਿੰਤਕ ਤੇ ਲੇਖਕ ਦੀ ਏਡੀ ਕੀ ਮਜਬੂਰੀ ਸੀ। ਕੀ ਉਸ ਨੂੰ ਸਟਾਲਿਨ-ਕਾਲ ਵਿਚ ਮਾਰੇ ਜਾਣ ਦਾ ਡਰ ਸੀ? ਉਸ ਦੇ ਅਜੇਹੇ ਖ਼ੁਸ਼ਾਮਦ-ਭਰੇ ਬਿਆਨ ਪੜ੍ਹ ਕੇ ਜੂਲੀਅਸ ਫਿਊਚਿਕ ਤੇ ਬੁਖਾਰਨ ਵਰਗੇ ਕਈ ਸੂਰਮਿਆਂ ਦੀਆਂ ਲਿਖਤਾਂ ਯਾਦ ਆਉਂਦੀਆਂ ਹਨ। ਇੱਕ ਪਾਸੇ ਉਹ ਲਿਖਦਾ ਹੈ-

"ਸਟਾਲਿਨ ਦੀਆਂ ਲਿਖਤਾਂ ਏਨੇ ਫੈਸਲਾਕੁਨ ਢੰਗ ਨਾਲ, ਸੁਹਜ-ਸ਼ਾਸ਼ਤਰ ਦੀਆਂ ਸਮੱਸਿਆਵਾਂ ਦਾ ਵਿਸ਼ਲੇਸ਼ਣ ਕਰਦੀਆਂ ਹਨ, ਕਿ ਇਸ ਨਾਲ ਬੰਦਾ ਉਸ ਮਹਾਨ ਵਿਕਾਸ ਤੋਂ ਜਾਣੂ ਹੋ ਜਾਂਦਾ ਹੈ, ਜਿਸ ਯੁੱਗ ਵਿਚ ਲੈਨਿਨ ਅਤੇ ਸਟਾਲਿਨ ਸੁਹਜ-ਸ਼ਾਸ਼ਤਰ ਦੇ ਇਤਿਹਾਸ ਦੀ ਪ੍ਰਤੀਨਿਧਤਾ ਕਰਦੇ ਹਨ।" (ਹਵਾਲਾ ਲੁਕਾਚ, ਲੇਖਕ ਜੌਰਜ ਲਿਚਥੀਮ, ਪੰਨਾ 99)

ਐਪਰ ਹਾਲਾਤ ਬਦਲਣ ਨਾਲ, ਸਟਾਲਿਨ ਦੀ ਮੌਤ ਤੋਂ ਬਾਅਦ, ਖਰੁਸ਼ਚੋਵ ਦੀ ਦੌਰ ਵਿਚ, ਨਵੀਆਂ ਭੂਮਿਕਾਵਾਂ ਲਿਖਦਾ ਉਹ ਆਖਦਾ ਹੈ।

"ਜਦਕਿ ਸਟਾਲਿਨ ਦੀਆਂ ਹਾਂ-ਪੱਖੀ ਪ੍ਰਾਪਤੀਆਂ ਭੁਲਾਈਆਂ ਨਹੀਂ ਜਾਣੀਆਂ ਚਾਹੀਦੀਆਂ। ਦੂਜੇ ਪਾਸੇ ਸਟਾਲਿਨ ਦੇ ਕੱਟੜਵਾਦ ਤੇ ਉਸ ਦੇ ਸਮੇਂ ਦੀ ਬੇਕਿਰਕ ਆਲੋਚਨਾ ਹੋਣੀ ਚਾਹੀਦੀ ਹੈ। ਪੰਨਾ ਉਕਤ ਪੁਸਤਕ (101)

ਅਜੇਹੀਆਂ ਟੂਕਾਂ ਤੇ ਹਵਾਲਿਆਂ ਨਾਲ ਸਫ਼ਿਆਂ ਦੇ ਸਫ਼ੇ ਭਰੇ ਜਾ ਸਕਦੇ ਹਨ। ਅਜੇਹੀਆਂ ਲਿਖਤਾਂ ਪੜ੍ਹਕੇ ਨਿਸਚੇ ਹੀ, ਲੁਕਾਚ ਦੀਆਂ, ਸਾਰਥਕ ਅਤੇ ਮੁੱਲਵਾਨ ਸਾਹਿਤਕ ਆਲੋਚਨਾਤਮਕ ਲਿਖਤਾਂ ਵੀ ਧੁੰਦਲੀਆਂ ਵਿਖਾਲੀ ਦਿੰਦੀਆਂ ਹਨ। ਆਖਰ ਕਿਉਂ?

**ਸਹਾਇਕ ਪੁਸਤਕਾਂ —**


1) The Writer and Critic by Georg Lukacs, 1970, Merlin Press London.
2) Studies in European Realism, 1970, the Merlin Press London.
3) Conversation with Lukacs Editor, Thee Punkers 1974, The Merlin Press London
4) Main Curents of Marxism Part IIII By heszok Kolakouski 1978, Oxford University Press, London.
5) Georg Lukcas, from Ramanticism to Bolshevism by Michael Lowy 1979, NLB, Londo.
6) Indian Left Reveiw, Dec. 1971, New Delhi.
7) Lukacs By George Hichtheim, Fontana/Collins-1970 London.
8) Record of A life, By Georg Lukacs, Verso London 1983 (Biography)
9) Lukac's concept of Dialetic By In Troom Meszaros Aakar Books 2013 Delhi.




# ਗੀਤਾਂ ਵਿਚ ਢਲੇ ਸਦਮੇਂ : (ਮੇਰੇ ਗੀਤ, ਤੇਰੇ ਗੀਤ)

*—ਡਾ. ਕੁਲਦੀਪ ਸਿੰਘ ਧੀਰ*

ਗੀਤ ਦਿਲ ਦੀ ਵਾਰਦਾਤ ਬਿਆਨ ਕਰਨ ਵਾਲੀ ਕਾਵਿ-ਵਿਸ਼ਾ ਹੈ। ਨਾਜ਼ਕ ਜਹੀ ਸ਼ੈਅ ਹੈ ਦਿਲ। ਖੰਜਰ ਕਿਤੇ ਚੱਲੇ ਇਹ ਤੜਪ ਉੱਠਦਾ ਹੈ। ਬਸ ਸ਼ਰਤ ਇਹ ਹੈ ਕਿ ਇਹ ਸੱਚਮੁੱਚ ਦਾ ਦਿਲ ਹੋਵੇ। ਦਿਲ ਦੀ ਥਾਂ ਪੱਥਰ ਹੋਵੇ ਤਾਂ ਉਸਨੂੰ ਕੀ ਫਰਕ ਪੈਣਾ ਹੈ। ਪਰੇਸ਼ਾਨੀ ਤਾਂ ਸੰਵੇਦਨਸ਼ੀਲ ਬੰਦੇ ਨੂੰ ਹੁੰਦੀ ਹੈ। "ਮੂਰਖ ਲੋਕ ਸਦਾ ਸੁਖ ਸੌਂਦੇ ਤੇ ਰੋਜ਼ ਕਮਾਵਨ ਪੈਸਾ।" ਸੰਵੇਦਨਸ਼ੀਲ ਬੰਦੇ ਦੂਜੇ ਦੇ ਹਿੱਤਾਂ-ਹੱਕਾਂ ਲਈ ਵੀ ਦੁੱਖ ਸਹੇੜਦੇ ਹਨ। ਉਸਦੇ ਦੁੱਖ ਵਿਚ ਵੀ ਗੀਤ ਗਾਂਦੇ ਹਨ। ਉਨ੍ਹਾਂ ਦੇ ਦਿਲਾਂ ਉਤੇ ਵਾਪਰਨ ਵਾਲੇ ਸਦਮੇ ਇਸੇ ਲਈ ਗਿਣਤੀ ਤੇ ਮਾਤਰਾ ਵਿਚ ਅਸਾਧਾਰਨ ਹੁੰਦੇ ਹਨ। ਕਿਸ ਵੇਲੇ ਆਖਰ ਇਹ ਸ਼ਿਕਵਾ ਉਨ੍ਹਾਂ ਦੀ ਜ਼ੁਬਾਨ ਉਤੇ ਸ਼ਾਇਦ ਆ ਹੀ ਜਾਂਦਾ ਹੈ।

ਵੋਹ ਸਦਮੇਂ ਜੋ ਹਮ ਮੇ ਗੁਜ਼ਰਤੇ ਹੈਂ
ਆਪ ਬੰਦਾ-ਨਵਾਜ਼ ਕਿਆਂ ਜਾਨੇ।

ਇਨ੍ਹਾਂ ਹਾਦਸਿਆਂ, ਵਾਰਦਾਤਾਂ, ਸਦਮਿਆਂ ਨੂੰ ਕਿਸੇ ਵੇਲੇ ਉਹ ਗੀਤਾਂ ਦੀ ਜ਼ੁਬਾਨ ਵੀ ਦੇ ਦਿੰਦੇ ਹਨ। ਇਹ ਗੀਤ ਜਿਸ ਦੇ ਦਰਦ ਦੀ ਜ਼ੁਬਾਨ ਹੁੰਦੇ ਹਨ, ਉਨ੍ਹਾਂ ਨੂੰ ਹੀ ਚੰਗੇ ਲੱਗਦੇ ਹਨ, ਜਿਨ੍ਹਾਂ ਨੇ ਇਹ ਦਰਦ ਦਿੱਤੇ ਹੁੰਦੇ ਹਨ, ਉਨ੍ਹਾਂ ਨੂੰ ਕਦੋਂ ਭਾਉਂਦੇ ਹਨ।

ਗੀਤਾਂ ਦੇ ਨਾਮ ਉਤੇ ਅੱਜ ਸ਼ੋਰ ਵਿੱਕ ਰਿਹਾ ਹੈ। ਮੀਡੀਆ ਇਸ ਸ਼ੋਰ ਨੂੰ ਵੇਚਣ ਦਾ ਵਪਾਰ ਕਰ ਰਿਹਾ ਹੈ। ਆਰਥਿਕਤਾ ਦੀ ਇਕ ਮੁੱਢਲੀ ਜਹੀ ਧਾਰਨਾ ਹੈ- Bad Money driver good money out of the market. ਕਾਲਾ ਧਨ ਜਾਂ ਮਾੜੇ ਤਰੀਕਿਆਂ ਨਾਲ ਕਮਾਇਆ ਪੈਸਾ ਮਿਹਨਤ ਨਾਲ ਕੀਤੀ ਕਮਾਈ ਨੂੰ ਖੂੰਜੇ ਲਾ ਦਿੰਦਾ ਹੈ। ਮਾੜਾ ਸਾਹਿਤ ਵੀ ਇੰਜ ਹੀ ਕਰਦਾ ਹੈ। ਅਸ਼ਲੀਲ ਤੇ ਗੈਰ-ਜ਼ਿੰਮੇਵਾਰ ਗੀਤ ਚੰਗੇ ਗੀਤਾਂ ਵਾਸਤੇ ਸੁਹਜ ਸੁਆਦ ਹੀ ਨਹੀਂ ਪੈਦਾ ਹੋਣ ਦਿੰਦੇ। ਕੁੱਝ ਆਲੋਚਕ ਮੰਡੀ ਦੀ ਵਸਤੂ ਬਣ ਗਏ ਹਨ। ਉਹ ਇਹ ਭੁੱਲ ਚੁੱਕੇ ਹਨ ਕਿ ਪਾਠਕਾਂ/ਸ੍ਰੋਤਿਆਂ ਦੇ ਸੁਹਜ ਸੁਆਦ ਨੂੰ ਦਿਸ਼ਾ ਦੇਣੀ ਇਸਨੂੰ ਸੁਧਾਰਨਾ ਤੇ ਇਸ ਦਾ ਪੱਧਰ ਉੱਚਾ ਚੁੱਕਣਾ ਵੀ ਉਨ੍ਹਾਂ ਦੀ ਜ਼ਿੰਮੇਵਾਰੀ ਹੈ। ਗੀਤਾਂ ਦੇ ਨਾਂ ਉਤੇ ਇੰਦ੍ਰਿਆਵੀ ਜਜ਼ਬਿਆਂ ਦੇ ਚਟਕਾਰੇ ਤੇ ਸੁਆਦ ਨੂੰ ਪਾਪ ਗੀਤ, ਕਾਮੁਕ ਦ੍ਰਿਸ਼ਾ ਤੇ ਭੜਕੀਲੇ ਸੰਗੀਤ ਆਸਰੇ ਪ੍ਰੋਸਣਾ ਕਲਾ ਨਹੀਂ ਹੈ। ਪਰ ਅੱਜ ਇਹ ਕਾਰਜ ਕਰਨ ਵਿਚ ਕਿਸੇ ਨੂੰ ਵੀ ਕੋਈ ਸੰਕੋਚ ਨਹੀਂ। ਇਸ ਲਈ ਸਾਹਿਤਕ ਗੀਤ ਜਾਂ ਗੀਤਾਂ ਦੀ ਸਮਾਜਕ ਸਾਰਥਕਤਾ, ਉਪਯੋਗਤਾ ਬਾਰੇ ਚਰਚਾ ਕਰਨ ਦੀ ਕਿਸੇ ਕੋਲ ਵਿਹਲ ਨਹੀਂ। ਮੰਡੀ ਕੋਲ ਤਾਂ ਇਸ ਬਾਰੇ ਉਕਾ ਕੋਈ ਵਿਹਲ ਨਹੀਂ ਕਿ ਸਮਾਜ ਨੂੰ ਸੇਧ ਦੇਣ ਵਾਲੇ ਜਾਂ ਇਸ ਦੇ ਯਥਾਰਥ ਨੂੰ ਧਿਆਨ ਕਰਨ ਵਾਲੇ ਗੀਤਾਂ ਨੂੰ ਜਨ-ਸਾਧਾਰਨ ਦੇ ਸੁਹਜ ਸੁਆਦ ਦਾ ਹਿੱਸਾ ਬਣਾਉਣ ਵਾਸਤੇ ਕੁਝ ਕੀਤਾ ਜਾਵੇ।

ਅਜੇਹੇ ਵੇਲੇ ਨਕਾਰਖਾਨੇ ਵਿਚ ਤੂਤੀ ਵਜਾਣ ਦਾ ਕਾਰਜ ਕੀਤਾ ਹੈ ਹਰਭਜਨ ਸਿੰਘ ਹੁੰਦਲ ਨੇ। "ਮੇਰੇ ਗੀਤ ਤੇਰੇ ਗੀਤ" ਨਾਂ ਦਾ ਉਸ ਦਾ ਗੀਤਾਂ ਦਾ ਸੰਗ੍ਰਹਿ ਇਸੇ ਕਿਸਮ ਦਾ ਉੱਦਮ ਹੈ। ਉਸਦੀ ਕਿਤਾਬ ਦਾ ਨਾਮ ਹੀ ਸੰਕੇਤ ਕਰ ਦਿੰਦਾ ਹੈ ਕਿ ਉਸਦੇ ਗੀਤ, ਉਸਦੇ ਆਪਣੇ ਨਿੱਕੇ ਨਿੱਕੇ ਦਰਦਾਂ ਦੇ ਗੀਤ ਨਹੀਂ। ਇਹ ਸਾਡੇ, ਤੁਹਾਡੇ, ਆਮ ਆਦਮੀ ਦੇ ਦੁੱਖਾਂ-ਦਰਦਾਂ ਦਾ। ਬਿਆਨ ਕਰਨ ਵਾਲੇ ਗੀਤਾਂ ਹਨ। ਇਨ੍ਹਾਂ ਵਿਚ ਨਿੱਜ ਦੇ ਦਰਦ ਤੇ ਸਦਮੇ ਲੋਕਾਈਂ

ਦਾ ਦਰਦ ਤੇ ਸਦਮੇ ਬਣ ਕੇ ਪੇਸ਼ ਹੋਏ ਹਨ। ਗੱਲ ਦਰਦ ਤੱਕ ਹੀ ਸੀਮਿਤ ਨਹੀਂ। ਇਸ ਦਰਦ ਦੇ ਕਾਰਨਾਂ ਵੱਲ ਵੀ ਸੰਕੇਤ ਹਨ ਇਨਾਂ ਵਿਚ। ਇਸਨੇ ਮਰੀਅਮ ਬਣ ਕੇ ਇਨ੍ਹਾਂ ਦਰਦਾਂ ਦੀ ਦਵਾ ਕਰਨ ਦਾ ਫਿਕਰ ਵੀ ਹੈ।

ਹੁੰਦਲ ਸਾਹਿਤ ਨੂੰ ਕੇਵਲ ਕਿੱਸਾ ਗੋਈ ਨਹੀਂ ਸਮਝਦਾ। ਉਹ ਜਾਣਦਾ ਹੈ ਕਿ ਇਸ ਦਾ ਇਕ ਸਭਿਆਚਾਰਕ ਪ੍ਰਕਾਰਜ ਹੈ। ਗੀਤ ਦੀ ਹੋਂਦ-ਵਿਧੀ ਤੇ ਅੰਦਾਜ਼ੇ-ਬਿਆਂ ਦੀ ਵੀ ਉਸਨੂੰ ਖ਼ਬਰ ਹੈ। ਉਹ ਜਾਣਦਾ ਹੈ ਕਿ ਗੀਤ ਦਾ ਸ਼ਿਲਪ-ਵਿਧਾਨ, ਲਹਿਜਾ ਤੇ ਸ਼ੈਲੀ ਬਾਕੀ ਕਾਵਿ-ਰੂਪਾਂ ਤੋਂ ਵੱਖਰੀ ਹੈ। ਗੀਤ ਗਾਣ ਵਾਲੀ ਰਚਨਾ ਹੈ। ਇਹ ਜਜ਼ਬਾਤੀ ਤੌਰ ਉਤੇ ਮਨੁੱਖੀ ਮਨ ਨੂੰ ਝੰਜੋੜਦਾ ਹੈ। ਇਸ ਲਈ ਇਸ ਦਾ ਪ੍ਰਭਾਵ ਖੇਤਰ ਖਾਸਾ ਵਿਆਪਕ ਹੋ ਸਕਦਾ ਹੈ। ਪਰੰਪਰਾਗਤ ਰੂਪ ਵਿਚ ਗੀਤ ਦੀ ਭਾਸ਼ਾ ਕੋਮਲ, ਸਰਲ, ਮੁਹਾਵਰੇਦਾਰ, ਆਮ ਬੋਲਚਾਲ ਦੇ ਨੇੜ੍ਹੇ ਹੋਣੀ ਚੰਗੀ ਹੈ। ਪਰ ਬੇਰਹਿਮ ਕਠੋਰ ਵਰਤਾਰਿਆਂ ਦੀ ਗੱਲ ਕਰਦੇ ਕਰਦੇ ਕਈ ਵਾਰ ਕਠੋਰ ਵਿਅੰਜਨਾਂ ਤੇ ਸ਼ਬਦਾਂ ਦੀ ਵਰਤੋਂ ਵੀ ਸੁਹਜ ਸੁਆਦ ਨੂੰ ਬੇਮਜ਼ਾ ਨਹੀਂ ਹੋਣ ਦਿੰਦੀ। ਪੰਜਾਬ ਦੇ ਦੁੱਖਦਾਈ ਹਾਲਾਤ ਦੇ ਬਿਆਨ ਵਾਸਤੇ ਇਸੇ ਦ੍ਰਿਸ਼ਟੀ ਦੀ ਲੋੜ ਸੀ। ਹੁੰਦਲ ਨੇ ਆਪਣੇ ਜੀਵਨ ਸੰਘਰਸ਼ ਵਿਚ ਜਿਸ ਕਿਸਮ ਦੇ ਕਠੋਰ ਹਾਲਾਤ ਦੇਖੇ, ਉਨ੍ਹਾਂ ਵਿਚੋਂ ਵੀ ਨਿਪਟ ਰੁਮਾਂਟਕ ਤੇ ਲਿਜ਼ਲਿਜੇ ਬਿਆਨ ਦੀ ਸੰਭਾਵਨਾ ਨਹੀਂ ਸੀ।

ਵੱਖਰੀ ਕਿਸਮ ਦੇ ਗੀਤ ਹਨ ਹੁੰਦਲ ਦੇ। ਕੰਨਾਂ ਨੂੰ ਆਦਤ ਪਾਣੀ ਪਏਗੀ ਕੁਝ ਵੱਖਰਾ ਸੁਣਨ ਦੀ। ਉਹ ਵੱਖਰਾ ਜੋ ਇਨ੍ਹਾਂ ਗੀਤਾਂ ਵਿਚ ਹੈ। ਹਾਕਮ ਜਮਾਤਾਂ ਦੀਆਂ ਲੋਕ-ਵਿਰੋਧੀ ਨੀਤੀਆਂ, ਬੇਗੁਨਾਹਾਂ ਦੇ ਕਤਲ, ਪੁਲੀਸ ਦੇ ਜ਼ੁਲਮ, ਭੈਅ ਤੇ ਆਤੰਕ, ਲੋਕ ਹਿਤੂ ਵਿਚਾਰਾਂ ਦਾ ਸੋਚ ਸਮਝ ਕੇ ਚਲਾਕੀ ਨਾਲ ਕੀਤਾ ਦਮਨ ਅਤੇ ਭਾਂਤ ਭਾਂਤ ਦੀਆਂ ਜੁਗਤਾਂ ਦੁਆਰਾਂ ਜਨ-ਸਾਧਾਰਨ ਨੂੰ ਜੀਵਨ ਦੀ ਵਾਸਤਵਿਕਤਾ ਦੀ ਪਛਾਣ ਤੋਂ ਦੂਰ ਰੱਖਣ ਦੇ ਉਪਰਾਲੇ। ਇਹ ਮਸਲੇ ਗੰਭੀਰ ਹਨ। ਵਾਰਤਕ ਦੇ ਮਸਲੇ ਹਨ, ਪਰ ਇਨ੍ਹਾਂ ਨੂੰ ਕੇਵਲ ਵਾਰਤਕ ਤੀਕ ਸੀਮਿਤ ਰੱਖਣਾ ਹੁੰਦਲ ਨੂੰ ਪ੍ਰਵਾਨ ਨਹੀਂ। ਉਸ ਨੇ ਇਨ੍ਹਾਂ ਨੂੰ ਗੀਤਾਂ ਦੀ ਜ਼ੁਬਾਨ ਦਿੱਤੀ ਹੈ ਅਤੇ ਇਸ ਕਾਰਜ ਵਿਚ ਉਹ ਸਫ਼ਲ ਵੀ ਹੋਇਆ ਹੈ।

ਇਕ ਸੌ ਦੇ ਕਰੀਬ ਇਸ ਪੁਸਤਕ ਦੇ ਗੀਤਾਂ ਵਿਚ ਗਾਏ ਜਾਣ ਦੀ ਯੋਗਤਾ ਪੱਖੋਂ ਕੋਈ ਕਮੀ ਨਹੀਂ। ਰੁਮਾਂਟਕ ਰੰਗ ਦੇ ਗੀਤ ਵੀ ਹਨ ਇਨ੍ਹਾਂ ਵਿਚ ਪਰ ਉਹ ਵੀ ਸਾਹਿਤਕ ਰੁੱਚੀ ਵਾਲੇ। ਸਾਧਾਰਨ ਇੰਦ੍ਰਿਆਵੀ ਰਸ-ਕਸ ਦੁਆਲੇ ਪਰਿਕਰਮਾਂ ਕਰਨ ਵਾਲੇ ਨਹੀਂ। ਇਸ ਸੰਗ੍ਰਹਿ ਦੇ ਪਹਿਲੇ ਚਾਰ ਗੀਤਾਂ ਵਿਚ ਅੰਮ੍ਰਿਤਾ-ਮੋਹਨ ਸਿੰਘ ਦੇ ਰੁਮਾਂਟਿਕ/ਸਾਹਿਤਕ ਗੀਤਾਂ ਵਾਲਾ ਮੁਹਾਵਰਾ ਤੇ ਸ਼ਬਦਾਵਲੀ ਸਾਫ਼ ਪਛਾਣੇ ਜਾ ਸਕਦੇ ਹਨ-

ਅੰਗਿਆਰਾਂ ਤੇ ਤੁਰਦੇ ਹੋਏ
ਲੰਘ ਆਏ ਹਾਂ ਵਾਟ ਹਿਜਰ ਦੀ
ਨੈਣੀ ਖਿੜੀਆਂ ਸੱਜ ਬਹਾਰਾਂ
ਛੱਬ ਨਾ ਜਾਵੇ ਝੱਲੀ ਹੋ।
ਆਖਰ ਪੁੱਗੇ ਕੌਲ ਇਸ਼ਕ ਦੇ
ਸੂਰਜ ਧਰਤੀ ਦੇ ਸਿਰ ਉੱਤੋਂ
ਕਿਰਨਾਂ ਮੋਤੀ ਵਾਰਦਾ।



ਇਸ ਰੰਗ ਤੋਂ ਛਾਲ ਮਾਰ ਕੇ ਹੱਕ ਸੱਚ ਲਈ ਲੜਣ ਗਏ ਮਾਹੀ ਦੇ ਵਿਛੋੜੇ ਵਿਚ ਤੜਫਦੀ ਨਾਰ ਦੇ ਦੁਖਾਂ ਨੂੰ ਜ਼ੁਬਾਨ ਦੇਣ ਲੱਗਦਾ ਹੈ ਹੁੰਦਲ ਵਿਚਲਾ ਗੀਤਕਾਰ! ਇਹ ਮੁਟਿਆਰ ਆਪਣੇ ਮਾਹੀ ਨੂੰ ਆਪਣੇ ਆਦਰਸ਼ਾਂ ਤੋਂ ਭਟਕਾਂਦੀ ਨਹੀਂ, ਉਨ੍ਹਾਂ ਨਾਲ ਜੁੜੇ ਰਹਿਣ ਲਈ ਉਤਸ਼ਾਹਿਤ ਕਰਦੀ ਹੈ।

ਜੇਲ੍ਹ ਵਿਚੋਂ ਦਿਲ ਛੱਡ ਕੇ
ਮੰਗਾਂ ਭੁੱਲ ਕੇ ਪਰਤ ਨਾ ਆਵੀਂ
ਨੱਕ ਜਾਊ ਮੇਰਾ ਵੱਢਿਆ
ਵੇਖੀਂ ਕੋਈ ਕਮਜ਼ੋਰੀ ਨਾ ਵਿਖਾਵੀਂ
ਰੱਤ ਪੀਣਾ ਰਾਜ ਚੰਦਰਾ
ਸਦ ਕਾਇਮ ਨਾ ਇਸ ਤਰ੍ਹਾਂ ਰਹਿਣਾ...

ਪੰਜਾਬ ਨੂੰ ਲੱਗੀ ਅੱਗ ਬੁਝਾਣ ਦੀ ਚਾਰਾਗਰੀ ਵੀ ਉਸ ਦੇ ਗੀਤਾਂ ਦਾ ਫ਼ਿਕਰ ਹੈ। ਉਹ ਸਾਂਝੇ ਸੰਘਰਸ਼ ਲਈ ਪ੍ਰੇਰਦਾ ਹੈ-

ਉੱਠੋ ਰਲ ਪੰਜਾਬੀਉ, ਕੋਈ ਕਰੀਏ ਹੀਲਾ
ਮਾਰਾਂ ਖਾਂਦੇ ਰਹਾਂਗੇ ਹੋ ਤੀਲਾ ਤੀਲਾ
ਵਿਚ ਹਨ੍ਹੇਰੇ ਸਾਂਝ ਦੇ ਦੀਪਕ ਰੁਸ਼ਨਾਓ
ਲੱਗੀ ਅੱਗ ਪੰਜਾਬ ਨੂੰ ਕੋਈ ਪਾਣੀ ਪਾਓ।

ਪੰਜਾਬ ਬਾਰੇ ਉਸ ਦੇ ਗੀਤਾਂ ਵਿਚ ਗਿਲੇ ਵੀ ਹਨ ਤੇ ਗਲਤ ਕਾਰੀਆਂ ਵਿਰੁੱਧ ਲੜਣ ਦਾ ਅਜ਼ਮ ਵੀ। ਹਾਲਾਤ ਦਾ ਧਿਆਨ ਵੀ ਜੋ ਕਈ ਰੰਗਾਂ ਵਿਚ ਸਾਕਾਰ ਹੋਇਆ ਹੈ।

ਸਾਡੀ ਝੋਲੀ ਵਿਚ ਹੈ ਚੰਦ, ਹਥੇਲੀ ਸੂਰਜ ਧਰਦੇ ਹਾਂ।
ਅਸੀਂ ਲੈ ਕਿਰਨਾਂ ਦੇ ਰੰਗ ਉਮੰਗਾਂ ਰੰਗਣ ਆਏ ਹਾਂ,
ਅਸੀਂ ਹਰ ਦਰਵਾਜ਼ੇ ਨਵੀਆਂ ਆਸਾਂ ਟੰਗਣ ਆਏ ਹਾਂ।...

ਕੌਣ ਵਿਹੜਿਆਂ 'ਚ ਇੰਝ ਸੇਹ ਦੇ ਤੱਕਲੇ ਧਰੇ
ਪਗਡੰਡੀਆਂ ਤੇ ਕੌਣ ਟੂਣੇ ਚੰਦਰੇ ਕਰੇ।
ਖਿੜੇ ਸਾਂਝਿਆਂ ਬਨੇਰਿਆਂ ਤੇ ਚੰਦ ਚਾਹੀਦੇ
ਕਦੇ ਦਿਲ ਦਰਵਾਜ਼ੇ ਨਹੀਂ ਬੰਦ ਚਾਹੀਦੇ
ਵਗੇ ਦੋਸਤੀ ਦੀ ਪੌਣ, ਸਾਹ ਸੁਗੰਧੀਆਂ ਭਰੇ।...

ਆਓ ਪੁੱਛੀਏ, ਸੰਗੀਨਾਂ ਨੂੰ ਸਵਾਲ ਪੁੱਛੀਏ
ਆਓ ਮਾਵਾਂ ਕੋਲੋਂ ਬੱਚਿਆਂ ਦਾ ਹਾਲ ਪੁਛੀਏ
ਕਿਉਂ ਨਹੀਂ ਬੋਲਦੀ ਵੇ ਭਾਈ ਮਰਦਾਨਿਆ ਰਬਾਬ
ਆਓ ਬੈਠੀਏ ਤੇ ਹਉਕਿਆਂ ਦਾ ਕਰੀਏ ਹਿਸਾਬ।

ਮੈਂ ਅਕਸਰ ਲਿਖਦਾ ਰਹਿੰਨਾ ਹਾਂ ਤੇ ਲਿਖਦਾਂ ਰੀਝ ਸਵੇਰੇ ਦੀ
ਮੈਂ ਲੱਖਾਂ ਗੱਲਾਂ ਜਰ ਜਾਨਾਂ, ਨਾ ਜਰਦਾਂ ਗੱਲ ਹਨੇਰੇ ਦੀ,

ਮੈਂ ਬਰਫ਼ ਵਾਂਗਰਾਂ ਖੁਰ ਸਕਦਾਂ, ਤੇ ਪਾਣੀ ਵਾਂਗੂ ਵਹਿ ਸਕਦਾਂ
ਮੈਂ ਨਦੀ ਖ਼ੂਨ ਦੀ ਤਰ ਸਕਦਾਂ, ਪਰ ਚੁੱਪ ਕਦੇ ਨਹੀਂ ਰਹਿ ਸਕਦਾ।
ਮੇਰੇ ਸੱਜੇ ਖੱਬੇ ਲਾਸ਼ਾਂ ਨੇ, ਮੈਂ ਏਨਾਂ ਕੁਝ ਨਹੀਂ ਰਹਿ ਸਕਦਾ।

ਲੋਕ ਵੇਖ ਸੀ ਮੁਸਾਫਰਾਂ ਨੂੰ ਚਾਹ ਪੁਛਦੇ
ਨਹੀਂ ਡਰਦੇ ਬੁਲਾਉਂਦੇ ਅੱਜ ਰਾਹ ਪੁਛਦੇ
ਪੌਣ ਗਲੀਆਂ 'ਚੋਂ ਲੰਘਦੀ ਸਰੀਰ ਡੰਗਦੀ
ਕਦੀ ਆਣ ਸੀ ਸਵੇਰ ਸਾਡਾ ਬੂਹਾ ਰੰਗਦੀ
ਅੱਜ ਆਵੇ ਅਖਬਾਰ ਸਾਨੂੰ ਸੂਲੀ ਟੰਗਦੀ।

ਅਸਾਂ ਚਿਰਾਂ ਬਾਦ ਆਪਣਾ ਗਰਾਂ ਵੇਖਿਆ
ਗਿਆ ਜ਼ਰਾ ਨਾ ਪਛਾਣਿਆ ਜੋ ਥਾਂ ਵੇਖਿਆ
ਹੋਇਆ ਰੌਣਕਾਂ ਦਾ ਰੰਗ ਸੀ ਅਲੋਪ ਤੱਕਿਆ
ਅਸੀਂ ਗਲੀ ਗਲੀ ਘੁੰਮਦਾ ਕਰੋਪ ਤੱਕਿਆ
ਹੋਇਆ ਧੁੰਦਲਾ ਚੁਗਾਂਠ ਉਤੋਂ ਨਾਂ ਵੇਖਿਆ।...

ਹੁੰਦਲ ਦੇ ਗੀਤਾਂ ਵਿਚ ਬੜੀ ਥਾਈਂ ਲੋਕ ਗੀਤਾਂ ਦੇ ਮੁਖੜੇ ਹਨ। ਲੋਕ ਗੀਤਾਂ, ਸੂਫੀ ਤੇ ਕਿੱਸਾ ਕਾਵਿ ਦੇ ਮੁਹਾਵਰੇ ਦੀ ਗਹਿਰੀ ਛਾਪ ਹੈ।

ਵੇਖ ਤੇਰੇ ਸ਼ਹਿਰ ਘਰ ਘਰ ਵਿਰਲਾਪੇ ਨੀ
ਗਲੀਆਂ ਮੁਹੱਲਿਆਂ ਨੂੰ ਲੱਗਿਆ ਸਰਾਪ ਕੀ
ਹਰ ਮੋੜ ਉਤੇ ਘੁੰਮਦੇ ਲੰਡੋਰ ਨੀ ਸੱਸੀਏ ਬੇਖਬਰੇ
ਤੇਰਾ ਲੁੱਟ ਲਿਆ ਸ਼ਹਿਰ ਭੰਬੋਰ ਕੀ ਸੱਜੀਏ ਬੇਖ਼ਬਰੇ।..

ਏਹ ਸਾਡਾ ਗੀਤ ਆਖਰੀ, ਅਸਾਂ ਫੇਰ ਨਾ ਪਰਤ ਕੇ ਆਉਣਾ
ਮਿੱਤਰਾਂ ਤੇ ਗੱਲ ਛੱਡ ਤੀ, ਅਸਾਂ ਜੋਗੀਆਂ ਦਰਦ ਕੀ ਗਾਉਣਾ।

ਗੀਤਾਂ ਦਾ ਵਣਜਾਰਾ ਫਿਰਦਾ
ਹੋਕਾ ਦਿੰਦਾ ਗਲੀ ਗਲੀ
ਖਬਰੇ ਕੀ ਉਸ ਟੂਣਾ ਕੀਤਾ
ਪੱਥਰ ਹੋਈ ਖਲੀ ਖਲੀ।

ਚੁੱਪ ਦੀ ਰੁੱਤੇ ਜਾਂ ਮੈਂ ਤੁਰਦਾ, ਨਾਲ ਤੁਰੇ ਪਰਛਾਵਾਂ ਹੂ
ਇਸ ਪਰਛਾਵੇਂ ਦੇ ਭੈਅ ਥੱਲੇ, ਡੋਲ ਡੋਲ ਮੈਂ ਜਾਵਾਂ ਹੂ।

ਕੀ ਕੀ ਦੱਸੀਏ ਤੇ ਕਿਵੇਂ ਸਾਰੇ ਭੇਤ ਖੋਲ੍ਹੀਏ
ਕਦੇ ਬੈਠੀਏ ਤੇ ਬੀਤੇ ਦੀ ਕਿਤਾਬ ਖੋਲੀਏ।



ਕੂੰਜਾਂ ਉੱਠ ਚੱਲੀਆਂ, ਪਿਛੋਂ ਲੱਭਦੇ ਪਏ ਪਰਛਾਂਵਾਂ
ਵਿਹੜੇ ਪਤੇ ਪਾਈਏ ਚਿੱਠੀਆਂ, ਕੋਈ ਦੱਸ ਨ ਗਈਆਂ ਸਿਰਨਾਵਾਂ।

ਜਿਹੜੇ ਘਰ ਉਤਰੇ ਕਲੇਸ਼ ਵੰਡਦੀ
ਤਾਰਿਆਂ ਨੂੰ ਗਲੀ ਗਲੀ ਫਿਰੇ ਭੰਡਦੀ
ਲਹੂ ਭਾਰੀ ਚੁੱਕ ਕੇ ਪਰਾਤ ਆਈ ਆ
ਕੋਟਲਾ ਛਪਾਕੀ ਜੁੰਮੇ ਰਾਤ ਆਈ ਆ
ਕਿਥੇ ਕਿਥੇ ਘੁੰਮਦੀ ਕੁਜਾਤ ਆਈ ਆ।...

ਲੋਰੀਆਂ ਜੀ ਲੋਰੀਆਂ
ਬੱਚਿਆਂ ਸਰਾਣੇ ਪਈਆਂ
ਦੁੱਧ ਤੇ ਕਟੋਰੀਆਂ।

ਬੱਤੀ ਬਾਲ ਕੇ ਬਨੇਰੇ ਉੱਤੇ ਧਰੀਏ ਜੀ
ਐਵੇਂ ਆਪਣੇ ਹਨੇਰ ਤੋਂ ਨਾ ਡਰੀਏ ਜੀ।...

ਸਾਡੇ ਤਾਂ ਦਰਦ ਅਵੱਲੇ
ਤੁਰਦੇ ਤੁਰਦੇ ਮਿੱਤਰ ਥੱਕੇ
ਆਪਾਂ ਫੇਰ ਇਕੱਲੇ।...

ਮੁੱਲਾਂ ਜੀ, ਤੁਸਾਂ ਕਿੰਨੇ ਕਹਿਰ ਗੁਜ਼ਾਰੇ
ਸੌ ਦਰਜੇ ਨੇ ਨੇਕ ਤੁਹਾਥੋਂ
ਕਾਫ਼ਰ ਤਖਤ ਹਜ਼ਾਰੇ।...

ਬੁੱਲ੍ਹਿਆ, ਚੁੱਪ ਦੀ ਆਦਤ ਪਾ
ਇਕ ਚੁੱਪ ਤੇ ਸੁੱਖ ਅਨੇਕਾਂ
ਬੋਲਣ ਨਿਰਾ, ਖਪਾਅ...।

ਉਪਰੋਕਤ ਗੀਤਾਂ ਵਿਚ ਬੁੱਲ੍ਹੇ ਤੇ ਬਾਹੂ ਦਾ ਪਰਛਾਵਾਂ ਸਾਫ਼ ਪਛਾਣਿਆ ਜਾ ਸਕਦਾ ਹੈ। ਸੱਸੀ ਤੇ ਕਿੱਸਾ ਕਾਵਿ ਦੀਆਂ ਹੋਰ ਨਾਇਕਾਵਾਂ ਦੇ ਅਪ੍ਰੋਖ ਹਵਾਲੇ ਇਨ੍ਹਾਂ ਗੀਤਾਂ ਨੂੰ ਵਿਸ਼ਾਲ ਲੋਕ-ਸਾਹਿਤਕ ਪਰਿਪੇਖ ਵਿਚ ਟਿਕਾਂਦੇ ਹਨ। ਲੋਰੀਆਂ ਤੇ ਕੋਟਲਾ-ਛਪਾਕੀ ਦੀਆਂ ਲੋਕ-ਕਾਵਿ ਬਣਤਰਾਂ ਤੇ ਖੇਡ-ਕਾਵਿ ਦੀ ਸਹਿਜ ਵਰਤੋਂ ਇਨ੍ਹਾਂ ਵਿਚਲੇ ਗੰਭੀਰ ਵਸਤੂ ਨੂੰ ਲੋਕ-ਮਾਨਸ ਨਾਲ ਜੋੜਣ ਦਾ ਸੁਚੇਤ ਉਦਮ ਹੁੰਦਲ ਦੀ ਸਾਹਿਤ-ਯੋਗਤਾ ਦਾ ਪ੍ਰਮਾਣ ਹੈ।

ਹੁੰਦਲ ਦੇ ਇਸ ਗੀਤ ਸੰਗ੍ਰਹਿ ਵਿਚ ਮਾਰਕਸਵਾਦੀ ਵਿਚਾਰਧਾਰਾ ਨਾਲ ਉਸ ਦੀ ਭਾਵੁਕ ਸਾਂਝ ਦੇ ਪ੍ਰਮਾਣ ਵੀ ਹਨ। ਇਹ ਗੀਤ ਮਾਰਕਸੀ ਕ੍ਰਾਂਤੀਕਾਰੀਆਂ ਦਾ ਸੰਘਰਸ਼-ਗੀਤ ਨਹੀਂ ਤਾਂ ਹੋਰ ਕੀ ਹੈ-

ਤੇਰੀ ਸ਼ਾਨ ਵੇਖ ਵੇਖ ਕੇ ਅਮੀਰ ਕੰਬਦੇ

ਬਾਹਰੋਂ ਅੰਦਰੋਂ ਨੇ ਉਨ੍ਹਾਂ ਦੇ ਸਰੀਰ ਕੰਬਦੇ
ਵਾਰ ਵੈਰੀਆਂ ਦੇ ਵਾਸਤੇ ਤੂੰ ਢਾਲ ਝੰਡਿਆ
ਝੁੱਲ ਝੰਡਿਆ ਤੂੰ ਕਾਮਿਆਂ ਦੇ ਲਾਲ ਝੰਡਿਆ
ਤੇਰਾ ਰੰਗ ਜਿਵੇਂ ਡੁੱਲ੍ਹਿਆ ਗੁਲਾਲ ਝੰਡਿਆ...

ਲੋਕ ਹਿਤਾਂ ਲਈ ਸੰਘਰਸ਼ ਕਰਨ ਵਾਲਾ ਕਾਫ਼ਲਾ ਹੁਣ ਬਿਨਾਂ ਸਿਪਾਹ ਸਾਲਾਰ ਦੇ ਹੈ। ਬੁਧੀਜੀਵੀ ਮੰਡੀ ਵਿਚ ਆ ਖਲੋਤਾ ਹੈ। ਸਿਆਸਤ ਦੀ ਜਾਦੂਗਰਨੀ ਕੇ ਸਾਰਿਆਂ ਨੂੰ ਆਪਣੀਆਂ ਜੁਗਤਾਂ ਦੇ ਮਾਇਆ ਜਾਲ ਵਿਚ ਉਲਝਾ ਲਿਆ ਹੈ। ਆਮ ਆਦਮੀ ਨੂੰ ਤਾਂ ਜਿਵੇਂ ਕੋਈ ਹੋਸ਼ ਹੀ ਨਹੀਂ। ਅਜੇਹੇ ਮਾਹੌਲ ਵਿਚ ਸਾਰਥਕ, ਸਵੱਛ, ਸਾਹਿਤਕ ਤੇ ਉਦੇਸ਼-ਪੂਰਨ ਗੀਤ ਲਿਖਣਾ, ਪੜ੍ਹਨਾ ਗਾਉਣਾ ਕਿਸੇ ਸੂਰਮਗਤੀ ਤੋਂ ਘੱਟ ਨਹੀਂ। ਹੁੰਦਲ ਦੇ ਹਿੱਸੇ ਆਈ ਹੈ ਇਹ ਸੂਰਮਗਤੀ।

*(ਸਾਬਕਾ ਪ੍ਰੋਫ਼ੈਸਰ ਅਤੇ ਡੀਨ ਅਕਾਦਮਿਕ ਮਾਲੇ ਪੰ.ਯੂ.ਪ , ਪਟਿਆਲਾ)*
*ਹਾਊਸ ਨੰ. 2, ਸਟਰੀਟ ਨੰ. 9,*
*ਗੁਰੂ ਨਾਨਕ ਨਗਰ, ਪਟਿਆਲਾ*

* * *

## ਸੂਖ਼ਮ ਅਹਿਸਾਸਾਂ ਦੀ ਸ਼ਾਇਰੀ :
## (ਭਰਿਆ ਹੈ ਮੇਰਾ ਅਸਮਾਨ)

*—ਡਾ. ਰਵਿੰਦਰ*

ਆਧੁਨਿਕ ਪੰਜਾਬੀ ਕਵਿਤਾ ਦੇ ਖੇਤਰ ਵਿਚ ਵਿਲੱਖਣ ਸਥਾਨ ਰੱਖਣ ਵਾਲਾ ਸ਼ਾਇਰ ਹੈ ਡਾ. ਰਵਿੰਦਰ। ਕਿੱਤੇ ਵਜੋਂ ਬੱਚਿਆਂ ਦਾ ਮਾਹਿਰ ਡਾਕਟਰ ਰਵਿੰਦਰ ਮਨੁੱਖੀ ਰਿਸ਼ਤਿਆਂ ਦੇ ਗਹਿਨ ਸੰਬੰਧਾਂ ਨੂੰ ਡੂੰਘੀ ਦ੍ਰਿਸ਼ਟੀ ਨਾਲ ਵੇਖਣ ਦੀ ਸਮਰੱਥਾ ਰੱਖਦਾ ਹੈ। ਉਹ ਪਿਛਲੇ ਸਾਢੇ ਤਿੰਨ ਦਹਾਕਿਆਂ ਤੋਂ ਨਿਰੰਤਰ ਸ਼ਾਇਰੀ ਨਾਲ ਜੁੜਿਆ ਹੈ। ਇਨਾਮਾਂ ਸਨਮਾਨਾਂ ਦੇ ਜੁਗਾੜਾਂ ਤੋਂ ਨਿਰਲੇਪ ਆਪਣੇ ਕਿੱਤੇ ਤੇ ਕਵਿਤਾ ਸੰਗ ਵਿਚਰਦਾ ਉਹ ਇਕ ਕੋਮਲ-ਚਿੱਤ ਅਤੇ ਸੁਆਰਥਹੀਣ ਸ਼ਖ਼ਸੀਅਤ ਸਾਬਤ ਹੁੰਦਾ ਹੈ। ਉਸ ਦੀ ਕਵਿਤਾ ਸਮਾਜਕ ਵਿਸੰਗਤੀਆਂ ਖਿਲਾਫ਼ ਧੀਮੀ ਸੁਰ ਵਿਚ ਵਿਰੋਧ ਪ੍ਰਗਟ ਕਰਦੀ ਹੈ। 'ਭਰਿਆ ਹੈ ਮੇਰਾ ਅਸਮਾਨ' ਉਸ ਦਾ ਸਤਵਾਂ ਕਾਵਿ-ਸੰਗ੍ਰਹਿ ਹੈ। ਡਾ. ਰਵਿੰਦਰ ਖੁੱਲੀ ਕਵਿਤਾ ਦੇ ਰਚੇਤਾ ਵਜੋਂ ਸਥਾਪਤ ਹੁੰਦਾ ਹੈ। ਉਸ ਦੀ ਕਵਿਤਾ ਵਿਚੋਂ ਉਸ ਦੀ ਗੰਭੀਰ ਸ਼ਖ਼ਸੀਅਤ ਰੂਪਮਾਨ ਹੁੰਦੀ ਹੈ। ਮਨ ਦੀਆਂ ਵੇਦਨਾਵਾਂ ਦਾ ਵਰਨਣ ਕਰਦਾ ਹੋਇਆ ਉਹ ਲਿਖਦਾ ਹੈ-

ਬੇਸ਼ਕ ਰੋਜ਼ ਹੀ ਮੇਰੇ ਅੰਦਰੋਂ
ਉੱਡ ਉੱਡ ਜਾਂਦੇ
ਲੱਖਾਂ ਪੰਛੀ
ਭਰ ਦੇਂਦੇ ਸਾਰਾ ਆਕਾਸ਼
ਫਿਰ ਵੀ ਮੈਂ, ਖ਼ਾਲੀ ਨਾ ਹੋਵਾਂ
ਨਾ ਖ਼ਾਲੀ ਮੇਰਾ ਅਸਮਾਨ (ਪੰਨਾ 10)

ਮਨੁੱਖੀ ਰਿਸ਼ਤਿਆਂ ਵਿਚ ਪੈ ਰਹੀ ਫਿਕ ਅਤੇ ਇਕ ਦੂਜੇ ਤੋਂ ਅੱਗੇ ਲੰਘਣ ਦੀ ਦੌੜ ਨੇ



ਮੁਹੱਬਤ ਦੀ ਥਾਂ ਨਫ਼ੇ ਨੁਕਸਾਨ ਉਪਰ ਅਜੋਕੇ ਮਨੁੱਖ ਨੂੰ ਕੇਂਦਰਿਤ ਕਰ ਦਿੱਤਾ ਹੈ। ਸਾਡੇ ਰੋਲ ਮਾਡਲ ਨਿੱਤ ਬਦਲਦੇ ਰਹਿੰਦੇ ਹਨ, ਅਜਿਹੀ ਹੀ ਇਕ ਕਵਿਤਾ ਵਿਚ ਕਵੀ ਲਿਖਦਾ ਹੈ-

ਜਦ ਬਾਪੂ ਨੂੰ
ਪੁੱਤ ਦੇ ਨਾਂ ਨਾਲ ਜਾਣਿਆ ਜਾਂਦਾ
ਜਦ ਉਸਨੂੰ ਸਮਝਾਉਣਾ ਪੈਂਦਾ
ਅੱਜ ਦੇ ਸਮੇਂ ਮੁਤਾਬਕ
ਉੱਠਣਾ ਬਹਿਣਾ ਖਾਣਾ ਪੀਣਾ
ਜਦੋਂ ਪਿਤਾ ਦੀ ਭੋਗ ਰਸਮ 'ਤੇ
ਉਸਦੀ ਥਾਂ 'ਤੇ, ਪੁੱਤ ਦੇ ਸੋਹਲੇ ਗਾਏ ਜਾਂਦੇ
ਜਦੋਂ ਉਸਦੇ ਜੀਵਨ ਦੀ
ਇਕੋ ਇਕ ਕਮਾਈ, ਸਾਨੂੰ ਪੈਦਾ ਕਰਕੇ
ਪਾਲ ਪੋਸ ਕੇ, ਉੱਚੇ ਅਹੁਦੇ ਤੱਕ ਪਹੁੰਚਾਉਣਾ ਦੱਸੀ ਜਾਂਦੀ।

(ਪੰਨਾ 33)

ਕਵੀ ਸਮਾਜ ਵਿਚੋਂ ਜੋ ਗ੍ਰਹਿਣ ਕਰਦਾ ਹੈ, ਉਸੇ ਅਨੁਭਵ ਨੂੰ ਆਪਣੀ ਵਿਧਾ ਰਾਹੀਂ ਪੇਸ਼ ਕਰਦਾ ਹੈ। ਉਹ ਸਮਾਜ ਅਤੇ ਸੰਸਥਾਵਾਂ ਵਲੋਂ ਰਚੇ ਜਾ ਰਹੇ ਪਾਖੰਡ/ਢੌਂਗ ਤੋਂ ਪਰਦਾ ਚੁੱਕਦਾ ਹੈ। ਕਵਿਤਾ ਦੀ ਅਸਲ ਸ਼ਕਤੀ ਨੂੰ ਪਛਾਣਦਾ ਹੈ। ਇਸ ਪੁਸਤਕ ਵਿਚਲੀਆਂ ਮਹੱਤਵਪੂਰਨ ਕਵਿਤਾ- ਬੱਚੇ ਬਣੇ ਰਹਿਣਾ, ਮਾਂ ਉਦਾਸ ਹੈ, ਮਾਵਾਂ ਦਾ ਕੈਲੰਡਰ, ਬਦਲਦੇ ਰੋਲ ਮਾਡਲ, ਸਿਉਂਕ, ਸ਼ਾਹੀਨ, ਨ੍ਹੇਰੀ ਆ ਗਈ ਜੇ, ਬੇਗ਼ਮਪੁਰਾ, ਵਾਰਿਸ ਕਵਿਤਾ ਦੇ, ਪੁੱਠਾ ਗੇੜ ਆਦਿ ਹਨ। ਕਵੀ ਦੀ ਸ਼ਾਇਰੀ ਸਮਾਜਕ ਸਰੋਕਾਰਾਂ ਅਤੇ ਮਨੁੱਖੀ ਜ਼ਿੰਦਗੀ ਨੂੰ ਕਲਾਤਮਕ ਸੂਝ ਨਾਲ ਬਿਆਨ ਕਰਦੀ ਹੈ। ਇਸ ਸਾਰੀ ਸ਼ਾਇਰੀ ਵਿਚੋਂ ਰਾਜਸੀ ਸੁਰ/ਵਿਚਾਰ ਲਗਭਗ ਗੈਰ ਹਾਜ਼ਰ ਰਹਿੰਦਾ ਹੈ। ਫਿਰ ਵੀ ਕਵੀ ਨੇ ਬਦਲਦੇ ਸਮਾਜਕ ਰਾਜਸੀ ਪ੍ਰਸੰਗਾਂ ਅਧੀਨ ਇਨਸਾਨੀ ਰਿਸ਼ਤਿਆਂ ਵਿਚ ਆ ਰਹੀ ਤਬਦੀਲੀ ਨੂੰ ਕਾਵਿ-ਰਚਨਾ ਦਾ ਮੁੱਦਾ ਬਣਾਇਆ ਹੈ। ਉਸ ਦਾ ਕਾਵਿ-ਰੰਗ ਨਵਾਂ ਤੇ ਮੌਲਿਕ ਹੈ।

*-ਡਾ. ਹਰਪ੍ਰੀਤ ਸਿੰਘ ਹੁੰਦਲ*

* * *

**ਭਾਰਤੀ ਸਾਹਿਤ ਅਕਾਦਮੀ,**
**ਨਵੀਂ ਦਿੱਲੀ ਵੱਲੋਂ ਡਾ. ਜਸਵਿੰਦਰ ਸਿੰਘ ਦੇ**
**ਨਾਵਲ "ਮਾਤ ਲੋਕ" ਨੂੰ ਐਵਾਰਡ ਮਿਲਣ**
**ਤੇ ਅਦਾਰਾ ਚਿਰਾਗ਼ ਵੱਲੋਂ ਵਧਾਈ!**

*ਇੱਕ ਟਿੱਪਣੀ*

# ਸੁਹਿਰਦ ਤੇ ਅਲੋਕਾਰ ਕਵੀ ਗੁਰਦਿਆਲ ਪੱਲ੍ਹਾ

*–ਹਰਭਜਨ ਸਿੰਘ ਹੁੰਦਲ*

ਮੈਂ ਪਿਛਲੇ ਪੰਜਾਹ ਸਾਲਾਂ ਤੋਂ ਗੁਰਦਿਆਲ ਪੱਲ੍ਹਾ ਨੂੰ ਜਾਣਦਾ ਹਾਂ। ਸਠਿਆਲਾ, ਬੁਤਾਲਾ ਤੇ ਬਾਬਾ ਬਕਾਲਾ ਮੇਰੀਆਂ ਸਾਂਝ ਤੇ ਰਿਸ਼ਤੇਦਾਰੀਆਂ ਦੇ ਪਿੰਡ ਹਨ। ਇਹਨਾਂ ਪਿੰਡਾਂ ਦੇ ਲੇਖਕਾਂ ਅਤੇ ਖੱਬੇਪੱਖੀ ਦਾਨਸ਼ਵਰਾਂ ਨੂੰ ਮੈਂ ਬਹੁਤ ਨੇੜੇ ਤੋਂ ਜਾਣਦਾ ਹਾਂ। ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ, ਵਿਚਲੇ ਨਵੇਂ ਲੇਖਕਾਂ ਨਾਲ ਅਕਸਰ ਹੀ ਮੇਰਾ ਸੰਪਰਕ ਬਣਿਆ ਰਿਹਾ ਹੈ। ਸਠਿਆਲੇ ਸ. ਬਘੇਲ ਸਿੰਘ ਬੱਲ ਰਹਿੰਦਾ ਹੈ। ਬੁਤਾਲੇ-ਕੰਮੋਕੇ ਗੁਰਦਿਆਲ ਬੱਲ ਪੱਤਰਕਾਰ ਦਾ ਪਿੰਡ ਹੈ, ਜਿਸਨੂੰ ਵੰਨ-ਸਵੰਨੀਆਂ ਅਤੇ ਦੁਰਲੱਭ ਪੁਸਤਕ ਖਰੀਦ ਅਤੇ ਤਲਾਸ਼ ਕਰਕੇ, ਪਾਠਕਾਂ ਨੂੰ ਪੜ੍ਹਾਉਣ ਦਾ ਅਜੀਬ ਜੇਹਾ ਜਨੂੰਨ ਹੈ।

ਨਹਿਰ ਕੰਢੇ ਇਸੇ ਇਲਾਕੇ ਵਿਚ ਹੀ ਗੁਰਦਿਆਲ ਪੱਲਾ ਦਾ ਪਿੰਡ ਪੱਲ੍ਹਾ ਹੈ। ਸਾਰੀ ਉਮਰ ਉਸਨੇ ਸਠਿਆਲੇ ਦੇ ਹਾਈ ਸਕੂਲ ਵਿਚ ਨੌਕਰੀ ਕੀਤੀ ਹੈ। ਇਲਾਕੇ ਦੇ ਗੌ. ਸਠਿਆਲਾ ਕਾਲਜ ਵਿਚ ਪੜ੍ਹਦੇ ਸਮੇਂ ਉਸਨੂੰ ਸਾਹਿਤ ਪੜ੍ਹਨ ਤੇ ਕਵਿਤਾ ਲਿਖਣ ਦਾ ਸ਼ੌਕ ਜਾਗਿਆ, ਇਹ ਸ਼ੌਕ ਜਨੂੰਨ ਬਣ ਗਿਆ, ਜੋ ਅੱਜ ਤੀਕ ਉਸਦੇ ਸਿਰ ਚੜ੍ਹ ਕੇ ਬੋਲਦਾ ਹੈ। ਉਹ ਅਣਥੱਕ ਹੈ ਤੇ ਹਰ ਸਾਹਿਤਕ ਸਮਾਗਮ ਵਿਚ ਪਹੁੰਚ ਜਾਂਦਾ ਹੈ। ਹੁਣ ਤੀਕ ਉਸਦੇ ਛੇ ਕਾਵਿ-ਸੰਗ੍ਰਹਿ ਛਪ ਚੁੱਕੇ ਹਨ।

ਉਸਦਾ ਕਾਵਿ-ਸਫ਼ਰ 1994 ਤੋਂ ਸ਼ੁਰੂ ਹੋਇਆ ਸੀ ਜੋ ਹੁਣ ਤੀਕ ਜਾਰੀ ਹੈ। 'ਅੱਖਾਂ ਵਿਚ ਤਰਦਾ ਗ਼ਮ' (1994), 'ਹਰਫ਼ਾਂ ਦੀ ਖ਼ੁਸ਼ਬੂ' (1998), ਮਿੱਟੀ ਰੰਗੇ ਸੁਪਨੇ (2001), ਮੇਰਾ ਕੋਈ ਅਨੁਪਾਤ ਨਹੀਂ (2003), 'ਰਿਸ਼ਤਿਆਂ ਦੀ ਮਹਿਕ' (2010), ਤੇ ਹੁਣ ਛੇਵਾਂ ਕਾਵਿ ਸੰਗ੍ਰਹਿ 'ਸੁਪਨਿਆਂ ਦਾ ਜਜ਼ੀਰਾ' (2014)।

ਨਵੀਂ ਪੁਸਤਕ ਛਪਣ ਉੱਤੇ ਉਸਨੇ ਕਦੇ ਕਿਸੇ ਸਾਹਿਤ-ਸਭਾ ਨੂੰ ਉਸ ਉੱਤੇ ਗੋਸ਼ਟੀ ਕਰਨ ਲਈ ਨਹੀਂ ਆਖਿਆ ਹੋਣਾ। ਜਦੋਂ ਮਿਲੇ ਉਹ ਆਪਣੀ ਨਵੀਂ ਪੁਸਤਕ ਦਿੰਦਾ ਹੈ। ਬਿਨਾਂ ਮੰਗਿਆਂ ਚਿਰਾਗ਼ ਦਾ ਚੰਦਾ ਦਿੰਦਾ ਹੈ ਤੇ ਕਦੇ ਹਿਸਾਬ ਨਹੀਂ ਪੁੱਛਿਆ। ਉਸਨੇ ਕਦੇ ਨਵੀਂ ਕਿਤਾਬ ਦਾ ਕੋਈ ਰੀਲੀਜ਼ ਸਮਾਗਮ ਨਹੀਂ ਕੀਤਾ। ਮੈਂ ਉਸਦੀਆਂ ਇਹਨਾਂ ਛਪੀਆਂ ਪੁਸਤਕਾਂ ਦੇ ਰੀਵੀਉ ਛਾਪੇ ਵੀ ਨਹੀਂ ਵੇਖੇ। ਉਸ ਬਾਰੇ ਸੋਚਦਿਆਂ ਮੈਂ ਕਈ ਵਾਰ ਹੈਰਾਨ ਹੁੰਦਾ ਹਾਂ ਕਿ ਇਹ ਕੈਸਾ ਕਵੀ ਤੇ ਕੈਸਾ ਬੰਦਾ ਹੈ, ਜਿਸਨੂੰ ਜੇ ਫਿਕਰ ਹੈ ਤਾਂ ਨਵਾਂ-ਸੰਗ੍ਰਹਿ ਛਪਵਾਉਣ ਦੀ ਹੁੰਦੀ ਹੈ, ਪਰ ਆਪਣਾ ਨਾਂ ਪਰਮੋਟ ਕਰਨ ਦੀ ਕੋਈ ਚਿੰਤਾ ਨਹੀਂ ਹੁੰਦੀ। ਅਸਲ ਵਿਚ ਉਹ ਦਰਵੇਸ਼ ਇਨਸਾਨ ਹੈ। ਉਸਨੇ ਕਦੇ ਕਿਸੇ ਕਵੀ-ਦਰਬਾਰ ਵਿਚ ਕਵਿਤਾ ਪੜ੍ਹਨ ਲਈ ਕੋਈ ਚਿੱਟ ਨਹੀਂ ਭੇਜੀ। ਨਾ ਹੀ ਕਦੇ ਕੋਈ ਉਚੇਚਾ ਉਪਰਾਲਾ ਹੀ ਕੀਤਾ ਹੁੰਦਾ।

ਐਤਕੀਂ ਬਾਬਿਆਂ ਦੇ ਮੇਲੇ ਉੱਤੇ ਜਲੰਧਰ ਵਿਚ ਉਸਨੇ ਜਦੋਂ ਮੈਨੂੰ ਆਪਣਾ ਸੱਜਰਾ ਕਾਵਿ-ਸੰਗ੍ਰਹਿ ਦਿੱਤਾ ਤਾਂ ਮੈਂ ਪੁੱਛਿਆ "ਭਲਿਆ ਲੋਕਾ! ਇਸ ਉੱਤੇ ਕਿੰਨਾ ਖਰਚ ਆਇਆ ਹੈ" ਤਾਂ ਕਹਿਣ ਲੱਗਾ, "ਸਤਾਰਾਂ ਹਜ਼ਾਰ"! ਮੈਂ ਪੁਸਤਕ ਫਰੋਲ ਕੇ ਉਸਦੇ ਪੰਨੇ ਗਿਣੇ ਤਾਂ 86 ਸਨ। ਏਨੇ ਪੰਨਿਆਂ ਦਾ ਸਮੁੱਚਾ ਖਰਚਾ ਸਤਾਰਾਂ ਹਜ਼ਾਰ! ਮੈਂ ਕਈ ਦਿਨ ਉਸ ਬੰਦੇ ਦੇ ਸਿਰੜ ਸਿਦਕ ਅਤੇ ਸਮਰਪਣ ਭਾਵਨਾ ਬਾਰੇ ਸੋਚਦਾ ਰਿਹਾ। ਉਸਨੂੰ ਕੋਈ ਚਿੰਤਾ ਨਹੀਂ ਸੀ, ਏਨੇ ਪੈਸੇ ਖਰਚਣ ਦੀ ਤੇ ਨਾ ਹੀ ਪੁਸਤਕ ਬਾਰੇ ਚਰਚਾ ਜਾਂ ਗਿਆਨ-ਗੋਸ਼ਟੀ ਕਰਵਾਉਣ ਦੀ। ਉਸਨੇ ਭੂਮਿਕਾ ਵਜੋਂ ਵਧ



ਕੇਵਲ ਅੱਧਾ ਪੰਨਾ ਹੀ ਲਿਖਿਆ ਤੇ ਕਿਸੇ ਦੋਸਤ ਵਿਦਵਾਨ ਕੋਲੋਂ ਕੋਈ ਲੰਮੀ ਚੌੜੀ ਭੂਮਿਕਾ
ਵੀ ਨਹੀਂ ਲਿਖਵਾਈ ਸੀ। ਭੂਮਿਕਾ ਦੇ ਸ਼ਬਦਾਂ ਵਿਚ ਉਹ ਲਿਖਦਾ ਹੈ, "ਮੈਂ ਅਜੇ ਵੀ ਆਪਣੇ
ਆਪ ਨੂੰ ਸਿਖਾਂਦਰੂ ਹੀ ਮੰਨਦਾ ਹਾਂ। ਕਵਿਤਾ ਦੇ ਖੇਤਰ ਵਿਚ ਮੈਂ ਅਜੇ ਪੂਣੀ ਵੀ ਨਹੀਂ ਕੱਤੀ।
ਇਸਦੇ ਬਾਵਜੂਦ ਮੈਂ ਆਪਣੀ ਲਿਖਤ ਪ੍ਰਕਿਰਿਆ ਦੇ ਖੇਤਰ ਵਿਚ ਆਪਣਾ ਨਗੂਣਾ ਜਿਹਾ
ਯੋਗਦਾਨ ਪਾ ਰਿਹਾ ਹਾਂ।"

ਮੈਂ ਉਸਦੀ ਨਿਰਮਾਣਤਾ ਵੇਖ ਵੇਖ ਹੈਰਾਨ ਹੁੰਦਾ ਹਾਂ। ਉਸਨੇ ਕਦੇ ਸ਼ਿਕਾਇਤ ਨਹੀਂ ਕੀਤੀ
ਕਿ ਛੇ ਕਾਵਿ-ਪੁਸਤਕਾਂ ਲਿਖਣ ਦੇ ਬਾਵਜੂਦ ਉਸ ਦੀ ਕਦੇ ਚਰਚਾ ਕਿਉਂ ਨਹੀਂ ਹੋਈ। ਉਸਦਾ
ਕੋਈ ਕਾਵਿ-ਜੁੱਟ ਨਹੀਂ। ਉਹ ਬਿਨਾਂ ਸੱਦਿਆਂ ਵੀ ਲਾਗਲੇ ਜ਼ਿਲ੍ਹਿਆਂ ਦੇ ਸਾਹਿਤ-ਸਮਾਗਮਾਂ
ਉੱਤੇ ਪਹੁੰਚ ਜਾਂਦਾ ਹੈ, ਪਰ ਉਸ ਕਦੇ ਬੋਲਣ ਲਈ ਚਿੱਟਾਂ ਨਹੀਂ ਘੱਲੀਆਂ। ਉਸ ਦਾ ਕੋਈ
ਰਾਜਨੀਤਕ ਜਾਂ ਸਾਹਿਤਕ ਸਰਕਲ ਵੀ ਨਹੀਂ ਹੈ। ਉਸਦੀ ਪ੍ਰਤੀਬੱਧਤਾ ਕੇਵਲ ਕਵਿਤਾ ਨਾਲ ਹੈ।

ਉਹ ਖੁੱਲ੍ਹੀ ਕਵਿਤਾ ਲਿਖਦਾ ਹੈ। ਉਸਦੀ ਸਮੁੱਚੀ ਕਵਿਤਾ ਵਿਚ, ਇੱਕ ਵੀ ਕਵਿਤਾ
ਛੰਦ-ਬੱਧ ਨਹੀਂ। ਉਸਦੀ ਕਵਿਤਾ ਵਿਚ ਬੜੀ ਧੀਮੀਂ ਸੁਰ ਵਾਲਾ ਤਾਲ ਹੁੰਦਾ ਹੈ। ਕਿਤੇ ਕਿਤੇ
ਉਹ ਕਾਫੀਆ ਮੇਲਣ ਦਾ ਯਤਨ ਵੀ ਕਰਦਾ ਹੈ ਪਰ ਇਸ ਖੇਤਰ ਵਿਚ ਉਸਦਾ ਸਾਰਾ ਯਤਨ
ਨਿਰਉਚੇਚ ਹੀ ਹੁੰਦਾ ਹੈ। ਉਸ ਦੇ ਕਾਵਿ-ਅਨੁਭਵਾਂ ਦਾ ਘੇਰਾ ਬਹੁਤ ਹੱਦ ਤੀਕ ਨਿੱਜੀ ਹੁੰਦਾ
ਹੈ। ਸ਼ਾਇਦ ਇਹ ਹੀ ਕਾਰਨ ਹੈ ਕਿ ਉਸਦਾ ਕੋਈ ਨਿਸਚਿਤ ਪਾਠਕ-ਵਰਗ ਪੈਦਾ ਨਹੀਂ ਹੋ
ਸਕਿਆ। ਪਰ ਉਸ ਨੇ ਕਦੇ ਇਸ ਬਾਰੇ ਕੋਈ ਸ਼ਿਕਾਇਤ ਵੀ ਨਹੀਂ ਕੀਤੀ। ਇੰਝ ਪ੍ਰਤੀਤ ਹੁੰਦਾ ਹੈ
ਜਿਵੇਂ ਉਹ ਕਿਸੇ ਪਿਛਲੇ ਲੰਘ ਚੁੱਕੇ ਸਮੇਂ ਦਾ ਜੀਵ ਹੈ ਜੋ ਅਜੋਕੇ ਸਮੇਂ ਨਾਲ ਇੱਕ ਮਿੱਕ ਨਹੀਂ
ਹੋ ਰਿਹਾ।

ਉਸਦੇ ਸਾਹਮਣੇ ਉਸ ਦੇ ਸਮਕਾਲੀ ਲੇਖਕ ਤੇ ਕਵੀ ਕਵਿਤਾ ਦੀ ਪੁਸਤਕ ਛਪਵਾਉਣ
ਵੇਲੇ ਵੀਹ ਪਾਪੜ ਵੇਲਦੇ ਹਨ। ਕਈ ਕਈ ਭੂਮਿਕਾਵਾਂ ਲਿਖਦੇ ਲਿਖਵਾਉਂਦੇ ਹਨ ਤੇ ਪੁਸਤਕ
ਛਪਣ ਉੱਤੇ, ਹੋਟਲਾਂ ਤੇ ਵਿਆਹ-ਮਹੱਲਾਂ ਵਿਚ ਵੱਡੇ ਵੱਡੇ ਜਸ਼ਨ ਕਰਦੇ ਹਨ। ਕਈ ਉਸਦੇ
ਸਮਕਾਲੀ ਲੇਖਕ ਅਜੇਹੇ ਵੀ ਹਨ, ਜੋ ਖ਼ੁੱਦ ਹੀ ਗਲਾਂ ਵਿਚ ਢੋਲ ਪਾ, ਸਾਹਿਤਕ ਸ਼ੋਰ ਅਥਵਾ
ਪ੍ਰਦੂਸ਼ਣ ਪੈਦਾ ਕਰਦੇ ਹਨ ਕਿ ਦਰਸ਼ਕ ਵੇਖ ਕੇ ਹੈਰਾਨ ਹੁੰਦਾ ਹੈ ਕਿ ਇਹ ਕਿਤਾਬ ਦੀ ਘੁੰਡ-
ਚੁਕਾਈ ਹੋ ਰਹੀ ਹੈ ਜਾਂ ਕਿਸੇ ਮੁੰਡੇ ਦਾ ਛੁਹਾਰਾ ਪੈ ਰਿਹਾ ਹੈ। ਉਹ ਚੁੱਪ-ਚਾਪ ਇਹ ਸਾਰਾ ਕੁਝ
ਵੇਖਦਾ ਹੈ ਤੇ ਮੂੰਹੋਂ ਸੀ ਨਹੀਂ ਕਰਦਾ। ਇੰਝ ਹੀ ਨਵੀਆਂ ਛਪੀਆਂ ਪੁਸਤਕਾਂ ਉੱਤੇ ਗੋਸ਼ਟੀਆਂ
ਹੁੰਦੀਆਂ ਵੇਖ, ਉਹ ਹੈਰਾਨ ਤਾਂ ਹੁੰਦਾ ਹੈ, ਪਰ ਪ੍ਰਭਾਵਤ ਨਹੀਂ ਹੁੰਦਾ। ਇੰਝ ਹੀ ਰੀਵੀਊ ਕਰਨ
ਕਰਾਉਣ ਦੀ ਬੀਮਾਰੀ ਇਸ ਹੱਦ ਤੀਕ ਵਧ ਚੁੱਕੀ ਹੈ ਕਿ ਨਿਰਪੱਖ ਤੇ ਨਵੇਂ ਲੇਖਕ ਨੂੰ ਪਤਾ ਹੀ
ਨਹੀਂ ਲਗਦਾ ਕਿ ਸਾਰਾ-ਰੀਵੀਊਤੰਤਰ ਪਹੁੰਚ ਵਾਲੇ ਲੇਖਕਾਂ ਦੀ ਮੁੱਠੀ ਵਿਚ ਬੰਦ ਹੋ ਚੁੱਕਾ ਹੈ,
ਤੇ ਸੰਤੁਲਤ ਰਾਏ ਪ੍ਰਾਪਤ ਕਰਨੀ ਤੁਹਾਡੇ ਉੱਦਮ ਤੇ ਹਿੰਮਤ ਉੱਤੇ ਹੋ ਗਈ ਹੈ।

ਇਹ ਸਾਰੀ ਪ੍ਰਕਿਰਿਆ ਵੇਖ ਤੇ ਅਨੁਭਵ ਕਰਕੇ ਗੁਰਦਿਆਲ ਪੱਲ੍ਹਾ ਹੈਰਾਨ ਤੇ ਪ੍ਰੇਸ਼ਾਨ ਹੋ
ਜਾਂਦਾ ਹੈ ਤੇ ਆਖਦਾ ਹੈ, ਵੱਡੇ ਭਾਈ ਮੈਂ ਬਾਜ ਆਇਆ ਅਜੇਹੇ ਅਡੰਬਰਾਂ ਤੋਂ।

ਸੋ ਭਾਈ ਜਾਨ ਉਹ ਕਵਿਤਾ ਲਿਖੀ ਜਾਂਦਾ ਤੇ ਛਪਵਾਈ ਜਾਂਦਾ ਹੈ। ਬਾਕੀ ਦੇ ਛੜਯੰਤਰ
ਤੋਂ ਉਹ ਉੱਕਾ ਨਾਵਾਕਫ ਹੈ।

ਗੁਰਦਿਆਲ ਪੱਲ੍ਹਾ ਦੀ ਸਮੁੱਚੀ ਕਵਿਤਾ ਦਾ ਸਧਾਰਨ ਪਾਠ ਭਾਵੇਂ ਸੁਹਜਾਤਮਕ ਪੱਖ ਤੋਂ
ਝੱਟਪਟ ਪ੍ਰਭਾਵਤ ਕਰਨ ਵਾਲਾ ਨਾ ਵੀ ਹੋਵੇ, ਪਰ ਉਹ ਆਲੇ-ਦੁਆਲੇ ਦੀਆਂ ਗੁੰਝਲਦਾਰ
ਸਥਿਤੀਆਂ ਅਤੇ ਭਾਵੁਕ, ਆਰਥਕ ਸੰਕਟਾਂ ਨਾਲ ਖਹਿਣ ਦੀ ਸੁਚੇਤ ਕੋਸ਼ਿਸ਼ ਕਰਦਾ ਹੈ ਤੇ ਪੂਰੀ
ਸੁਹਿਰਦਤਾ ਨਾਲ ਕਰਦਾ ਹੈ। ਪੇਂਡੂ ਕਵੀ ਹੋਣ ਦੇ ਬਾਵਜੂਦ ਉਹ ਮਨੁੱਖ ਦੇ ਸਦੀਵੀ ਸੰਕਟਾਂ ਨੂੰ

ਸੰਬੋਧਨ ਹੁੰਦਾ ਪਾਠਕ ਦੀ ਸੋਚ ਨੂੰ ਝੰਜੋੜਦਾ, ਆਪਣੇ ਮਾਰਗ ਉੱਤੇ ਅਡੋਲ ਤੁਰਿਆ ਜਾਂਦਾ ਹੈ। ਉਸ ਵਿਚ ਪਛਤਾਵਾ ਤੇ ਨਿਰਾਸਤਾ ਕਿਤੇ ਨਹੀਂ। ਉਹ ਜ਼ਿੰਦਗੀ ਦੇ ਗੰਭੀਰ ਮੁੱਦਿਆਂ ਨਾਲ ਖਹਿ ਸਕਦਾ ਹੈ। ਇਸ ਪ੍ਰਸੰਗ ਵਿਚ ਉਸਦੇ ਸੱਜਰੇ ਕਾਵਿ-ਸੰਗ੍ਰਹਿ ਦੀ ਕਵਿਤਾ ਢੱਗਾ ਵੇਖਣ ਵਾਲੀ ਹੈ, ਜਿਸ ਵਿਚ ਢੱਗਾ ਪ੍ਰਤੀਕ ਨੂੰ ਉਹ ਅੰਤ ਤੀਕ ਨਿਭਾਉਂਦਾ ਹੈ-

ਢੱਗਾ ਹਾਂ ਮੈਂ
ਫਰਜ਼ਾਂ ਦੇ ਰੇੜ੍ਹੇ ਜੁੱਪਾ, ਢੋਅ ਰਿਹਾ ਹਾਂ
ਸਰਾਪੀ ਹੋਈ ਜ਼ਿੰਦਗੀ ਦਾ
ਅਣਚਾਹਿਆ ਜਿਹਾ ਭਾਰ।
ਹੋਰ ਵੀ ਬੜਾ ਕੁਝ ਕਰ ਰਿਹਾ ਹਾਂ।
ਫਿਰ ਵੀ ਖਾ ਰਿਹਾ ਹਾਂ
ਸਿਤਮ ਦੀ ਬੇਥਵੀ ਮਾਰ।
ਰਹਿ ਗਈਆਂ ਨੇ, ਇਸ ਜੀਵਨ ਦੀਆਂ
ਕਈ ਗਰਜ਼ਾਂ ਅਧੂਰੀਆਂ।
ਜੋ ਸਾਰੀ ਉਮਰ, ਕਦੇ ਨਾ ਹੋਈਆਂ ਪੂਰੀਆਂ।
ਫਿਰ ਵੀ, ਫੁੱਲਾਂ ਵਰਗੇ ਸੁਪਨੇ ਲੈ ਕੇ
ਮਹਿਕ ਦਾ ਅਹਿਸਾਸ ਹੰਢਾਉਂਦਾ ਹਾਂ
ਖੜੋਤ ਨਹੀਂ
ਮੈਂ ਤਾਂ ਸਫ਼ਰ ਹੀ ਚਾਹੁੰਦਾ ਹਾਂ। (ਪੰਨਾ 83)

## ਪੁਸਤਕ ਪ੍ਰਾਪਤੀ

1. ਖਜ਼ਾਨਾ (ਕਵਿਤਾ) ਮਹਿੰਦਰ ਮਾਨ
   ਸੁਰਜੀਤ ਲਿਟਰੇਰੀ ਬੁੱਕ ਸ਼ਾਪ
2. ਮੇਰੇ ਪ੍ਰੀਤਮ ਜੀਓ (ਕਵਿਤਾ) ਸਤਨਾਮ ਔਲਖ
   ਆਜ਼ਾਦ ਬੁੱਕ ਡਿੱਪੂ, ਅੰਮ੍ਰਿਤਸਰ
3. ਸਬਾਲਟਰਨ (ਖੋਜ ਨਿਬੰਧ) ਹਰਪ੍ਰੀਤ ਕੌਰ ਬੰਸ
   ਸੰਗਮ ਪਬਲੀਕੇਸ਼ਨ, ਪਟਿਆਲਾ
4. ਬਿੱਲੀਆਂ ਅੱਖਾਂ ਦਾ ਜਾਦੂ (ਕਹਾਣੀਆਂ)
   ਜਸਵੀਰ ਸਿੰਘ ਰਾਣਾ,
   ਪੰਜਾਬੀ ਸਾਹਿਤ ਪਬਲੀਕੇਸ਼ਨ, ਸੰਗਰੂਰ
5. (ਉਸਤਾਦ ਦਾਮਨ-ਜੀਵਨ ਤੇ ਰਚਨਾ)
   ਸੰਪਾਦਕ ਹਰਭਜਨ ਸਿੰਘ ਹੁੰਦਲ,
   ਪੰਜਾਬੀ ਯੂਨੀਵਰਸਿਟੀ, ਪਟਿਆਲਾ-ਮੁੱਲ 150/-
6. ਪਿੰਗਲ ਤੇ ਅਰੂਜ਼ ਸੰਦਰਭ ਕੋਸ਼,
   ਲੇਖਕ - ਸੁਲੱਖਣ ਸਰਹੱਦੀ
   ਪੰਜਾਬੀ ਯੂਨੀਵਰਸਿਟੀ, ਪਟਿਆਲਾ-ਮੁੱਲ 760/-















ਪ੍ਰਾਪਤ ਪੁਸਤਕਾਂ :

-ਮੜਈ 2014, ਰਾਵਤ ਨਾਚ ਮਹੋਤਸਵ ਸਮਿਤੀ ਦਾ ਪ੍ਰਕਾਸ਼ਨ, ਬਿਨਾਂ ਕੀਮਤ ਵੰਡਣ ਲਈ, ਬਨਿਆਪਾੜਾ, ਜੂਨਾ ਵਿਲਾਸਪੁਰ ਛਤੀਸਗੜ੍ਹ - 495001
-ਪੰਜਾਬੀ ਲੋਕਗੀਤਾਂ ਵਿਚ ਦੁਆਬੀ ਸਭਿਆਚਾਰ ਦਾ ਰੂਪਾਂਤਰਣ, ਯੂਨੀਸਟਾਰ ਬੁਕਸ, ਚੰਡੀਗੜ੍ਹ
-ਇੰਦਰਜੀਤ ਨੰਦਨ, ਯਸ਼ੋਧਰਾ, ਪਾਵਸੀ ਪ੍ਰਕਾਸ਼ਨ
-ਜਸਵੀਰ ਰਾਣਾ, ਬਿੱਲੀਆਂ ਅੱਖਾਂ ਦਾ ਜਾਦੂ (ਕਹਾਣੀ ਸੰਗ੍ਰਹਿ), ਪੰਜਾਬੀ ਸਾਹਿਤ ਪਬਲਿਕੇਸ਼ਨਜ਼
-ਜਨਮੀਤ ਡਾ., ਉਸ ਪਹਾੜੀ ਸ਼ਹਿਰ ਵਿਚ(ਕਵਿਤਾ), ਚੇਤਨਾ ਪ੍ਰਕਾਸ਼ਨ ਲੁਧਿਆਣਾ
-ਨਿਸ਼ਾਨ ਸਿੰਘ, ਪੰਜਾਬੀ ਸੂਫੀ ਕਾਵਿ ਵਿਚ ਵਿਯੋਗੇ ਮਨੱਖ ਦਾ ਸੰਕਲਪ (ਆਲੋਚਨਾ),ਪਆਬ ਪ੍ਰਕਾਸ਼ਨ ਜਲੰਧਰ
-ਭੋਲਾ ਸਿੰਘ ਸੰਘੇੜਾ, ਇਹ ਜੰਗ ਕੌਣ ਲੜੇਗਾ(ਕਹਾਣੀ ਸੰਗ੍ਰਹਿ), ਲੋਕ ਰੰਗ ਪ੍ਰਕਾਸ਼ਨ ਬਰਨਾਲਾ
-ਬਲਬੀਰ ਕੌਰ ਰੀਹਲ (ਪ੍ਰੋ.), ਵਿਛੜ ਗਿਆ ਭਰਾਵੋ ਮੇਲਾ(ਲੋਕਧਾਰਾ), ਗੋSL ਪ੍ਰਕਾਸ਼ਨ ਲੁਧਿਆਣਾ
-ਹਰਦੀਪ ਸਿੰਘ ਦੀਪ, ਸ਼ੁਰੂਆਤ(ਕਹਾਣੀ ਸੰਗ੍ਰਹਿ), ਯੂਨੀਸਟਾਰ ਬੁੱਕਸ, ਚੰਡੀਗੜ੍ਹ
-ਖਾਲਿਦ ਹੁਸੈਨ, ਸੂਲਾ ਦਾ ਸਾਲਣੁ (ਕਹਾਣੀ ਸੰਗ੍ਰਹਿ), ਚੇਤਨਾ ਪ੍ਰਕਾਸ਼ਨ, ਲੁਧਿਆਣਾ
-ਮੋਨੋਜੀਤ,ਸਿਫ਼ਰ ਤੋਂ ਅੱਗੇ (ਕਾਵਿ ਸੰਗ੍ਰਹਿ), ਹਾਈ ਬਰੋ ਪਬਲਿਕੇਸ਼ਨਜ਼, ਜੰਮੂ
-ਮੋਨੋਜੀਤ(ਡਾ.), ਤੇਰੇ ਦੇਸ ਦੀ ਬੁੱਕ ਲੈ ਬੈਠਾ(ਵਿਅੰਗ ਕਹਾਣੀ ਸੰਗ੍ਰਹਿ) ਨੈਸ਼ਨਲ ਬੁੱਕ ਸ਼ਾਪ, ਦਿੱਲੀ
-ਧਿਆਨ ਸਿੰਘ ਸ਼ਾਹ ਸਿਕੰਦਰ, ਤਾ ਕਿ ਸਨਦ ਰਹੇ (ਵਾਰਤਕ), ਸਾਤਵਿਕ ਪੁਸਤਕਾਂ, ਦੀਨਾਨਗਰ ਗੁਰਦਾਸਪੁਰ

Chirag Quarterly ISSN 2349-3658 OCTOBER - DECEMBER 2015
Registered with the Registrar of News-Papers of India No. PUN-PUN 0 2276/AL/TC94


# ਨਵੀਂ ਦੁਨੀਆਂ

ਕੈਨੇਡਾ ਵਿਚ ਪੰਜਾਬੀ ਪੱਤਰਕਾਰੀ ਦੀਆਂ ਨਵੀਆਂ
ਪੈੜਾਂ ਪਾਉਣ ਵਾਲੀ ਅਖ਼ਬਾਰ

"ਨਵੀਂ ਦੁਨੀਆਂ"

ਤੀਸਰੇ ਵਰ੍ਹੇ ਵਿਚ ਪ੍ਰਵੇਸ਼ ਮੌਕੇ

**ਚਿਰਾਗ਼** ਦੇ ਪਾਠਕਾਂ ਲਈ

ਸ਼ੁੱਭ-ਇੱਛਾਵਾਂ

**ਸੰਪਾਦਕੀ-ਮੰਡਲ ਜਸਵੀਰ ਦਿਓਲ,**
**ਨਵਤੇਜ ਰਾਣਾ, ਦਲਬੀਰ ਸਾਂਗਿਆਣ**

**ਸਲਾਹਕਾਰ -**

ਕਿਰਤਮੀਤ ਕੁਹਾੜ,

ਜੈਸੀ ਸਿੰਘ ਕੈਲਗਰੀ (ਐਡਮਿੰਟਨ) ਕੈਨੇਡਾ

**ਸੰਪਰਕ : 780-465-9118**

**ਐਡਮਿੰਟਨ (ਐਲਬਰਟਾ) ਕੈਨੇਡਾ**

Info@naviduniya.com